

THIS BOOK BELONGS
TO THE LIBRARY OF
Dr. Trilochan Singh
Anurag Singh

ਸੁਖਮਨ ਮਾਰਗ
ਗੁਰਤ ਨਾਮਾ ਭਾਈ ਚਰਨ ਸਿੰਘ

ਸੰਤ ਸੰਪੂਰਨ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

(M)
Q-14
153F3;3
52
THIS BOOK BELONGS
TO THE LIBRARY OF
Dr. Trilochan Singh
Anurag Singh

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ।

"ਗੁਰ ਕਹਿਆ ਸਾ ਕਾਰ ਕਮਾਵਹੁ ਸੁਧ

ਸ੍ਰੀ ਬਹਾਦਰ

# ਸੁ ...ਰਮ ਮਾਰਗ ਸਾਧੀਸੀ

ਗੋਸ਼ਟ ਮੁਸਲਮਾਨੀ ਰਾਜ ਦੇ ਦਬਾਉ

ਸ੍ਰੀ ਦਸਮੇਸ਼ ਕਲਗੀਧਰ ਪਿ ਵਿਧਾਨ

ਮੁਖ ਪਜਾਰੇ ਭਾਈ ਦਯਾ ਪਾਣੀ ( ਪੀਨਹਾਰੇ ਪੁਰਖ)

ਸ੍ਰੀਕ

## ਸੰਤ ਸੰਪੂਰਨ ਇਹ

ਬਣਿਆ ਰਹੇ

ਕ੍ਰਿਤ ਵਿਪਣੀ ... (ਰੋਟੀ..... ...

ਜਿਸ ਵਿਚ ਸ੍ਰੀ ਗੁਰੂ ਗੋਬਿੰਦ ...ਜਾ ਹੈ ॥ ਹੋਯਾ ਹੈ ॥)

ਵਾਲੀਏ ਪੰਥ ਦੀਆਂ ਪਸਿ... ਸਿਘ ਸੱਜਣਾਂ ਸਿੰਘ ਸਜਨਾਂ

ਸਮੂਹ ਰੈਹਤ ...

| | | | |
|---|---|---|---|
| | ਪਿ | ਛਕਾਵਨ | |
| ਦ੍ਹਾਂ ... | ਪ | ਹਿਨਾ | ਬਿਨਾਂ |
| ... | ੨ | ਤੇਰਾ ਤੇ | ਤੇ ਤੇਰਾ |
| ੬ | ੪ | ਪੁਰਏ | ਪੂਰਬ |
| ੯੯ | ਨੋਟ ੬ | ਸਾਧ ਦੀਆਂ | ਸਾਧਦੀਆਂ |
| ੯੦ | ਨੋਟ ਹੇਠੋਂ ੨ | ਵਜੇ ਹੋਣ | ਵੰਜੇ ਹੋਣ |

Digitized by Panjab Digital Library | www.panjabdigilib.org

(M)
Q-:4
153F31;3
SL

Digitized by Panjab Digital Library | www.panjabdigilib.org

# ਸੁਧੀ ਪੱਤ੍ਰ

| ਸਫਾ | ਸਤ੍ਰ | ਅਸੁਧ | ਸੁਧ |
|---|---|---|---|
| ੨੯ | ਹੇਠੋਂ ੪ | ਦਹਾਦਰ | ਬਹਾਦਰ |
| ੪੨ | ਨੋਟ ੩-੪ | ਸਾਧੀ | ਸਾਧੀਸੀ |
| ੪੨ | ਨੋਟ ੩-੪ | ਦਬਾਉ | ਮੁਸਲਮਾਨੀ ਰਾਜ ਦੇ ਦਬਾਉ |
| ੪੬ | ੫ | ਵਿਦ੍ਵਾਨ | ਵਿਧਾਨ |
| ੪੬ | ੬ | ਪਾਨੀ | ਪਾਣੀ (ਪੀਨਹਾਰੇ ਪੁਰਖ) |
| ੫੨ * | ੧ | ਇਹਤਾਂ | ਇਹ |
| ੫੩ | ਨੋਟ ੪ | ਬਣੇ | ਬਣਿਆ ਰਹੇ |
| ੬੩ | ਨੋਟ ੪ | ਰੋਟੀ ਹੋਯਾ ਹੈ ॥ | (ਰੋਟੀ...... ... ਹੋਯਾ ਹੈ ॥) |
| ੭੦ | ਨੋਟ ੬ | ਸ਼ਿਘ ਸੱਜਣਾਂ | ਸਿਘ ਸਜਣਾਂ |
| ੭੯ | ਹੇਠੋਂ ੨ | ਛੁਕਾਵਨ | |
| ੮੦ | ੫ | ਹਿਨਾ | ਬਿਨਾਂ |
| [illegible]੩ | ੨ | ਤੇਰਾ ਤੇ | ਤੇ ਤੇਰਾ |
| [illegible]੬ | ੪ | ਪੁਰਏ | ਪੂਰਬ |
| ੮੯ | ਨੋਟ ੬ | ਸਾਧ ਦੀਆਂ | ਸਾਧਦੀਆਂ |
| ੯੦ | ਨੋਟ ਹੇਠੋਂ ੨ | ਵਜੇ ਹੋਣ | ਵੰਜੇ ਹੋਣ |

Digitized by Panjab Digital Library | www.panjabdigilib.org

| | | | | |
|---|---|---|---|---|
| ੯੨ | ਨੋਟ | ੪ | ਪੁਰ ਦਿਲਦਾਯਾਲੂ | ਪਰ ਦਿਲਦਾ ਦਜ਼ਾਲੂ |
| ੧੦੧ | | ੫ | ਮਿਈ | ਮਿਟੀ |
| ੧੦੨ | ਨੋਟ | ੩ | ਵਾਸਤੂ | ਵਸਤੂ |
| ੧੧੮ | ਨੋਟ | ੩ | ਸ੍ਵਾਸਥਾਨਾਂ | ਕਿੰਤੂ ਸ੍ਵਸਥਤਾ |
| ੧੪੮ | ਨੋਟ | ੩-੪ | ਪੈਰਕ ਹੀ | ਪੈਰ ਕੀਹ |
| ੧੪੮ | ਨੋਟ | ੫-੬ | ਮੋਏ ਹੋਏਹਨ ਸੋ | -------- |
| ੧੪੯ | | ੧ | ਦੀ ਤਰਾਂ | ਦੀ ਤਰਾਂ ਏਨਾਂ ਦੇ |
| ੧੫੧ | | ੯ | ਅੰਗੀਕਾਰ ਨ | ਅੰਗੀਕਾਰਨ |
| ੧੫੩ | | ੩ | ਗਲ | ਲਗ |
| ੧੫੩ | | ੬ | ਬਨਿਅ: | ਬਨਾਇਆ |
| ੧੫੪ | ਨੋਟ | ੧ | ਜਪ ਮੰਤ੍ਰ ਦਾ | ਜਪ ਮੰਤ੍ਰ ਦੇ ਮੁਖੋਂ |
| ੧੫੫ | | ੯ | ਬਰਹਮਚ ਰਜ | ਬ੍ਰਹਮ ਚਰਜ |
| ੧੫੬ | | ੫ | ਹੋਢੈ | ਹੋਵੈ |
| ੧੫੬ | ਨੋਟ | ੧੦ | ਜੋ | ਅਲਬੱਤਾ ਜਿਹੜਾ |
| ੧੬੭ | | ੧੩ | ਘਤ | ਘਟ |
| ੧੬੯ | | ੯ | ਮ੍ਰਿਤ ਕਾ ਜਲ | ਮ੍ਰਿਤਕਾ ਜਲ |
| ੧੭੧ | ਨੋਟ | ੧ | ਸੁਧ ਬਾਣੀ | ਜੋ ਸੁਧ ਬਾਣੀ |
| ੧੮੪ | | ੩ | ਸਰਥ | ਸਰਬ |
| ੧੯੦ | ਨੋਟ | ੩ | ਨੇਸ | ਨੇਮ |
| ੧੯੦ | ਨੋਟ | ੩ | | 'ਤਿਨ' ਦੀ ਜਗਾ 'ਨਿਤ' ਪਾਠ ਭੀ ਹੋ ਸਕਦਾ ਹੈ |
| ੧੯੫ | * | ੪ | ਪਰ | ਜੜ੍ਹ |

Digitized by Panjab Digital Library | www.panjabdigilib.org

| | | | |
|---|---|---|---|
| ੧੯੫ * | ੪ | ਮਾਤ੍ਰ ਭੀ | ਮਾਤ੍ਰ ਭੀ । ਅਲਬੱਤਾ ਤ੍ਰਿਯਾ ਦਰਸਨ ਵਿਵ-ਰਜਿਤ ਤਾਂ ਕੋਈ ਟਾਵੇਂ ਟਾਵੇਂ ਹੀ ਮਿਲ ਸਕਦੇ ਹਨ ॥ |
| ੨੦੯ | ੧ | ਉਪਜੇ | ਉਪਜਜੋ |
| ੮੪੧ | ੧ | (ਤਸ) | (ਤਿਸ) |
| ੨੪੪ | ੧੧ | ਕੁਪੱਤਤਾ | ਕੁਮੱਤਤਾ |
| ੧੭੫ | ੧੪ | ਨਿਸਦਾਯ | ਨਿਸਚਯ |
| ੧੮੦ | ੫ | ਸਾਤਕ | ਸਾਕਤ |
| ੧੯੩ | ੩ | ਕਰਕਾ | ਕਰ ਕਾ |
| ੨੬੨ | ੧੧ | ਧਜਾਨ ਮੰਡਲੀ | ਧਜਾਨ ਮੰਡਲ |
| ੨੬੬ | ੩ | ਦੇਖ ਕਰੀ | ਦੇਖ ਤਰਕ ਕਰੀ |
| ੨੬੮ | ੬ | ਤਕਿਆ | ਤੋ ਕਿਆ |

ਲਾਇਬ੍ਰੇਰੀ
ਭਾਈ ਮੋਹਨ ਸਿੰਘ ਜੀ ਵੈਦ
ਤਰਨ ਤਾਰਨ

Digitized by Panjab Digital Library | www.panjabdigilib.org

# ਪ੍ਰਕਾਸ਼ਕ ਵੱਲੋਂ ਬੇਨਤੀ

ਪਿਆਰੇ ਗੁਰਮੁਖੋਂ ਏਹ ਪੁਸਤਕ ਸੁਧਰਮ ਮਾਰਗ ਬਹੁਤ ਪੁਰਾਤਨ ਗ੍ਰੰਥ ਹੈ ਤੇ ਜਿਸ ਕਿਸੇ ਪਾਸ ਸੀ ਓਹ ਦੇਨਾ ਤਾਂ ਕਿਤੇ ਰਿਹਾ ਦਰਸ਼ਨ ਵੀ ਨਹੀਂ ਸੀ ਕਰਾਉਂਦਾ। ਸਤਿਗੁਰਾਂ ਦੀ ਕ੍ਰਿਪਾਲਤਾ ਨਾਲ ਏਹ ਪੁਸਤਕ ਸ੍ਰੀ ੧ ਸ੍ਰੀ ਮਾਨ ਧਰਮ ਪ੍ਰਚਾਰਕ ਸੰਤ ਸੰਪੂਰਨ ਸਿੰਘ ਜੀ ਪਾਸ ਆ ਗਿਆ ਤੇ ਦਾਸ ਦੀ ਏਹ ਬੇਨਤੀ ਕਿ ਇਸਤੇ ਫੁਟ ਨੋਟ ਲਿਖਨ ਦੀ ਕ੍ਰਿਪਾਲਤਾ ਕਰੋ ਤੇ ਇਸਨੂੰ ਛਪਨ ਦੀ ਆਗਿਆ ਬਖਸ਼ੋ ਜਿਸਨੂੰ ਓਹਨਾਂ ਸ੍ਵੀਕਾਰ ਕਰਕੇ ਇਸਦੇ ਫੁਟ ਨੋਟ ਲਿਖਕੇ ਪੰਥ ਦੀ ਬੜੀ ਭਾਰੀ ਕਲਮੀ ਸੇਵਾ ਕੀਤੀ ਹੈ ਤੇ ਹੋਰ ਕਈ ਪੁਸਤਕਾਂ ਲਿਖਕੇ ਕਰਦੇ ਰੈਂਹਦੇ ਹਨ ਆਸ਼ਾ ਹੈ ਆਪ ਇਸ ਪੁਸਤਕ ਨੂੰ ਪੜਕੇ ਲਾਭ ਉਠਾਓਗੇ ਤੇ ਦਾਸ ਦਾ ਹੌਂਸਲਾ ਵਧਾਓਗੇ॥

ਜੇ ਕੋਈ ਇਸ ਵਿਚ ਨਿਊਨਤਾ ਦੇਖੋ ਤਾ ਦਾਸ ਜੋਗ ਲਿਖਨ ਦੀ ਕ੍ਰਿਪਾਲਤਾ ਕਰਨੀ ਤਾਕਿ ਅਗਲੀ ਐਡੀਸ਼ਨ ਵਿਚ ਸੁਧਾਈ ਹੋ ਜਾਵੇ॥

ਗੁਰੂ ਖਾਲਸੇ ਜੀ ਦੇ ਦਾਸ:--

**ਰਲਾ ਸਿੰਘ ਐਂਡ ਸਨਜ਼**

ਪੁਸਤਕਾਂ ਛਾਪਨ ਤੇ ਵੇਚਨ ਵਾਲੇ
(ਮਾਲਕ ਪੰਜਾਬ ਕੁਮੇਰਲ ਪ੍ਰੈਸ)
ਬਜਾਰ ਮਾਈ ਸੇਵਾਂ ਅਮ੍ਰਿਤਸਰ

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ ॥

# ਪ੍ਰਸਤਾਵਨਾ

ਅਜ ਕੱਲ ਹਰ ਕੌਮ ਤੇ ਹਰ ਇਕ ਮਤ ਫਿਰਕਾ ਆਪੋ ਆਪਣੇ ਮੁੱਖ ਆਚਾਰਯਾਂ ( Founders ) ਦੀ ਚਲਾਈ ਹੋਈ ਲੀਹ ਉਪਰ ਤੁਰਨਾਂ ਧਰਮ ਦੇ ਮੈਦਾਨ ਵਿਚ ਉਤਰਨਾਂ ਪਰਮ ਧਰਮ ਸਮਝਕੇ ਓਹਨਾਂ ਆਚਾਰਯਾਂ ਦੇ ਉਦੇਸ਼ਯ(ਮੰਤਬਯ) ਨੂੰ ਸਾਧਨ ਵਿਚ ਜੁੱਟ ਰਿਹਾ ਹੈ ਅਰ ਲੋਕਾਂ ਨੂੰ ਇਸਤਰਾਂ ਧਰਮ ਵਿਚ ਉੱਨਤੀ ਕਰਦਿਆਂ ਪ੍ਰਕਿਰਤੀ ਮਾਤਾ ਭੀ ਅਪਣੇ ਉਦਮੀ ਬਚਯਾਂ ਦੀ ਹਰ ਪ੍ਰਕਾਰ ਸਹੈਤਾ ਕਰਦੀ ਹੋਈ ਹਰ ਪਾਸਯੋਂ ਹੀ ਉਨਾਂ ਨੂੰ ਓਹ ੨ ਸਾਮਾਨ ਸਾਮਿਗ੍ਰੀ ਸੰਪਾਦਨ ਕਰਾਈ ਜਾ ਰਹੀ ਹੈ ਜੈਸੀ ਕਿ ਸਮੇਂ ਦੀ ਲੋੜ ਅਨੁਸਾਰ ਅਸਾਨੂੰ ਪ੍ਰਾਪਤ ਹੋਣੀ ਅਵਸ਼ਯਕ ਪ੍ਰਤੀਤ ਹੁੰਦੀ ਹੋਵੇ। ਜਿਹਾ ਕਿ ਇਕ ਅਤਯੰਤ ਜਰੂਰੀ ਤੇ ਲੋੜਾਂਦੀ ਪੁਸਤਕ ਦੇ ਪ੍ਰਾਪਤ ਹੋਣ ਤੋਂ ਮੈਂ ਨਿਸਚੇ ਕਰ ਰਿਹਾ ਹਾਂ ॥

ਮੇਰਾ ਆਸ਼ਾ ਦੂਸਰਿਆਂ ਲੋਕਾਂ ਵੱਲ ਨਿਗਾਹ ਮਾਰਕੇ ਇਸ ਗੱਲ ਨੂੰ ਦੱਸਣ ਦਾ ਕੋਈ ਨਹੀਂ ਕਯੋਂਕਿ ਇਥੇ ਮਾਮਲਾ ਇਕ ਮਾਤ੍ਰ ਅਜਾਤੇ ਘਾਤ ਨਾਲ ਸੰਬੰਧ ਰਖਦਾ ਹੋਇਆ, ਮੈਂ ਕੇਵਲ ਇਸ ਵਿਖਯ ਵਿਚ ਅਪਣੇ ਸਿਖ

Digitized by Panjab Digital Library | www.panjabdigilib.org

ਭਾਵੇਂ ਅਗੇ ਹੀ ਇਕ ਪ੍ਰਸਤਾਵ ( ਮਤਾ ) ਪੇਸ਼ ਕਰਨਾ ਚਾਹੁੰਦਾ ਹਾਂ ਜੋ ਸਤਿਗੁਰਾਂ ਦੀ ਮਿਹਰ ਅਨੁਸਾਰ ਪ੍ਰਾਪਤ ਹੋਏ ਇਕ ਪੁਸਤਕ ਦੇ ਆਕਾਰ ਵਿਚ ਹੈ। ਅਰਥਾਤ ਇਸ ਪੁਸਤਕ ਨਾਲ ਸਿਖ ਪਾਠਕਾਂ ਦਾ ਪਰਚਾ ਕਰੌਣਾ ਚਾਹੁੰਦਾ ਹਾਂ ਜੋ ਨੇਲ ਸਾਡੇ ਧਰਮ ਨਾਲ ਗਹਰਿਧ ਹਪਦੀ ਹੈ ॥

ਕਾਏਂ ਇਹ ਸਤਾਰ ਪ੍ਰਕਾਸ਼ਨ ਹੈ ਕੇ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਦੇ ਸ੍ਰੀਮੁਖਵਾਕਾਂ ਤੋਂ ਸ੍ਰੀ ਮਾਨ ਮੁੱਖ ਪਜਾਰੇ ਭਾਈ ਦਯਾ ਸਿੰਘ ਜੀ ਦੁਆਰਾ ਉਪਦੇਸ਼ ਰੂਪ ਤੇ ਉਚਾਰਣ ਹੋਈ ੨ ਦਸੀ ਜਾਂਦੀ ਹੈ- ਇਸ ਵਿਸ਼ਯ ਵਿੱਚ ਐਸੀ ਕੋਈ ਰਾਇ ਪ੍ਰਗਟ ਕਰਣ ਦਾ ਮੇਰੇ ਪਾਸ ਹਾਲੀਂ ਕੋਈ ਐਸਾ ਮਸਾਲਾ ਪ੍ਰਾਪਤ ਨਹੀਂ ਸਿਵਾਇ ਇਸਦੇ ਕਿ ਢੰਗ ਪੁਰਾਨਾ ਹੈ ਤੇ ਵਰਤਮਾਨ ਇਤਿਹਾਸ ਵਿਚ ਇਸਦਾ ਸਮੂਹ ਸਿਧਾਂਤ ਹੀ ਲਗ ਪਗ ਪਾਯਾ ਜਾ ਰਿਹਾ ਹੈ। ਵਿਸ਼ੇਸ਼ ਸੰਮਤੀ ਪ੍ਰਗਟ ਕਰਣ ਦਾ ਪੰਥ ਆਪ ਅਧਿਕਾਰੀ ਹੈ। ਅਲਬੱਤਾ ਇਕ ਬਾਤ ਪ੍ਰਗਟ ਕਰਣੋਂ ਜੀ ਨਹੀਂ ਝਿਜਕਦਾ ਕਿ ਅੱਜ ਕੱਲ ਦਿਆਂ ਲੇਖਕਾਂ ਨੇ ਵਰਤਮਾਨ ਪਾਠਕਾਂ ਦੀਆਂ ਰੁਚੀਆਂ ਨਵੀਨ ਨਵੀਨ ਗ੍ਰੰਥ ਉਨਾਂ ਦੇ ਸਾਮਨੇ ਧਰਕੇ ਪਲਟ ਦਿੱਤੀਆਂ ਹਨ ਕਿ ਹੁਣ ਪਿਛਲੇ ਪੁਸਤਕ ਚੰਗੇ ਹੀ ਨਹੀਂ ਲਗਦੇ ਤੇ ਜੇ ਚੰਗੇ ਲਗਦੇ ਭੀ ਹਨ ਤਾਂ ਉਹ ਫੇਰ ਕਈਆਂ ਅੰਸਾਂ ਵਿਚ ਸਮਝ ਨਹੀਂ ਔਂਦੇ ਦੀਹਦੇ ਯਾ ਸਮਯ ਦੀ ਪ੍ਰਵਿਰਤੀ ਦੇ ਪ੍ਰਤਿਕੂਲ ਭਾਸਦੇ ਹੋਏ ਉਲਟਾ ਨੁਕਤਾਚੀਨੀ ਦੀ ਥਾਂ ਸਮਝੇ ਜਾਂਦੇ ਹਨ ॥

Digitized by Panjab Digital Library | www.panjabdigilib.org

ਇਸ ਔਕੜ ਨੂੰ ਸਾਮਨੇ ਰਖਦਿਆਂ ਹੋਇਆਂ ਅਸਾਡਾ ਚਿੱਤ ਸੀ ਕਿ ਇਸ ਦੇ ਹਰ ਪਹਿਲੂ ਵਿਚ ਸਵਿਤਰ (Foot Notes) [ਟਿਪਣੀ ਰੂਪ ਨੋਟਾਂ] ਦ੍ਵਾਰੇ ਸੁਖੈਨ ਬਨਾਨ ਦਾ ਜਤਨ ਕਰੀਏ ਪਰ ਗ੍ਰੰਥ ਦੇ ਦੋ ਗੁਣਾਂ ਹੋ ਜਾਣ ਦਾ ਖਿਆਲ ਕਰਦਿਆਂ ਤੇ ਖਰਚ ਦੇ ਵਧਨ ਦੇ ਡਰ ਤੋਂ ਹਰ ਇਕ ਸਜਨ ਲਈ ਇਸਦੇ ਲਾਭਦਾਇਕ ਹੋਣ ਵਿਚ ਸੰਸਾ ਉਪਜਨ ਤੇ ਐਸਾ ਵਿਚਾਰ ਤਰਕ ਕਰ ਦਿੱਤਾ ਹੈ ਦਾ ਖਯਾਲ ਤੇ ਚਾਹੇ ਪਬਲਿਸ਼ਰ ਜੀ ਦੀ ਲਾਲਸਾ ਅਨੁਸਾਰ ਟਿਪਣੀ ਸੰਖੇਪ ਕੀਤੀ ਭੀ ਗਈ ਤਾਂ ਭੀ ਦੋ ਤਿਨ ਬਾਤਾਂ ਨੂੰ ਇਸ ਪ੍ਰਸਤਾਵਨਾਂ ਰਾਹੀਂ ਹੀ ਸੁਝਾ ਦੇਣਾ ਜਰੂਰੀ ਭਾਸਦਾ ਹੈ ਤਾ ਕਿ ਇਸ ਵਿਚ ਸਭ ਸਿਖ ਪਾਠਕਾਂ ਦੀ ਰੁਚੀ ਪੈਦਾ ਹੋ ਜਾਵੇ ਤੇ ਓਹ ਲਾਭ ਉਠਾ ਸੱਕਨ ॥

ਇਸ ਗ੍ਰੰਥ ਵਿਚ ਗੁਰੂ ਮਹਾਰਾਜ ਜੀ ਦੇ ਘਰ ਦੀਆਂ ਸੰਪਦਾਵਾਂ ਦੀ ਰੈਹਤ ਮ੍ਰਯਾਦਾ ਦੱਸੀ ਹੋਈ ਹੈ ਤੇ ਇਸ ਬਾਤ ਨੂੰ ਦੱਸਨ ਲਈ ਹੀ ਕਰਤਾ ਜੀ ਨੇ ਪਹਿਲੇ ਗੁਰੂ ਘਰ ਦੀ ਪ੍ਰਣਾਲੀ ਨਿਰੂਪਣ ਕੀਤੀ ਹੈ ਤੇ ਪ੍ਰਸੰਗ ਮਾਤ੍ਰ ਤੇ ਖਾਲਸਾ ਪੰਥ ਦੀ ਰਚਨਾਂ ਦਾ ਬਿਰਤਾਂਤ ਭੀ ਇਤਿਹਾਸਕ ਪਰਸਿੱਧ ਰੀਤੀ ਦਵਾਰੇ ਦਿਖਾਲਿਆ ਹੈ, ਜਿਸ ਕਰਕੇ ਦੇਵੀ ਸਿਧ ਕਰਨ ਵਾਲੀ ਕਥਾ ਦਾ ਆਉਣਾ ਜਰੂਰੀ ਸੀ। ਸੋ ਚਾਹੇ ਦੇਵੀ ਸਿਧ ਹੋਈ ਚਾਹੇ ਨਹੀਂ, ਇਸ ਉੱਪਰ ਵਿਵਾਦ ਸਿਖ ਧਰਮ ਨਾਲ ਇਕ ਪ੍ਰਕਾਰ ਦਾ ਖਾਸ ਦਿਲਚਸਪੀ ਦਾ ਕਾਰਨ ਬਣ ਗਿਆ ਹੈ ਤੇ ਇਸੇ ਲਈ ਹੀ ਪਾਠਕਾਂ ਨੂੰ

Digitized by Panjab Digital Library | www.panjabdigilib.org

ਇਹ ਗੱਲ ਝਮੇਲੇ ਵਿਚ ਪਾਣ ਦੀ ਹੇਤੂ ਬਣ ਸਕਣ ਦਾ ਸਾਨੂੰ ਖਯਾਲ ਹੈ ਜਿਸ ਵਾਸਤੇ ਥੋੜੇ ਮਾਤ੍ਰ ਵਿਚ ਅਸੀਂ ਅਪਣਾ ਵਿਚਾਰ ਪ੍ਰਗਟ ਕਰ ਦੇਣਾ ਅਵਸ਼ਯਕ ਸਮਝਦੇ ਹਾਂ ਤਾਂ ਜੋ ਗੁਣਗ੍ਰਾਹੀ ਇਸ ਅੰਗ ਵੱਲ ਪੈਕੇ ਆਪਣਾ ਸਮਾਂ ਬਿਅਰਥ ਗੁਵੌਣੋਂ ਬਚ ਸੱਕਨ।

ਅਸਲ ਵਿਚ ਦੇਵੀ ਸਿਧ ਕਰਨ ਦਾ ਨੁਕਤਾ ਹਿੰਦੂਆਂ ਨੇ ਸਿੱਖਾਂ ਨੂੰ ਅਪਣੇ ਨਾਲੋਂ ਵਖਰਿਆਂ ਹੁੰਦਿਆਂ ਤੱਕ ਮੁੜ ਇਨਾਂ ਨੂੰ ਆਪਣਿਆਂ ਬੰਧਨਾਂ ਵਿਚ ਜਕੜਨ ਲਈ ਸਾਡੇ ਇਤਿਹਾਸ ਵਿਚੋਂ ਪਕੜਿਆ ਸੀ ਅਜਿਹੀਆਂ ਹੋਰ ਭੀ ਇਕਨਾਂ ਗਲਾਂ ਦੇ ਨਾਲ ਇਸ ਨੁਕਤੇ ਨੇ ਅਸਾਂ ਨੂੰ ਚੋਖਾ ਪਾੜਨ ਦਾ ਕੰਮ ਕੀਤਾ ਜਿਹਾ ਕਿ ਅਸੀਂ ਤੱਤ ਤੇ ਸਨਾਤਨ ਖਾਲਸਾ ਦੋ ਤਰਾਂ ਦੇ ਬਣ ਗਏ ਤੇ ਆਪਸ ਵਿਚ ਵਿਰੋਧੀ। ਇਹ ਵਿਰੋਧ ਹਾਲਾਂ ਤਕ ਭੀ ਦੂਰ ਨਹੀਂ ਹੋਇਆ ਭਾਸਦਾ, ਖੈਰ॥

ਅਸੀਂ ਆਖਦੇ ਹਾਂ ਕਿ ਚਾਹੇ ਗੁਰੂ ਜੀ ਨੇ ਦੇਵੀ ਮੰਨੀ ਤੇ ਚਾਹੇ ਨਹੀਂ ਮੰਨੀ ਸਾਨੂੰ ਪਰਸਪਰ ਵਿਵਾਦ ਕਰਨ ਦਾ ਕੋਈ ਹੱਕ ਨਹੀਂ। ਗੁਰੂ ਸਾਹਿਬ ਦੀ ਕਰਣੀ ਉੱਪਰ ਕਿਸੇ ਸਿੱਖ ਮਾਤ੍ਰ ਨੂੰ ਅਧਿਕਾਰ ਨਹੀਂ ਕਿ ਓਹ ਓਹਨਾਂ ਉੱਪਰ ਕਿਸੇ ਭਾਂਤ ਦਾ ਆਖੇਪ ਕਰ ਸਕੇ। ਅਸਾਂ ਦੇਖਣਾ ਹੈ ਤਾਂ ਇਹ ਕਿ ਆਯਾ ਸਤਿਗੁਰਾਂ ਨੇ ਅਸਾਂ ਨੂੰ ਕਿਸੇ ਦੇਵਤੇ ਦੇਵੀ ਆਦ ਪੂਜਨ ਯਾ ਮੰਨਣ ਦੀ ਆਗਯਾ ਦਿਤੀ ਹੈ ਕਿ ਨਹੀਂ, ਸੋ ਜਿਥੋਂ ਤਕ ਪੜਤਾਲ ਕੀਤੀ ਜਾਵੇ ਤਾਂ "ਜੋਗੁਰਦਸੇ ਵਾਟ

Digitized by Panjab Digital Library | www.panjabdigilib.org

ਮੁਰੀਦਾ ਜੋਲੀਐ' ਯਾ 'ਗੁਰ ਕਹਿਆ ਸਾ ਕਾਰ ਕਮਾਵਹੁ। ਗੁਰ ਕੀ ਕਰਣੀ ਕਾਹੇ ਧਾਵਹੁ।' ਇਹ ਬਚਨ ਸਾਨੂੰ ਮਿਲਦੇ ਹਨ ਅਤੇ ਨਾਲ ਹੀ ਦੇਖੋ ਬਚਿਤ੍ਰ ਨਾਟਕ ਵਿਚ ਗੁਰੂ ਮਹਾਰਾਜ ਦਾ ਕਥਨ:--

'ਕਹਿਯੋ ਪ੍ਰਭੂ ਸੁ ਭਾਖਹੋਂ। ਕਿਸੂ ਨ ਕਾਨ
ਰਾਖ ਹੋਂ। ਕਿਸੂ ਨ ਭੇਖ ਭੀਜ ਹੋਂ। ਅਲੇਖ
ਬੀਜ ਬੀਜ ਹੋਂ। ਪਖਾਣ ਪੂਜ ਹੋਂ ਨਹੀਂ।
ਨ ਭੇਖ ਭੀਜ ਹੋਂ ਕਹੀਂ। ਅਨੰਤ ਨਾਮ ਗਾਯ
ਹੋਂ। ਪਰਮ ਪੁਰਖ ਪਾਇ ਹੋਂ। ਜਟਾ ਨ ਸੀਸ
ਧਾਰ ਹੋਂ। ਨ ਮੁਦ੍ਰਕਾ ਸੁਧਾਰ ਹੋਂ। ਅਨੰਤ
ਨਾਮ ਗਾਇ ਹੋਂ। ਪਰਮੁ ਪੁਰਖ ਪਾਇ ਹੋਂ।
ਨ ਕਾਨ ਕਾਹੂ ਕੀ ਧਰੋਂ। ਨ ਜਾਪ ਆਨਕੋ
ਜਪੋਂ। ਨ ਅਉਰ ਥਾਪਨਾ ਥਪੋਂ॥' ਆਦਿ॥

ਵਾਕ ਦਸਦੇ ਹਨ ਜੋ ਗੁਰੂ ਮਹਾਰਾਜ ਜੀ ਇਕ ਅਕਾਲ ਬਿਨਾਂ ਹੋਰਸ ਕਿਸੇ ਨੂੰ ਇਸ਼ਟ ਕਦਾਚਿਤ ਨਹੀਂ ਮੰਨਦੇ ਤੇ ਨਾਂ ਹੀ ਅਸਾਂ ਨੂੰ ਭੀ ਕਿਸੇ ਦੂਏ ਦੀ ਆਨ ਧਰਾਨ ਲਈ ਤਿਆਰ ਸਨ ਜਿਹਾ ਕਿ ਜੋਰਦਾਰ ਐਸੇ ਬਜੰਤ ਸ਼ਬਦਾਂ ਰਾਹੀਂ ਓਹਨਾ ਸ਼ਾਨੂੰ 'ਇਕੋ ਸਿਮਰ ਨ ਦੂਜਾ ਭਾਉ' ਹੀ ਸਿਖ੍ਯਾ ਮੁੜ ਮੁੜ ਸਿਖਾਲੀ।

ਮੇਰਾ ਖਯਾਲ ਹੈ ਕਿ ਸਿਖ ਭਰਾ ਤਾਂ ਜ਼ਰੂਰ ਇਹ ਗੱਲ ਪਰਵਾਨ ਕਰਨਗੇ ਕਿ ਸਤਿਗੁਰ (ਸਚੇ ਪਿਤਾ) ਦੀ ਕਰਣੀ ਉੱਪਰ ਅਸਾਂ ਸਿਖ ਪੁੱਤ੍ਰਾਂ ਨੂੰ ਕੋਈ ਹੱਕ ਹਾਸਲ

Digitized by Panjab Digital Library | www.panjabdigilib.org

ਨਹੀਂ ਕਿ ਨੁਕਤਾਚੀਨੀ ਕਰ ਸਕੀਏ । ਅਲਬੱਤਾ ਹਿੰਦੂ ਭਰਾ ਹੱਕ ਰਖਦੇ ਹਨ ਕਿਉਂਕਿ ਬਾੜੀ ਪਨੀਰੀ ਸਾਡੀ ਓਹਨਾਂ ਦੇ ਹੀ ਖੇਤ ਵਿਚ ਪਲਦੀ ਹੈ ਤੇ ਵੇਲੇ ਸਿਰ ਲਿਆਂ ਓਹ ਘਾਪਾ ਸਹਾਰਨ ਵਿਚ ਪੀੜਾ ਅਨਭੂ ਕਰਦੇ ਹਨ, ਇਸ ਲਈ ਪੇਸ਼ ਨਾਂ ਚਲਦੀ ਤਕ ਓਹ ਸਾਨੂੰ ਸਮੂਲਚਾ ਹੀ ਨਿਗਲਨ ਦੀਆਂ ਵਿਉਂਤਾਂ ਕਢਦੇ ਹਨ। ਇਸ ਝੰਬੇਲੇ ਵਿਚ ਪੈਣ ਦੀ ਮੈਂ ਐਡੀ ਲੋੜ ਨਹੀਂ ਰਖਦਾ ਕਿਉਂਕਿ ਉਨਾਂ ਦਾ ਫਰਜ਼ ਹੈ ਆਪਣੇ ਘਰ ਦੀ ਰਾਖੀ ਕਰਨਾ। ਹਾਂ ਥੋੜਾ ਜਿਹਾ ਟੱਪਲਾ ਓਹਨਾਂ ਨੂੰ ਸਾਡੀ ਬਾਹਤ ਲਗ ਰਿਹਾ ਹੈ ਉਸਦਾ ਦੂਰ ਕਰਨਾ ਅਲਬੱਤਾ ਸਾਡਾ ਫਰਜ ਹੈ ॥

ਓਹ ਸਮਝਦੇ ਹਨ ਕਿ ਅਸੀ ਓਨ੍ਹਾਂ ਨੂੰ ਘਾਟੇ ਵਿਚ ਪੌਂਦੇ ਹਾਂ ਜਿਸ ਕਰਕੇ ਛਿੱਥੇ ਪੈਕੇ ਉਹ ਸਾਡੇ ਨਾਲ ਵੈਰ ਵਿਰੋਧ ਕਰਦੇ ਤੇ ਵਾਹ ਲਗਦੀ ਸਾਡੀ ਤਰੱਕੀ ਵਿਚ ਰੋੜੇ ਅਟਕਾਨ ਦੀਆਂ ਵਜੋਂਤਾਂ ਕਢਨ ਵਿਚ ਅਸਾਥੋਂ ਬਦਲਾ ਲੈਣਾ ਚਹੁੰਦੇ ਹਨ ਅਰ ਐਡਾ ਅਡੀ ਚੋਟੀ ਦਾ ਬਲ ਕਿਤੇ ੨ ਲਾਦਿੰਦੇ ਹਨ ਕਿ ਮਾਨੋ ਸਾਰੀ ਦੀ ਸਾਰੀ ਹੀ ਸਾਡੀ ਹਸਤੀ ( ਹੋਂਦ ) ਨੂੰ ਮਿਟਾਕੇ ਓਹ ਸਾਨੂੰ ਆਪਨੇ ਵਿਚ ਲੀਨ ਕਰ ਲੈਣ। ਜਰਾ ਨਿਰਪੱਖਤਾ ਨਾਲ ਓਹ ਸੋਚਕੇ ਤੱਕਨ ਤਾਂ ਸਹੀ ਕਿ ਅਸੀ ਕੀਹ ਓਨ੍ਹਾਂ ਨੂੰ ਹਰਜਾ ਪੁਚੌਂਦੇ ਹਾਂ ॥

੧–ਅਸੀਂ ਜਾਤ ਪਾਤ ਨਹੀਂ ਮੰਨਦੇ ॥

੨–ਅਸੀਂ ਵਾਹਗੁਰੂ ਬਿਨਾਂ ਹੋਰਸ ਇਸ਼ਟ ਨੂੰ ਨਹੀਂ ਸੇਂਵਦੇ॥

ਇਹ ਅਪ੍ਰਾਧ ਹੈ ਜੋ ਅਸੀਂ ਓਨ੍ਹਾਂ ਦਾ ਕਰਦੇ ਹਾਂ ਕਿ

Digitized by Panjab Digital Library | www.panjabdigilib.org

ਓਨ੍ਹਾਂ ਵਿਚੋਂ ਜਿਹੜਾ ਕੋਈ ਸਾਡੇ ਨਾਲ ਪਜਾਰ ਪਾ ਲਵੇ ਤੇ ਸਾਡੀ ਸਿਖ ਮੱਤ ਸੁਨਣੀ ਚਾਹੇ ਤਾਂ ਅਸੀਂ ਉਸ ਕਿਸੇ ਨੂੰ ਅਪਣੇ ਵਰਗਾ ਬਣਾ ਲੈਂਦੇ ਹਾਂ ॥੧

ਆਓ! ਜਰਾ ਰਲਕੇ ਸਾਰੇ ਸੋਚੀਏ ਕਿ ਕੀਹ ਥੋੜੀ ਜੇਹੀ ਤੰਗ ਕੋਠੀ ਵਿਚ ਰਹਿਣਾ ਚੰਗਾ ਹੈ ਕਿ ਜੋ ਉਪਰਲੀ ਮਜਲਦਾ ਚੌਬਾਰਾ ਜਿਸ ਵਿਚ ਚੌਹਾਂ ਪਾਸਿਆਂ ਥੋਂ ਫਰਣ ੨ ਹਵਾ ਤੇ ਰੋਸ਼ਨੀ ਆਵੇ? ਮੇਰੇ ਖਯਾਲ ਵਿਚ ਤਾਂ ਅਞਾਣਾ ਭੀ ਥੋੜੀਂ ਥਾਂ ਵਿਚ ਖੇਡਨਾਂ ਪਸਿੰਦ ਨਹੀਂ ਕਰਦਾ! ਮਾਂ ਚਾਹੁੰਦੀ ਹੈ ਕਿ ਬਾਲ ਨੂੰ ਗੋਦੀ ਵਿਚੋਂ ਨਾਂ ਨਿਕਲਨ ਦੇਵੇ ਪਰ ਕੀਹ ਬੱਚਾ ਇਦ੍ਵ ਵਰਤਨ ਲਈ ਤਿਆਰ ਹੁੰਦਾ ਹੈ ਤੇ ਮਾਂ ਪਿਓ ਦੇ ਬੰਧਨਾਂ ਨੂੰ ਸਦਾ ਵਾਸਤੇ ਕੀਹ ਅਪਣੇ ਲਈ ਉਹ ਪ੍ਰਵਾਨ ਕਰੀ ਰਖਦਾ ਹੈ? ਸਾਡੇ ਖਯਾਲ ਵਿਚ ਕਦਾਚਿਤ ਨਹੀਂ। ਜਦ ਇਕ ਬੱਚਾ ਭੀ ਖੁਲ ਖੁਲਾਸਾ ਹੀ ਖੇਡਨ ਵਿਚ ਪ੍ਰਸੰਨ ਹੁੰਦਾ ਹੈ ਚਾਹੇ ਅਜੇ ਓਸਨੂੰ ਟਿਕਾਂ ਭੀ ਨਾਂ ਲਗੀਆਂ ਹੋਣ ਤਾਂ ਸਯਾਣਾ ਆਦਮੀ ਕਯੋਂ ਹੱਦਾਂ ਵੱਟਾਂ ਵਿਚ ਜਕੜਜਾ ਰਹੇ। ਤੰਗ ਹੱਦਾਂ ਵਿਚ ਰਹਿਣਾਂ ਅੱਜ ਸਾਇੰਸ ਸਭਨੀ ਦਾਈਂ ਦੂਖਿਤ ਕ੍ਰਾਰ ਦੇ ਰਹੀ ਹੈ ਤਾਂ ਹਿੰਦੂ ਭਰਾ ਕਯੋਂ ਸਾਨੂੰ ਤੰਗ ਹਲਕੇ ਵਿਚ ਤੱਕਨ ਦੇ ਖਾਹਸ਼ਮੰਦ ਹਨ। ਅਸਾਨੂੰ ਗੁਰੂ ਮਹਾਰਾਜ ਜੀ ਨੇ ਚੁਬਾਰਾ ਬਨਾਕੇ ਦਿੱਤਾ ਹੈ ਖੁਲ ਖੁਲਾਸੇ ਰਹਿਣ ਦੀ ਆਗਿਆ ਦਿਤੀ ਹੈ ਸੋ ਜੇਕਰ ਅਸੀਂ ਆਪ ਓਸ ਆਗਿਆ ਨੂੰ ਪਾਲਨ ਕਰਦੇ ਹੋਏ ਦੂਜਿਆਂ ਨੂੰ ਭੀ ਜੋ ਸਾਡੇ ਬਹੁਤ ਨੇੜੇ ਹੋਣ ਖੁਲੇ ਖਾਲਸੇ

Digitized by Panjab Digital Library | www.panjabdigilib.org

ਬਨਾ ਚੁਬਾਰਾ ਵਾਸੀ ਬਨਾਈਏ ਤਾਂ ਅਸਾਂ ਓਨਾਂ ਤੇ ਖਾਸ ਕਰਕੇ ਅਤੇ ਓਨਾਂ ਦੇ ਭਾਈਬੰਦਾਂ ਉਤੇ ਆਮ ਤੌਰ ਤੇ ਇਕ ਤਰਾਂ ਨਾਲ ਉਪਕਾਰ ਪਾਲਜਾ ਹੈ ਜਿਸ ਕਰਕੇ ਓਨਾਂ ਸਭਨਾਂ ਨੂੰ ਸਾਡਾ ਧੰਨਵਾਦੀ ਬਨਣਾ ਲੋੜੀਏ। ਅਸੀਂ ਵਾਹਗੁਰੂ ਦੀ ਕੁਦਰਤ ਦੀ ਕਤਰ ਵਜੋਂ ਤੋਂ ਬਚਾਕੇ ਓਨਾਂ ਨੂੰ ਕਾਦਰ ਦੀਆਂ ਖੁਸ਼ੀਆਂ ਦਾ ਪਾਤ੍ਰ ਬਨਾਯਾ ਤੇ ਬਣਾ ਰਹੇ ਹਾਂ ਅਰ ਮਾਲਕ ਦੀ ਅਮਾਨਤ ਵਿਚੋਂ ਖਿਆਨਤ ਕਰਣ ਦੀ ਹਠਧਰਮੀ ਪ੍ਰਵਿਰਤੀ ਵਿਚੋਂ ਓਨਾਂ ਨੂੰ ਬਚਾਇਆ ਤੇ ਬਚਾ ਰਹੇ ਹਾਂ ਜਿਸ ਕਰਕੇ ਲੋਕ ਪ੍ਰਲੋਕ ਵਿਚ ਮਾਨੋ ਸੁਰਖਰੋਈ ਦਾ ਸਮਾਂ ਓਨਾਂ ਨੂੰ ਹਾਸਲ ਕਰਾਨ ਵਿਚ ਹਰ ਤਰਾਂ ਨਾਲ ਤਤਪਰ ਹਾਂ। ਸੋਚਕੇ ਦੇਖਣ ਕਿ ਹੈ ਜਾਤ ਪਾਤ ਦਿਆਂ ਬੰਧਨਾਂ ਵਾਲੀ ਹਨੇਰ ਕੋਠੀ ਵਿਚੋਂ ਕਢਕੇ "ਚਾਰ ਵਰਣ ਕੇ ਏਕੋ ਭਾਈ" ਵਾਲੀ ਖੁਲਚਾਲੀ (Freedom) ਓਨਾਂ ਲਈ ਅਧਿਕ ਸੁਖਾਂ ਦਾ ਹੇਤੂ ਕਿ ਨਹੀਂ? ਅਰ ਇਵੇਂ ਹੀ ਬਹੁਤਿਆਂ ਦੀ ਖੁਸ਼ਾਮਤੋਂ ਬਚਾਕੇ ਇਕ ਸਚੇ ਮਾਲਕ ਦੀ ਸੇਵਾ ਪੂਜਾ ਵਾਲੇ ਬਨਾ ਦਿੰਦੇ ਹਾਂ ਤਾਂ ਕੀਹ, ਮਾੜਾ ਕਰਦੇ ਹਾਂ ਕਿ ਚੰਗਾ? ਅਸਾਡੇ ਖਯਾਲ ਵਿਚ ਤਾਂ ਦੋਂਹ ਮਾਲਕਾਂ ਦਾ ਸੇਵਕ ਜਦ ਪ੍ਰਤੱਖ ਹੀ ਦੁਖੀ ਹੁੰਦਾ ਦੇਖਦੇ ਹਾਂ ਤਾਂ ਅਨੇਕਾਂ ਮਾਲਕਾਂ ਦੀ ਆਗਯਾ ਮੰਨਣੇ ਵਾਲਾ ਅਪਣੇ ਆਪਨੂੰ ਕਦ ਸੁਖ ਦੀ ਨੀਂਦ ਸੌਣ ਦੀ ਆਸ ਰਖ ਸਕਦਾ ਹੈ, ਜਿਤਨਾਂ ੨ ਕੋਈ ਇਕ ਦੇ ਝੰਡੇ ਹੇਠ ਔਣ ਵਾਲਾ ਹੁੰਦਾ ਹੈ ਉਤਨਾਂ ੨ ਹੀ ਲੋਕ ਪ੍ਰਲੋਕ ਵਿਚ ਉਹ ਸੁਖੀ ਦੇਖਣ ਵਿਚ ਔਂਦਾ ਹੈ॥

Digitized by Panjab Digital Library | www.panjabdigilib.org

ਹਿੰਦੂ ਲਖਾਂ ਹੀ ਈਸਾਈ ਹੋ ਜਾਂਦੇ ਹਨ, ਤਾਂ ਐਡਾ ਰੋਸ ਨਹੀਂ, ਕ੍ਰੋੜਾਂ ਨੇ ਦੀਨ ਮੁਹੰਮਦੀ ਕਬੂਲਿਆ ਕੋਈ ਅਨਖ ਨਹੀਂ ਪਰ ਸਾਢੇ ਚਾਰ ਸੌ ਸਾਲ ਤੋਂ ਜੇਕਰ ਤੀਹ ਪੈਂਤੀ ਲਖ ਸਿਖ ਬਨ ਗਏ ਤਾਂ ਇਹ ਸੱਲ ਕਿਸੇ ਤਰਾਂ ਦੂਰ ਹੀ ਨਹੀਂ ਹੋਣ ਵਿਚ ਔਂਦਾ, ਬਦਲੇ ਦਾ ਖਜ਼ਾਲ ਅਕਸਰ ਇਨਾਂ ਦੇ ਦਿਲਾਂ ਵਿਚ ਲਹਿਰਾਂ ਮਾਰਦਾ ਰਹਿੰਦਾ ਹੈ। ਖੈਰ—ਵਡਾ ਵੈਰ ਚਾਰ ਵਰਨਾਂ ਦੇ ਆਦਮੀਆਂ ਦੇ ਇਕ ਸਿਖ ਬਨਣ ਕਰਕੇ ਹੀ ਸੀ ਤੇ ਮੁੜ ਸ਼ੁੱਧੀ ਵਲ ਗੁਰਸਿੱਖਾਂ ਦਾ ਪੈ ਜਾਣਾ ਸੀ ਜੋ ਸ਼ੁਕਰ ਹੈ ਕਿ ਆਖਰਕਾਰ ਸਮੇਂ ਨੇ ਇਨਾਂ ਨੂੰ ਆਪ ਹੀ ਅਜੇਹਾ ਕਰਣ ਲਈ ਮਜਬੂਰ ਕੀਤਾ ਤੇ ਏਸ ਅੰਸ ਵਿਚ ਹੁਣ ਇਹ ਸਿੱਖਾਂ ਨੂੰ ਉਲਾਂਭਾ ਦੇਣ ਵਾਸਤੇ ਕਿਸੇ ਤਰਾਂ ਹੌਂਸਲਾ ਨਹੀਂ ਕਰ ਸਕਦੇ ਕਜ਼ੋਂਕਿ ਸਭ ਤਰਾਂ ਦੇ ਹਿੰਦੂ ਹੀ ਹੁਣ ਇਸ ਚੁਬਾਰੇ ਦੀ ਫ੍ਹਾਟੇ ਦਾਰ ਪੌਣ ਦੇ ਬੁੱਲੇ ਲੁਟਨ ਲੱਗ ਪਏ ਹਨ ਤੇ ਹੁਣ ਚਹੀਦਾ ਹੈ ਜੋ ਇਹ ਲੋਕ ਸਾਡੇ ਨਾਲ ਇੱਟ ਖੜੱਕਾ ਛੱਡ ਦੇਣ। ਕਜ਼ੋਂਕਿ ਜਦ ਇਕੋ ਹੀ ਇਨਾਂ ਦੇ ਘਰ ਵਿਚ ਇਕ ਰਾਮ ਦੇ ਮੰਨਣੇ ਵਾਲਾ ਦੂਜਾ ਕ੍ਰਿਸ਼ਨ ਦੇ ਤੇ ਤੀਜਾ ਸ਼ਿਵ ਅਰ ਸ਼ਕਤੀ ਦੇ ਪੂਜਨ ਵਾਲਾ ਬਣਕੇ ਸ਼ਾਂਤੀ ਅਰ ਸਬਰ ਨਾਲ ਪਜਾਰਿਆ ਜਾਂਦਾ ਹੈ, ਤਾਂ ਸਾਨੂੰ ਏਸ ਸਭ ਤਰਾਂ ਦੀ ਦੂਈ ਉਪਾਸਨਾਂ ਨੂੰ ਤਜ਼ਾਗਕੇ ਇਕ ਅਕਾਲ ਪੁਰਖ ਦਾ ਉਪਾਸਕ ਬਨ ਜਾਣਾ ਯਾ ਇਨਾਂ ਵਿਚੋਂ ਕਿਸੇ ਦਾ ਇਕ ਅਕ ਲੀ ਭਾਈਚਾਰੇ ਵਿਚ ਅਜੇਹਾ ਆਨ ਬਨਣਾ ਭੀ ਉਸੇ ਹੀ ਤਰਾਂ ਨਹੀਂ ਚੁਭਨਾਂ ਚਾਹੀਦਾ ॥ ੧

Digitized by Panjab Digital Library | www.panjabdigilib.org

ਜੀਕੂੰ ਸੁਧੀ ਦੇ ਮਾਮਲੇ ਵਿਚ ਹੁਣ ਇਨਾਂ ਸਮਝ ਲਿਆ ਹੈ ਕਿ ਗੁਰੂ ਸਾਹਿਬ ਤੇ ਗੁਰੂ ਕੇ ਸਿੱਖ ਅਪਨੇ ਵਤੀਰੇ ਵਿਚ ਠੀਕ ਸਨ, ਅਰ ਓੜਕ ਨੂੰ ਉਨ੍ਹਾਂ ਨੂੰ ਭੀ ਵੇਂਜਕੇ ਓਹਨਾਂ ਪੂਰਣਿਆਂ ਉਪਰ ਤੁਰਨ ਵਿਚ ਹੀ ਆਪਣੀ ਭੁਲਾਈ ਸੁਝੀ, ਸੋ ਇਥੋਂ ਹੀ ਉਹ ਦਿਨ ਹੁਣ ਦੂਰ ਨਹੀਂ ਜਦ ਕਿ ਇਹ ਅਨੇਕੋਪਾਸਨਾਂ ਨੂੰ ਤਜਾਗਕੇ ਇਕ ਮਾਤ੍ਰ ਅਕਾਲ ਪੁਰਖ (ਸਚੇ ਪਰਮਾਤਮਾਂ) ਨੂੰ ਮੰਨਣ ਲੱਗ ਪੈਣਗੇ ਤੇ ਸਜਾਇ 'ਓਅੰਕਾਰ' ਦੇ 'ਜਿਨੇਂਕਾਰ' ਦੇ ਨਾਮ ਲੇਵਾ ਬਨਣਗੇ। ਮੈਂ ਚਾਹੁੰਦਾ ਹਾਂ ਕਿ ਜਿਹੜੀ ਗੱਲ ਸਾਡੀ ਉਪਾਸਨਾਂ ਵਾਲੇ ਨੁਕਤੇ ਉਪਰ ਲਿਆ ਏਨਾਂ ਨੂੰ ਦੁਖੋਂਦੀ ਹੈ ਉਹ ਦੇਵੀ ਦਾ ਪੂਜਨ ਹੈ ਜੈਸਾ ਕਿ ਉਪਰ ਹੁਣੇ ਹੀ ਇਸ਼ਾਰਾ ਕਰ ਚੁਕੇ ਹਾਂ:—

ਇਹ ਕੈਹਣਾ ਕਿ ਗੁਰੂ ਸਾਹਿਬ ਨੇ ਦੇਵੀ ਪੂਜੀ ਨੂੰਲ ਝੂਠ ਤੇ ਸ੍ਰਾਸਰ ਗਲਤੀ ਹੈ। ਉਹ ਸਿੱਖ ਜੋ ਸਨਾਤਨੀ ਬਣਕੇ ਇਹ ਗੱਲ ਮੰਨਦੇ ਹਨ ਇਸ ਭੁਲੇਖੇ ਨੂੰ ਅੰਦਰੋਂ ਕੱਢ ਛੱਡਨ—ਕਿਉਂਕਿ ਸਨਾਤਨੀ ਤੇ ਤੱਤ ਖਾਲਸਾ ਦਸਾਂ ਗੁਰੂਆਂ ਨੂੰ ਹੀ ਇਕ ਰੂਪ ਮੰਨਦੇ ਹਨ। ਭਲਾ ਜੇਹੜੀ ਆਦਲੇ ਰੂਪ ਵਿਚ ਤਾਂ ਓਸਦੇ ਬੂਹੇ ਅੱਗੇ ਝਾੜੂ ਦਿੰਦੀ ਫਿਰਦੀ ਸੀ ਵੈਸੇ ਹੀ ਪਰਤਾਪੀ ਅੰਤਲੇ ਸਰੂਪ ਵਿਚ ਕਦੀ ਓਹ ਇਸ਼ਟ ਰੂਪ ਬਣਕੇ ਪੂਜਾ ਦੀ ਪਾਤ੍ਰ ਬਣ ਸਕਦੀ ਸੀ? ਜੇ ਸਤਕਾਰ ਦੀ ਥਾਂ ਝਾੜੂ ਦੇਣ ਵਾਲਾ ਕਦੀ ਬਣ ਭੀ ਜਾਵੇ ਤਾਂ ਕੇਵਲ ਓਸ ਸੂਰਤ ਵਿਚ ਜਦ ਕਿ ਮਾਲਕ ਅਪਣੇ

Digitized by Panjab Digital Library | www.panjabdigilib.org

ਸੇਵਕ ਦੀ ਸੇਵਾ ਨੂੰ ਆਪਣੇ ਅੰਦਰ ਜਾਚਦਾ ਹੋਇਆ ਅਪਣੀ ਗੌਰਵਤਾ ਨੂੰ ਧਯਾਨ ਵਿਚ ਲਿਆਵੇ ਤੇ ਇਸੇ ਕਾਰਨ ਕਰਕੇ ਹੀ ਓਹ ਉਸਦੀ ਲੋੜ ਸਮੇਂ ਯਾ ਕਿਸੇ ਔਕੜ ਵੇਲੇ ਸਹੈਤਾ ਕਰਨ ਵਿਚ ਦਾਦ ਦਿੰਦਾ ਹੈ। ਜਿਹਾ ਕਿ ਦੁਸ਼ਟਦਮਨ ਅਵਤਾਰ ਦੀ ਕਥਾ ਪ੍ਰਸਿਧ ਹੈ ਸਾਹਿਬ ਗੋਬਿੰਦ ਸਿੰਘ ਜੀ ਨੇ ਇਸ਼ ਆਪਣੀ ਝਾੜੂ ਬੁਹਾਰਨ ਹਾਰੀ ਚੰਡਕਾ ਮਾਈ ਦੇ ਸਿਰ ਔਕੜ ਬਣੀ ਤੇ ਨੌਵੇਂ ਪਾਤਸ਼ਾਹ ਰੂਪ ਮਾਲਕ ਨੇ ਉਸ ਸਮੇਂ ਦੇ ਦੈਰਜ ਸੰਗ੍ਰਾਮ ਵਿਚ ਹਾਰ ਹੱਟ ਨੱਠੀ ਸਿਪਾਹੀ ਸਭ ਤਰਾਂ ਨਾਲ ਬਚਾਵਨ ਤੇ ਰਖਯਾ ਕਰਨ ਵਿਚ ਦਿਖਾਈ ਹੈ। ਕੀਹ ਓਸ ਸਮੇਂ ਵੈਰੀਆਂ ਦੇ ਪੰਜਿਆਂ ਵਿਚੋਂ ਨਿਕਲਨ ਵਿਚ ਦੇਵੀ ਨੇ ਆਪਣੇ ਆਪਨੂੰ ਘੱਟ ਕ੍ਰਿਤਗਯ (ਹਸਾਨਮੰਦ) ਸਮਝਕੇ ਅਗੇ ਲਈ ਸੇਵਾ ਛੱਡ ਦਿੱਤੀ ਹੋਊ ? ਨਹੀਂ ਸਗੋਂ ਅਧਿਕ ਸੇਵਾ ਦੀ ਲਾਲਸ਼ਾ ਵਿਚ ਖਾਸ ਤੌਰ ਤੇ ਗੁਰੂ ਸਾਹਿਬ ਪਾਸ ਓਸ ਪ੍ਰਾਰਥਨਾ ਕੀਤੀ ਜੈਸਾ ਕਿ ਉਸਦੇ ਬਚਨਾਂ ਤੋਂ ਸਪਸ਼ਟ ਹੈ:–

'ਕੀਨਸ ਬਹੁਤ ਸਹੇਤਾ ਮੇਰੀ ਹਤਕੇ ਦੈਤ ਭੀਮ ਸਮੁਦਾਇ।
ਏਕਬੇਰਤੁਮ ਮੋਹਿਬੁਲਾਵਹੁ ਤਬ ਆਵਹੁੰਗੀ ਮੈਂ ਹਰਖਾਇ'।

ਤੇ ਸਤਿਗੁਰਾਂ ਸਮੇਂ ਸਿਰ ਬੁਲਾਨ ਲਈ ਧਰਵਾਸ ਬੰਧਾਯਾ। ਸੋ ਓਸ ਸਮੇਂ ਦੀ ਓਸਦੀ ਪ੍ਰਾਰਥਨਾ ਤੇ ਤੀਬਰ ਲਾਲਸਾ ਦੇ ਅਧੀਨ ਹੀ ਦਸਮੇਸ਼ ਰੂਪ ਵਿਚ ਗੁਰੂ ਮਹਾਰਾਜ ਨੇ ਓਸਨੂੰ ਹਾਜ਼ਰ ਹੋਣ ਲਈ ਚਿਤਾਯਾ ਸੀ। ਕੀ ਦਰਬਾਰਾਂ ਦਾ ਮਾਲਕ ਜੇਕਰ ਆਪਣੇ ਸੇਵਕ ਨੂੰ ਸੇਵਾ ਲਈ ਸੱਦੇ ਤਾਂ

Digitized by Panjab Digital Library | www.panjabdigilib.org

ਇਹ ਓਸਦੀ ਪੂਜਾ ਪ੍ਰਵਾਣੀ ਜਾਂਦੀ ਹੈ ?

ਅਸਲ ਵਿਚ ਤਾਂ ਓਸਦਾ ਫਰਜ਼ ਇਹ ਸੀ ਕਿ ਸੇਵਾ ਦੇਣ ਦੇ ਸਮੇਂ ਆਪੇ ਹੀ ਹਾਜ਼ਰ ਹੁੰਦੀ ਪਰ ਓਸਨੇ ਘੌਲ ਕੀਤੀ ਸਤਿਗੁਰਾਂ ਨੇ ਲੋਕਾਂ (ਉਸਦੇ ਉਪਾਸਕਾਂ) ਦੀ ਭਾਵਨਾ ਦੇ ਕੇਂਦ੍ਰ ਰੂਪ ਸਥਾਨ ਨੂੰ ਮਾਨੋਂ ਜ਼ਬਤ ਜਾ ਕੀਤਾ, ਤੇ ਓਸਨੂੰ ਬੁਲਾਯਾ। ਜਿਸਤੇ ਭੈ ਭੀਤ ਸਰਣਾਗਤ ਰੂਪ ਵਿਚ ਓਹ ਸਰਨ-ਪਾਲ ਮਾਲਕ ਦੀ ਹਾਜ਼ਰੀ ਵਿਚ ਆਈ। ਇਹ ਉਸਦੇ ਭੈ ਦਾ ਹੀ ਸਿੱਟਾ ਸੀ ਕਿ ਪਹਾੜ ਕੰਬ ਉਠਿਆ। ਪ੍ਰਗਟ ਹੁੰਦੇ ਸਾਰ ਹੀ ਓਹ ਇਹ ਲਫਜ਼ਬੋਲੀਃ—

'ਪ੍ਰਥਮ ਪ੍ਰਤੱਗਜਾ ਸਿਮਰਹੁ ਸੋਇ।
ਚਾਹੁ ਸੋ ਕਹਹੁ ਸੁਪੂਰਣ ਹੋਇ।'

ਅਰ ਐਸਾ ਕਹਿ ਉਸਨੇ ਆਪਣਾ ਮੁਖ ਸ਼ਸਤ੍ਰ ਕ੍ਰਿਪਾਨ ਤੇ (ਕਿਸੇ ੨ ਖੋਜੀ ਦੇ ਮਤ ਅਨੁਸਾਰ) ਹੱਥ ਦੀ ਚੂੜੀ ਭੀ ਸਤਿਗੁਰਾਂ ਅਗੇ ਭੇਟ ਰੱਖੀ। ਸੂਰਮੇ ਦਾ ਸ਼ਸਤ੍ਰ ਛੱਡਕੇ ਅਗੇ ਨਿਉਂ ਜਾਣਾ ਤੇ ਚੂੜੀ ਇਕ ਇਸਤ੍ਰੀ ਦਾ ਪੂਰਨ ਪੁਰਖ ਅਗੇ ਭੇਟ ਰੱਖਣਾ ਕੀਹ ਇਹ ਭੀ ਦੇਵੀ ਪੂਜਨ ਦੀ ਨਿਸ਼ਾਨੀ ਹੈ ? ਆਪ ਤਾਂ ਸਤਿਗੁਰਾਂ ਕੀਹ ਪੂਜਣਾ ਸੀ ਓਸ ਦੀ ਅਗੇ ਲਈ ਸਾਰੀ ਪੂਜਾ ਹੀ ਸਤਿਗੁਰਾਂ ਛੀਨ ਲਈ, ਤੇ ਓਸਨੂੰ ਪਰਤੱਗਜਾ ਕਰਨੀ ਪਈ ਕਿ ਮੈਨੂੰ ਜੇਹੜਾ ਕੋਈ ਅਰਾਧੇਗਾ ਅਗੇ ਲਈ ਪ੍ਰਗਟ ਨਹੀਂ ਹੋਵਾਂਗੀ।'—ਮਾਨੋ ਸਤਿਗੁਰਾਂ ਦੀ ਪੂਜਾ ਪ੍ਰਤਿ-ਸ਼ਟਾ ਹੀ ਸੰਸਾਰ ਵਿਚ ਅੱਗੇ ਲਈ ਰਹੇਗੀ॥

ਇਹ ਚਰਿਤ੍ਰ ਅਸਲੀਅਤ ਦਾ ਪਾਜ ਉਘਾੜਨ ਤੇ

Digitized by Panjab Digital Library | www.panjabdigilib.org

ਹਿੰਦੂ ਮਤ ਨੂੰ ਵਿਸ਼ੇਸ਼ ਪ੍ਰਭਾਵਤ ਕਰਨ ਦੇ ਭਾਵ ਅਨੁਸਾਰ ਨਰ ਲੀਲਾ ਮਾਤ੍ਰ ਤੇ ਸਤਿਗੁਰਾਂ ਨੇ ਵਰਤਾਇਆ ਸੀ, ਹੋਰ ਇਸ ਵਿਚ ਕੋਈ ਭੇਦ ਨਹੀਂ ਸੀ ਜੈਸਾ ਕਿ ਸ੍ਵੰਯੰ ਓਸ ਪੰਡਿਤ ਦੇ ਇਸ ਬਚਨ ਤੋਂ ਸਪਸ਼੍ਟ ਹੈਃ--

'ਦੀਰਘ ਹੁਤੇ ਭਾਗ ਮਮ ਪੂਰਬ ।
ਮਿਲਜੋ ਅਚਾਨਕ ਪ੍ਰਭੂ ਅਪੂਰਬ ।
ਨਰ ਨੀਲਾ ਕੇ ਹੋਇ ਅਨੁਸਾਰੀ ।
ਮੁਹਿਜਸ ਦੈਨ ਆਦਿ ਕ੍ਰਿਤਕਾਰੀ ।'

ਜੀਕੂੰ ਸੁਧੀ ਦਾ ਝੰਬੇਲਾ ਹਿੰਦੂਆਂ ਦੇ ਆਪ ਸੁਧੀ ਵਿਚ ਪ੍ਰਵਿਰਤ ਹੋਣ ਕਾਰਣ ਮਿਟਿਆ ਸੀ ਇਕੂੰ ਹੀ ਜਿਥੋਂ ਓਨਾਂ ਦੇਵੀ ਦਾ ਪ੍ਰਸੰਗ ਲਿਆ ਓਥੋਂ ਹੀ ਦੇ ਪ੍ਰਸੰਗਾਂ ਨਾਲ ਇਹ ਭੀ ਸੁਝਾ ਦਤਾ ਗਿਆ ਕਿ ਸਤਿਗੁਰਾਂ ਕੀਕੂੰ ਦੇਵੀ ਮੰਨੀ ਤੇ ਕੀਕੂੰ ਨਹੀਂ ਮੰਨੀ। ਹੁਣ ਅਸੀਂ ਅੱਜ ਕੱਲ ਦੇ ਵਤੀਰੇ ਮੂਜਬ "ਮਹਾਂ ਪ੍ਰਸਾਦਿ" ਸਬਦ ਵੱਲ ਔਂਦੇ ਹਾਂ ॥

ਮਾਸ ਬਹੁਤੇ ਹਿੰਦੂ ਖਾਂਦੇ ਹਨ ਤੇ ਇਵੇਂ ਹੀ ਬਹੁਤ ਸਾਰੇ ਸਿੱਖ ਭੀ। ਮਾਸ ਦੇ ਖਾਣ ਦਾ ਇਨ੍ਹਾਂ ਵਿਚ ਕੋਈ ਝਗੜਾ ਨਹੀਂ, ਅਲਬੱਤਾ ਇੱਕ ਆਪੋ ਵਿਚ ਫਰਕ ਹੈ ਤੇ ਇੱਕ ਗੱਲ ਦਾ ਝਗੜਾ--ਫਰਕ ਇਹ ਹੈ ਕਿ ਹਿੰਦੂ ਮਾਸ ਖਾਣ ਵਾਲੇ ਇਸ ਗਲ ਦੇ ਪਾਬੰਦ ਨਹੀਂ ਕਿ ਓਹ ਤਿਆਰ ਕੀਤਾ ਹੋਇਆ ਕਿਸੇ ਦਾ ਹੋਵੇ, ਪਰ ਸਿੱਖ ਝਟਕੇ ਨੂੰ ਛੱਡਕੇ ਕੁੱਠਾ ਖਾਣਾ ਧਰਮੋਂ ਪਤਿਤ ਹੋ ਜਾਣਾ ਸਮਝਦੇ ਹਨ। ਹਾਲਾਂ ਕਿ ਕੁੱਠਾ ਖਾਣ ਵਿਚ ਧਰਮ ਹਿੰਦੂ ਦਾ ਭੀ ਸੰਸੇ ਤੇ

Digitized by Panjab Digital Library | www.panjabdigilib.org

ਖਤਰੇ ਵਿਚ ਹੁੰਦਾ ਹੈ ਅਰ ਅਵਸ਼ਜ ਹੀ ਹੁੰਦਾ ਹੈ। ਰਹੀ ਝਗੜੇ ਵਾਲੀ ਗੱਲ ਜਿਸਦਾ ਨਿਰਭਾਰ ਕੇਵਲ 'ਮਹਾਂ ਪ੍ਰਸ਼ਾਦਿ' ਸ਼ਬਦ ਉਪਰ ਹੈ ॥

ਜਦੋਂ ਗੁਰੂ ਮਹਾਰਾਜ ਜੀਨੇ ਅੰਮ੍ਰਿਤ ਛਕਾਕੇ ਚਾਰ ਵਰਨ ਕੇ ਏਕੋ ਭਾਈ ਸਾਨੂੰ ਬਨਾਇਆ ਸੀ ਤਾਂ ਓਸ ਸਮੇਂ ਹਿੰਦੂਆਂ ਭਾਰਾ ਵਿਰੋਧ ਏਸ ਘਰ ਨਾਲ ਕੀਤਾ ਤੇ ਹਠ ਧਾਰਣਾ ਸੀ ਕਿ 'ਸਕੇਸ' ਕਿਸੇ ਨੂੰ ਨਹੀਂ ਰੈਹਣ ਦੇਣਾ ਜਦਕਿ ਆਮ ਤੌਰ ਤੇ ਵੈਸ਼ਨਵ ਮਤ ਪ੍ਰਚਲਿਤ ਤੱਕਦਿਆਂ ਹੋਯਾਂ ਗੁਰੂ ਸਾਹਿਬ ਨੇ ਰਾਜਨੈਤਕ ਨੁਕਤੇ ਨੂੰ ਧਯਾਨ ਵਿਚ ਰੱਖ ਓਨਾਂ ਨੂੰ ਮਾਸ ਭੱਖਣ ਵਿਚ ਪ੍ਰਵਿਰਤ ਕੀਤਾ ਸ਼ਸਤ੍ਰ ਅਭਯਾਸ ਕਰੋਣ ਲਈ ਸ਼ਿਕਾਰ ਵਿਚ ਆਪਣੇ ਸਿੱਖਾਂ ਨੂੰ ਖਿਡੋਂਦਯਾਂ ਹੋਇਆਂ ਏਨਾਂ ਨੂੰ ਖਾਤ੍ਰ ਧਰਮ ਦੀ ਸਿੱਖਯਾ ਦਿੱਤੀ ਸੀ, ਜਦਕਿ ਦ੍ਵੈਖੀਆਂ ਨੂੰ ਚਿੜੋਨ ਮਾਤ੍ਰ 'ਮਾਸ' ਨੂੰ 'ਮਹਾਂ ਪ੍ਰਸ਼ਾਦ' ਸਦੋਨ ਦੀ ਪ੍ਰਪਾਟੀ ਪ੍ਰਚਲਿਤ ਕੀਤੀ ਸੀ, ਕਯੋਂਕਿ 'ਮਹਾਂ ਪ੍ਰਸ਼ਾਦਿ' ਓਸ ਪ੍ਰਸਾਦਿ ਨੂੰ ਆਖਦੇ ਸਨ ਜੋ ਦੇਵਤਾ ਪ੍ਰਮਾਤਮਾਂ ਅਗੇ ਨਈਵੇਦ ਚੜ੍ਹਾਯਾ ਹੋਇਆ ਹੋਵੇ। ਬਹਤੇਰਾ ਓਸ ਸਮੇਂ ਦੇ ਹਿੰਦੂਆਂ ਵੈਸ਼ਨਵਾਂ ਨੇ ਇਸ ਸ਼ਬਦ ਨਾਲ ਵਿਰੋਧ ਪਾਲਿਆ ਪਰ ਸਿੰਘ ਕਿਸੇ ਪ੍ਰਕਾਰ ਭੀ ਇਸ ਗੱਲੋਂ ਨਾਂ ਹਟੇ ਤੇ ਐਸਾ ਡਟੇ ਕਿ ਇਸਦਾ ਨਾਮ ਹੀ ਮਹਾਂ ਪ੍ਰਸ਼ਾਦਿ ਪੈ ਗਿਆ ਤੇ ਹਿੰਦੂਆਂ ਨੇ ਇਸ ਸ਼ਬਦ ਦਾ ਬਹੁਤ ਕਰਕੇ ਤਯਾਗ ਹੀ ਕਰ ਦਿੱਤਾ ਅਰ ਬਜਾਇ 'ਮਹਾਂ ਪ੍ਰਸ਼ਾਦ' ਕਹਿਣ ਦੇ ਇਸ ਨਈਵੇਦ ਰੂਪ ਪਦਾਰਥ ਨੂੰ 'ਠਾਕਰ ਭੋਗ' 'ਮੋਹਣ ਭੋਗ' ਆਦ

Digitized by Panjab Digital Library | www.panjabdigilib.org

ਕਹਿਕੇ ਸੱਦਣਾਂ ਸ਼ੁਰੂ ਕਰ ਦਿੱਤਾ। ਹੁਣ ਜਦ ਉਸ ਚੋੜ ਦਾ ਵੇਲਾ ਨਾਂ ਰਿਹਾ ਤੇ ਹਿੰਦੂਆਂ ਨੇ ਸਿੱਖਾਂ ਨਾਲ ਬਹੁਤੀ ਘ੍ਰਿਣਾ ਛੱਡ ਦਿੱਤੀ ਤਾਂ ਇਨਾਂ ਸਿੰਘਾਂ ਨੇ ਉਚਿਤ ਸਮਝਿਆ ਕਿ ਅਸਲੀ ਵਸਤੂ ਨੂੰ ਹੀ 'ਮਹਾਂ ਪ੍ਰਸ਼ਾਦਿ' ਸਦਿਆ ਜਾਯਾ ਕਰੇ ਅਰ ਕੜਾਹ ਪ੍ਰਸ਼ਾਦ ਨੂੰ ਮਹਾਂ ਪ੍ਰਸ਼ਾਦ ਸੱਦਨਾ ਅਰੰਭ ਕਰ ਦਿੱਤਾ। ਇਉਂ ਜੀਕੂੰ ਇਸ ਸ਼ਬਦ ਨੂੰ ਸਿੰਘਾਂ ਦੇ ਗ੍ਰਹਿਣ ਸਮੇਂ ਓਹ ਖੁਣਸੇ ਸਨ ਤੀਕੂੰ ਹੀ ਹੁਣ ਇਸਦੇ ਤਯਾਗ ਵਿਚ ਭੀ ਖੁਣਸ ਖਾਂਦੇ ਹਨ। ਹਾਲਾਂ ਕਿ ਇਸ ਵਿਚ ਉਨਾਂ ਨੂੰ ਕੋਈ ਹਾਨੀ ਲਾਭ ਨਹੀਂ ਹੋ। ਸਕਦਾ ਅਸਲ ਵਿਚ ਧੁਖਧੁਖੀ ਓਹੋ ਹੀ ਹੈ ਜੋ ਅਸੀਂ ਪਹਿਲੇ ਦੱਸ ਚੁਕੇ ਹਾਂ। ਇਸਦਾ ਇਲਾਜ ਭੀ ਸਿਵਾਏ ਸਾਡੀ ਦੱਸੀ ਵਜੋਂਤ ਦੇ ਹੋਰ ਨਹੀਂ ਹੋ ਸਕਦਾ॥

ਅਸਾਨੂੰ ਖਿਆਲ ਫੁਰਿਆ ਹੈ ਕਿ ਇਹ ਗੱਲ ਕਈਆਂ ਸਿੰਘਾਂ ਨੂੰ ਜਰੂਰ ਫੁਰੇਗੀ ਕਿ ਕੀਹ ਇਹ ਸੱਚਮੁੱਚ ਹੀ ਰਾਜਨੈਤਿਕ ਨੁਕਤਾ ਸੀ ਜਿਸ ਕਰਕੇ ਸਤਿਗੁਰਾਂ ਸਾਨੂੰ ਉਸ ਸਮੇਂ ਮਾਸ ਭੋਜੀ ਬਣਾਇਆ ਸੀ? ਅਸਾਂ ਤਾਂ ਆਖਾਂਗੇ ਕਿ ਹਾਂ–ਕਯੋਂਕਿ ਗੁਰਬਾਣੀ ਵਿਚ ਮਾਂਸ ਅਹਾਰ ਦੇ ਪੱਖ ਵਿਚ ਕੋਈ ਸ਼ਬਦ ਯਾ ਕੋਈ ਤੁਕ ਨਹੀਂ ਮਿਲਦੀ ਸਿਵਾਇ ਉਸ ਸ਼ਬਦ ਦੇ ਜੇਹੜਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਰੂਖੇਤ੍ਰ ਗ੍ਰਹਣ ਸਮੇਂ ਕਰਮ ਕਾਂਡੀਆਂ ਤੇ ਝਗੜਨ ਆਏ ਲੋਕਾਂ ਨੂੰ ਝਾੜਨ ਤੇ ਸਿਧੇ ਰਾਹ ਪਾਵਣ ਲਈ– 'ਮਾਸਹੁ ਜੰਮੇ ਮਾਸਹੁ ਨਿੰਮੇ ਹਮ ਮਾਸਹ ਕੇ ਭਾਂਡੇ.........' ਇਤਯਾਦਿਕ ਤੋਂ ਸਹੀ ਹੈ। ਇਸ ਸ਼ਬਦ ਵਿਚ ਮਾਸ ਦਾ ਮੰਡਨ ਮੂਲੋਂ ਨਹੀਂ ਹੈ

Digitized by Panjab Digital Library | www.panjabdigilib.org

ਬਲਕਿ ਓਹੋ ਕਟਾਖਸ਼ ਹੀ ਜੇਹੜਾ ਕਿ ਦਸਮੇਸ ਪਿਤਾ ਨੇ ਧਾਰਮਿਕ ਭਾਵ ਵਿਚ ਹਿੰਦੂਆਂ ਨਾਲੋਂ ਸਿੱਖਾਂ ਨੂੰ ਨਿਆਰਿਆਂ ਰੱਖਣ ਵਿਚ ਇਸਦੇ ਵਿਧਾਨ ਕਰਣ ਲਈ ਪ੍ਰਵਾਨਿਆ ਸੀ। ਉਂਞ ਤਾਂ ਇਸ ਸ਼ਬਦ ਦੀ ਸਾਖੀ ਹੀ ਸਪਸ਼ਟ ਕਰਦੀ ਹੈ ਕਿ ਗੁਰੂ ਸਾਹਿਬ ਨੇ ਬਾਵਜੂਦ ਹਿਰਣ ਦਾ ਮਾਸ ਰਿੰਨ੍ਹਣ ਦੇ ਖੁਵਾਇਆ ਸਭਨੂੰ ਹੀ ਖੀਰ ਰੂਪ ਵਿਚ ਸੀ। ਖੈਰ। ਅਸਾਡਾ ਪ੍ਰਯੋਜਨ ਮਾਂਸ ਖੰਡਨ ਯਾ ਮੰਡਨ ਵਿਚ ਕੋਈ ਨਹੀਂ। ਅੱਜ ਕੱਲ ਬਿਅੰਤ ਪਸਚਮੀ ਡਾਕਟਰ ਏਸ ਪੱਖ ਵਿਚ ਹੀ ਆ ਰਹੇ ਹਨ ਕਿ ਮਨੁੱਖ ਨੂੰ ਕੁਦਰਤ ਨੇ ਮਾਸ ਭੋਜੀ ਨਹੀਂ ਬਨਾਯਾ। ਇਸ ਸੁਧਰਮ ਮਾਰਗ ਗ੍ਰੰਥ ਵਿਚ ਭੀ ਕਿਤੇ ੨ ਮਾਸ ਵਿਵਰਜਿਤ ਰਹਿਨ ਦੀ ਹੀ ਆਗਿਆ ਦਿਖਾਈ ਦਿੰਦੀ ਹੈ ਜਿਸਨੂੰ ਪੜ੍ਹਨ ਤੇ ਪਾਠਕਾਂ ਨੂੰ ਭਰਮ ਵਿਚ ਨਹੀਂ ਪੈਣਾ ਚਾਹੀਦਾ ਬਲਕਿ ਇਉਂ ਸਮਝ ਲੈਣਾ ਚਾਹੀਦਾ ਹੈ ਕਿ ਸ਼ੁਧ ਧਾਰਮਿਕ (Pure Religions Point of View) ਭਾਵ ਨਾਲ ਮਾਂਸ ਗੁਰਮਤ ਵਿਚ ਵਿਵਰਜਿਤ ਹੈ ਤੇ (Political Point of View) ਨੈਤਿਕ ਭਾਵ ਨਾਲ ਗ੍ਰਹਿਣ ਯੋਗ੍ਯ ॥

ਇਸੇ ਤਰਾਂ ਆਮ ਪ੍ਰਚਲਿਤ ਪ੍ਰਪਾਟੀ ਨਾਲੋਂ ਜੇਕਰ ਕੋਈ ਵਰਤਾਰੇ ਵਿਰੁਧ ਗੱਲ ਇਸ ਗ੍ਰੰਥ ਵਿਚ ਦਿਖਾਈ ਦੇਵੇ ਤਾਂ ਸਮਯ ਦੀ ਚਾਲ ਅਨੁਸਾਰ ਵੈਰਾਗ ਆਦਿਕ ਸਾਧਨਾ ਉਪਰ ਓਸਦਾ ਨਿਰਭਾਰ ਸਮਝਦਿਆਂ ਹੋਇਆਂ ਬਾਣੀ ਦੀ ... ਤਾਂ ਯਥਾਰਥ ਹੀ ਭਾਸੇਗੀ। ਸਿਵਾਇ ... ਆਦ

ਪ੍ਰਕਿਰਿਆ ਭਰੇ ਉਪਦੇਸ਼ ਹਨ ਸੂਰਯ ਪ੍ਰਕਾਸ਼ ਦਿਆਂ ਬਿਅੰਤ ਪ੍ਰਸੰਗਾਂ ਨੂੰ ਆਸਾਨ ਬਨਾਣ ਤੇ ਬ੍ਰਹਮ ਗਿਆਨ ਦਾ ਰਸਤਾ ਸੁਝਾਨ ਲਈ ਬੜੇ ਸਹਕਾਰੀ ਹਨ ਸਿਰਫ ਇਹ ਸਮਝਕੇ ਕਿ ਓਹਨਾਂ ਦਾ ਨਾਮ ਇਹ ਕਿਉਂ ਹੈ ਓਹਨਾਂ ਤੋਂ ਉਪ੍ਰਾਮ ਨਹੀਂ ਹੋ ਜਾਣਾ। ਬਲਕਿ ਜੋ ਭੀ ਬਾਤ ਸਾਡੇ ਧਰਮ ਦੇ ਨਾਉਂ ਤੇ ਸਾਡੇ ਸਾਮਨੇ ਪੇਸ਼ ਹੋਵੇ ਓਸਤੇ ਸਭ ਤਰਾਂ ਨਾਲ ਵਾਹ ਲਗਦੀ ਵੀਚਾਰਦਾ ਬਲ ਖਰਚ ਕਰਣਾ ਚਾਹੀਦਾ ਹੈ ਇਥੋਂ ਤਕ ਕਿ ਜੋ ਕੁਝ ਭੀ ਵਰਤਾਰੇ ਦੇ ਲਾਇਕ ਭਾਸੇ ਵਰਤੋਂ ਵਿਚ ਲਿਆਕੇ ਸਤਤਾ ਦੀ ਸਾਨੂੰ ਪਰਖ ਕਰੀ ਲੋੜੀਏ॥

ਸਚ ਮੁਚ ਅਸਾਡੀ ਜ਼ਿੰਦਗੀ ਲਈ ਇਹ ਸੁਖ ਮਾਰਗ ਤੇ ਸਾਡਾ ਸੁਧਰਮ ਮਾਰਗ ਹੀ ਦੱਸਨ ਦਾ ਸਾਧਨ ਰੂਪ ਗ੍ਰੰਥ ਹੈ। ਜਿਸਦੇ ਪਾਠ ਵੀਚਾਰ ਮਾਤ੍ਰ ਤੇ ਅਨੰਤ ਸੰਸੇ ਭਰਮਾਂ ਤੋਂ ਅਸੀਂ ਬਚਕੇ ਮੁਕਤ ਮਾਰਗ ਉਪਰ ਚੱਲਨ ਦੇ ਸਚੇ ਅਧਿ-ਕਾਰੀ ਬਣ ਸਕਦੇ ਹਾਂ। ਇਸ ਵਿਚ ਲਿਖੇ ਹੇਠ ਧਿਆਵਾਂ ਤੋਂ ਮਲੂਮ ਹੋਊ ਕਿ ਕੀਹ ੨ ਅਮੋਲਕ ਰਤਨ ਗਿਆਨ ਪ੍ਰਾਇਣੀ ਸਾਨੂੰ ਪ੍ਰਾਪਤ ਹੋਣ ਜੋਗ ਹਨ। ਜੇਕਰ ਪਾਠਕਾਂ ਨੇ ਇਸਤੋਂ ਲਾਭ ਉਠਾਇਆ ਤੇ ਅਗਲੇ ਮਾਰਗ ਦੀ ਤਾਂਘ ਕੀਤੀ ਤਾਂ ਭੋਸਾ ਹੈ ਜੋ ਇਸਤੋਂ ਅਗਲਾ ਗ੍ਰੰਥ ਮੁਕਤੀ ਮਾਰਗ ਭੀ ਆਪ ਲੋਕਾਂ ਦੇ ਹੱਥਾਂ ਵਿਚ ਪੁਚਾਇਆ ਜਾਊ ਇਸ ਗ੍ਰੰਥ ਵਿਚ ਇਹ ਪ੍ਰਸੰਗ ਮੁੱਖ ੨ ਹਨਃ—

੧ ਗੁਰ ਪਣਾਲੀ

[illegible]

੩ ਅੰਮ੍ਰਿਤ ਛਕਾਵਣ ਬਿਧ
੪ ਪੰਚ ਸਿੰਘ ਆਦ ਸੰਬੂਹ ਸਿੰਘ ਨਾਮ
੫ ਪਰਮ ਨਿਰੂਪਣ
੬ ਰਹਿਤ ਪ੍ਰਤਿਪਾਦਨ
੭ ਗੁਰਦੁਆਰ ਉਪਮਾ ਮਹਾਤਮ ਫਲ ਸ੍ਰੀ ਅੰਮ੍ਰਿਤਸਰ ਆਦਿਕ
੮ ਤਨਖ਼ਾਹ
੯ ਪ੍ਰਸ਼ਾਦ ਛਕਾਵਨ
੧੦ ਇਸ਼ਨਾਨ ਬਿਧ
੧੧ ਮ੍ਰਿਤਕ ਬਿਧ
੧੨ ਗ੍ਰਿਹਸਤੀ ਸਿੰਘ ਉਪਦੇਸ਼
੧੩ ਰਾਜ ਨੀਤ ਭੂਪ ਸਿੰਘ
੧੪ ਅਕਾਲੀ ਭੇਦ ਧਰਮ
੧੫ ਨਿਹੰਗ ਧਰਮ
੧੬ ਨਿਰਮਲੇ ਧਰਮ
੧੭ ਬੇਦਾਂਤ ਪ੍ਰਭਾਵ
੧੮ ਪੰਚੀ ਕਰਣ
੧੯ ਦੇਹ ਆਤਮ ਨਿਰਣੈ
੨੦ ਮੋਹ ਬਿਬੇਕ ਕਾ ਜੁਧ
੨੧ ਪਸਨੋਤਰ
੨੨ ਨਿਰਮਲੇ ਗੁਰਪੰਗਤੀ

੧੦ ੪-੨੩] ਸੰਤ ਸੰਪੂਰਣ ਸਿੰਘ ਤਰਨ ਤਾਰਨ

—:o:—

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

## ਅਥ ਸੁਧਰਮ ਮਾਰਗ ਗ੍ਰੰਥ ਲਿਖਯਤੇ

ਪਾਤਸ਼ਾਹੀ ੧੦ ਤਵ ਪ੍ਰਸਾਦਿ ॥ ਦੋਹਰਾ

ਵਾਹਗੁਰੂ ਜਪ ਪਰਮਪਦ ਪਾਵੈ ਮੁਕਤ ਅਪਾਰ । ਮਿਟੈ ਕਲਪਨਾ ਜਨਮ ਮਿਰਤ ਸਤਿਗੁਰ ਹੋਯ ਦਿਆਰ ॥ ੧ ॥ ਕਲ ਮੈਂ ਪਾਪ ਪਹਾਰ ਸੇ ਪ੍ਰਗਟ ਭਏ ਉਦੋਤ । ਤਿਨਕੇ ਕਾਟਨ ਅਰਥ ਕੌ ਸ੍ਰੀ ਗੁਰ ਹਰਿ ਧਰ ਜੋਤ ॥ ੨ ॥ ਅਤਿ ਮਲੇਛ ਬਾਢਯੋ ਬੰਸ ਕਰੈ ਕੁਕਰਮ ਅਪਾਰ। ਤਾਸ਼ ਨਿਕੰਦਨ ਜਨ ਪ੍ਰਮੁਦ ਭੂ ਭਵ ਹਰਣ ਸੁਧਾਰ ॥੩॥

ਅਥ ਗੁਰ ਪ੍ਰਕਾਸ਼ ਮੁਕਤਾਵਲੀ ਵਰਨਨੰ ॥ ਦੋਹਰਾ

ਜਿਉਂ ਤਰੰਗ ਉਪਜਿਓ ਉਦਕ ਅਨਕ

Digitized by Panjab Digital Library | www.panjabdigilib.org

ਪ੍ਰਕਾਰ ਅਨੂਪ। ਤਿਉਂ ਜਨ ਹਰ ਹਰ
ਉਦੈ ਦਸ ਅਵਤਾਰ ਸਰੂਪ ॥ ੪ ॥

ਟੀਕਾ--ਦਸ ਅਵਤਾਰ ਉਤਪਤੀ ॥

ਬੰਸ਼ ਗੁਰੂ ਨਾਨਕ ਜੀਕਾ ਗੁਰੂ ਨਾਨ
ਬੇਟਾ ਕਾਲੂ ਕਾ ਕਾਲੂ ਸਾਵਣ ਕਾ ਸਾਵ
ਰਾਮ ਦਾ ਰਾਮ ਅਲੋਪ ਰਾਇ ਦਾ ਅਲੋ
ਰਾਇ ਚਤਰ ਸਾਲ ਦਾ ਚਤਰ ਸਾ
ਬੇਦੀ ਦਾ ਨਾਮ ਬੇਦੀ ਇਸੀ ਬੰਸ ਪ
ਜੋ ਬੇਦ ਪਾਠ ਭਲੀ ਪ੍ਰਕਾਰ ਪਠਜੇ, ਬੇ
ਕੁਸ਼ੂ ਕੇ ਕੁਸੂ ਰਾਮ ਦਾ ਰਾਮ ਦਸਰਥ ਦ
ਦਸਰਥ ਅਜ ਦਾ ਅਜ ਅਘਰਘ ਦ
ਅਘਰਘ ਬੇਟਾ ਰਘ ਦਾ ਰਘ ਸ਼ੰਭੂ ਦ
ਸ਼ੰਭੂ ਦਲੀਪ ਦਾ ਦਲੀਪ ਮਾਨਧਾਤਾ ਦ
ਮਾਨਧਾਤਾ ਸੂਰਜ ਦਾ ਸੂਰਜ ਕਸ਼ਪ ਦ

Digitized by Panjab Digital Library | www.panjabdigilib.org

ਕਸ਼ਪ ਮਰੀਚ ਦਾ ਮਰੀਚ ਬ੍ਰਹਮਾ ਦਾ ਬ੍ਰਹਮਾ ਬਿਸ਼ਨੂੰ ਦਾ ਬਿਸ਼ਨੂੰ ਆਪ ਨਿਰੰ-ਕਾਰ ਸਰਬ ਕਾ ਅਧਾਰ। ਸੋ ਗੁਰੂ ਨਾਨਕ ਅਵਤਾਰ ਨਮਿਤ ਸੰਸਾਰ ਪਿਤਾ ਬਾਬਾ ਕਾਲੂ ਮਾਤਾ ਨਾਮ ਤ੍ਰਿਪਰੋ ਜਾਤ ਬੇਦੀ ਖਤ੍ਰੀ ਘਰ ਤਿਸਕੇ ਸ੍ਰੀ ਗੁਰੂ ਨਾਨਕਜੀ ਅਵਤਾਰ ਲੀਆ ਤਾਂਕੀ ਬਹਿਨ ਬੀਬੀ ਨਾਨਕੀ। ਮਹਲ ਮਾਤਾ ਸੁਲੱਖਣੀ ਤਿਸਕੇ ਬੇਟੇ ਭਏ ਦੋ ਸ੍ਰੀ ਚੰਦ ਦੂਜੇ ਲਖਮੀ ਦਾਸ ਜੀ ਗੁਰਿਆਈ ਗੁਰੂ ਅੰਗਦ ਜੋਗ ਮਿਲੀ। ਬਰਖ ਸੱਤ੍ ੭੦ ਅਰ ਮਹੀਨੇ ੫ ਦਿਨ ੭ ਤਖਤ ਪਰ ਨਿਵਾਸ ਕੀਯੋ ਸੰਮਤ ੧੫੦੦ ਪੰਦਰਾਂ ਸੈ ੯੯ ਅੱਸੂ ਵਦੀ ਦਸਮੀ ੧੦ ਜੋਤਮੈਂ ਜੋਤ ਸਮਾਨੀ ਡੇਹਰਾ ਜੀ ਰਾਵੀ ਕੇ

Digitized by Panjab Digital Library | www.panjabdigilib.org

ਕਿਨਾਰੇ ਦਰਬਾਰ ਸਾਹਬ ਜੀ ਬਨਾਯਾ॥੧॥

ਗੁਰੂ ਅੰਗਦ ਜੀ ਕਾ ਪਿਤਾ ਭਾਈ ਫੇਰੂ, ਮਾਤਾ ਦਇਆ ਕੌਰ ਮਹਲ ਮਾਤਾ ਖੀਵੀ ਜਾਤ ਤ੍ਰੇਹਣ ਖਤ੍ਰੀ ਬੇਟੇ ਦੋਇ ਦਾਤੂ ਔਰ ਦਾਸੂ ਗੁਰਿਆਈ ਗੁਰ ਅਮਰਦਾਸ ਜੋਗ ਦਈ ਵਰਖ ੧੨ ਦਵਾਦਸ ਮਹੀਨੇ ੬ ਦਿਨ੩ ਗੁਰੂ ਅੰਗਦ ਤਖਤ ਪਰ ਇਸਥਿਤ ਰਹੇ ਸੰ: ੧੬ ਸੈ ਅਰ ੯ ਵਰਖ ਚੇਤ ਸੁਦੀ ਚੌਥ ਜੋਤ ਮੈਂ ਜੋਤ ਮਿਲੀ ਦਰਬਾਰ ਸਾਹਿਬ ਖੰਡੂਰ ਜੀ ਥਾਪਿਆ ॥ ੨ ॥

ਸ੍ਰੀ ਗੁਰੂ ਅਮਰਦਾਸ ਜੀ ਦਾ ਪਿਤਾ ਬਾਬਾ ਤੇਜੋ, ਮਾਤਾ ਜੀ ਰੂਪਕੌਰ ਜਾਤ ਭੱਲੇ ਖਤ੍ਰੀ ਮਹਲ ਮਾਤਾ ਰਾਮੋਂ ਪੁਤ੍ਰ ਗੁਰੂ ਅਮਰ ਦਾਸ ਜੀ ਕੇ ਦੋਇ ਮੋਹਰੀ ਅਰ ਮੋਹਨ ਜੀ

Digitized by Panjab Digital Library | www.panjabdigilib.org

ਪੁਤ੍ਰੀ ਬੀਬੀ ਭਾਨੀ ਗੁਰਿਆਈ ਗੁਰੂ ਰਾਮਦਾਸ ਜੋਗ ਦਈ ਬਰਖ ੨੨ ਮਹੀਨੇ ੫ ਦਿਨ ੧੧ ਇਕਾਦਸ ਸ੍ਰੀ ਗੁਰੂ ਜੀ ਤਖਤ ਪਰ ਇਸਥਿਤ ਰਹੇ। ਸੰਮਤ ੧੬ ਸੈ ੩੧ ਭਾਦਰੋਂ ਮਹੀਨੇ ਦੀ ਪੂਰਨਮਾਸ਼ੀ ਸ੍ਰੀ ਗੁਰੂ ਅਮਰਦਾਸ ਜੀ ਸਰੂਪ ਮੇਂ ਜਾਇ ਮਿਲੇ। ਗੋਇੰਦਵਾਲ ਜੀ ਤਿਨਕਾ ਦਰਬਾਰ ਸਾਜਿਆ ॥ ੩ ॥

ਸ੍ਰੀ ਗੁਰੂ ਰਾਮਦਾਸ ਜੀ ਪਿਤਾ ਬਾਬਾ ਹਰ-ਦਾਸ ਮਾਤਾ ਖੇਮਕੌਰ ਜਾਤ ਸੋਢੀ ਖਤ੍ਰੀ ਮਹਲ ਮਾਤਾ ਭਾਨੀ ਪੁਤ੍ਰ ਤਿਨਕੇ ੩ ਗੁਰੂ ਅਰਜਨ ੧, ਪ੍ਰਿਥੀਆ ੨, ਮਹਾਦੇਵ ੩, ਗੁਰਿਆਈ ਗੁਰੂ ਅਰਜਨ ਜੋਗ ਮਿਲੀ ਦੁਆਦਸ ੧੨ ਦਿਨਾਂ ਘਾਟ ੭ ਵਰਖ

Digitized by Panjab Digital Library | www.panjabdigilib.org

ਸਤਗੁਰੂ ਰਾਮਦਾਸ ਜੀ ਤਖਤ ਪਰ ਨਿਵਾਸ ਕੀਆ ੧੬ ਸੈ ਤ੍ਰੇਹਠ ਵਰਖ ਜੇਠ ਸੁਦੀ ਤੀਜ ਗੁਰੂ ਰਾਮਦਾਸ ਜੀ ਪਰਮਜੋਤ ਮੈਂ ਇਸਥਿਤ ਭੁਏ ਤਿਨਕਾ ਦਰਬਾਰ ਦੇਹਰਾ ਸਾਹਿਬ ਗੋਇੰਦਵਾਲ ਜੀ ਮੈਂ ਦਰਿਆ ਕੇ ਬੀਚ ਮੇਂ ਹੈ ॥ ੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਪਿਤਾ ਤਿਨਕੇ ਨਾਮ ਗੁਰੂ ਰਾਮਦਾਸ ਜੀ ਮਾਤਾ ਬੀਬੀ ਭਾਨੀ ਜਾਤ ਸੋਢੀ ਮੈਹਲ ਮਾਤਾ ਗੰਗਾ ਪੁਤ੍ਰ ਤਿਨਕੇ ਏਕ ਸ੍ਰੀ ਹਰਗੋਬਿੰਦ ਜੀ ਸ਼ਸਤ੍ਰ ਧਾਰੀ ਹੂਏ। ਗੁਰਿਆਈ ਤਿਨਾਂ ਜੋਗ ਭੁਈ ਵਰਖ ੨੪ ਮਹੀਨੇ ੯ ਦਿਨ ਇਕੀਸ ਸ੍ਰੀ ਗੁਰੂ ਅਰਜਨ ਜੀ ਤਖਤ ਪਰ ਰਹੇ। ਸੰਮਤ ੧੬੦੦ ਇਕਾਨਵੇਂ ੯੧

Digitized by Panjab Digital Library | www.panjabdigilib.org

ਜੇਠ ਸੁਦੀ ੪ ਕਰਿਸ਼ਨ ਪੱਖ ਗੁਰੂ ਅਰਜਨ ਜੀ ਜੋਤ ਮੇਂ ਜੋਤ ਸਮਾਇ ਤਿਨਕਾ*ਦਰਬਾਰ ਲਾਹੌਰ ਮੇਂ ਬਣਾ॥ ੫ ॥

ਸ੍ਰੀ ਗੁਰੂ ਹਰ ਗੋਬਿੰਦ ਜੀ ਪਿਤਾ ਗੁਰੂ ਅਰਜਨ ਜੀ ਮਾਤਾ ਗੰਗਾ ਜੀ ਸੋਢੀ ਜਾਤ ਸ੍ਰੀ ਗੁਰੂ ਹਰਗੋਬਿੰਦ ਜੀ ਕੇ ਬੇਟੇ ੫ ਮਹਿਲ ੩ ਮਾਤਾ ਦਮੋਦਰੀ ਜੀ ੧ ਤਿਨਕਾ ਬੇਟਾ ਏਕ ਥਾ ਬਾਬਾ ਗੁਰਦਿੱਤਾ ਜੀ ਦੂਜੀ ਮਾਤਾ ਮਰਵਾਹੀ ੨ ਤਿਨਕੇ ਸੂਰਜ ਮਲ ਜੀ ਤੀਸਰੀ ਮਾਤਾ ੩ ਨਾਨਕੀ ਜੀ ਤਿਨਕੇ ਬੇਟੇ ਤੀਨ ਅਣੀਰਾਇ ੧ ਅਟੱਲਰਾਇ ੨ ਤੇਗ ਬਹਾਦਰ ਜੀ ੩ ਬਾਬੇ ਗੁਰਦਿੱਤੇ ਕੇ ਪੁਤ੍ਰ ਦੋਇ ਗੁਰੂ ਹਰਰਾਇ ੧ ਔਰ ਧੀਰ ਮਲ

---

*ਦੇਹੁਰਾ ਸਾਹਿਬ।

Digitized by Panjab Digital Library | www.panjabdigilib.org

ਜੀ ੨ ਮਹਿਲ ਮਾਤਾ ਅਨੰਤੀ ਗੁਰਿਆਈ ਦੀ ਬਖਸ਼ ਭਈ ਪੋਤੇ ਕਉ ਗੁਰੂ ਹਰਰਾਇ ਜੋਗ ਵਰਖ ਅਠੱਤੀ ਮਹੀਨੇ ੧੦, ੬ ਦਿਨ ਤਖਤ ਉੱਪਰ ਰਹੇ ਸੰਮਤ ੧੭ ਸੌ ੧ ਵਰਖ ਸੁਕਲਾ ਪਖ ਚੇਤਕੀ ਪੰਚਮੀ ਅਦਿਤ ਵਾਰ ਸ੍ਰੀ ਹਰਗੋਬਿੰਦ ਜੀ ਪਰਮ ਜੋਤ ਮੈਂ ਲੀਨ ਭਏ ਅਨੰਦ ਪੁਰ ਪਤਾਲ ਪੁਰੀ ਮੈਂ ਦਰਬਾਰ ਬਣਾ ॥ ੬ ॥

ਸ੍ਰੀ ਗੁਰੂ ਹਰਰਾਇ ਜੀ ਪਿਤਾ ਬਾਬਾ ਗੁਰਦਿਤਾ ਜੀ ਮਾਤਾ ਅਨੰਤੀ ਜੀ ਜਾਤ ਸੋਢੀ ਪੁਤ੍ਰ ਤਿਨਕੇ ੨ ਗੁਰੂ ਹਰ ਕ੍ਰਿਸ਼ਨਜੀ ਦੂਏ ਰਾਮਰਾਇ ਜੀ ਮਹਿਲ ੮ ਮਾਤਾ ਕਿਸ਼ਨ ਕੌਰ ੧, ਮਾਤਾ ਕੋਟ ਕਲਿਆਣੀ ੨, ਮਾਤਾ ਤੋਖੀ ਜੀ ੩, ਮਾਤਾ ਅਣੋਖੀ ਜੀ

Digitized by Panjab Digital Library | www.panjabdigilib.org

੪, ਮਾਤਾ ਲਡਿਕੀ ੫, ਮਾਤਾ ਚੰਦਕੌਰ ੬, ਮਾਤਾ ਪਰੇਮ ਕੌਰ ੭, ਮਾਤਾ ਰਾਮਕੌਰ ੮, ਐਸੇ ਮਹਿਲ ਆਠ ਹੂਏ ਮਾਤਾ ਕਿਸ਼ਨ ਕੌਰ ਕੇ ਘਰ ਗੁਰੂ ਹਰਿਕਿਸ਼ਨ ਜੀ ੧ ਮਾਤਾ ਕੋਟ ਕਲਿਆਂਣੀ ਖਵਾਸ ਥੀ ਇਸਕੇ ਰਾਮਰਾਇ ਜੀ ਗੁਰਿਆਈ ਗੁਰੂ ਹਰ ਕ੍ਰਿਸ਼ਨ ਜੋਗ ਮਿਲੀ ਬਰਖ ੨੩ ਛੇ ਮਹੀਨੇ ਦਿਨ ੧੪ ਗੁਰੂ ਹਰਰਾਇ ਜੀ ਤਖਤ ਉੱਪਰ ਰਹੇ ਸੰਮਤ ੧੭ ਸੈ ਮਾਹ ਅਠਾਰਾਂ ਵਰਖ ਕਤਕ ਨੌਮੀ ੯ ਕ੍ਰਿਸ਼ਨ ਪੱਖ ਅਦਿਤ ਵਾਰ ਗੁਰੂ ਹਰਰਾਇ ਜੀ ਪਰਮ ਜੋਤ ਕੋ ਪ੍ਰਾਪਤ ਭਏ ਅਨੰਦ ਪੁਰ ਪਤਾਲ ਪੁਰੀ ਮੇਂ ਦਰਬਾਰ ਬਣਾ ॥ ੭॥

ਸ੍ਰੀ ਗੁਰੂ ਹਰਕ੍ਰਿਸ਼ਨ ਜੀ ਪਿਤਾ ਗੁਰ

Digitized by Panjab Digital Library | www.panjabdigilib.org

ਹਰਰਾਇ ਜੀ ਮਾਤਾ ਕ੍ਰਿਸ਼ਨ ਕੌਰ ਜਾਤ ਸੋਢੀ ਬਾਲ ਅਵਸਥਾ ਰਹੀ। ਵਰਖ ੨ ਦੋਯ ੫ ਮਹੀਨੇ ਦਿਨ ੧੯ ਤਖਤ ਪੁਰ ਰਹੇ ਅੰਤ ਕੋ ਬਖਸ਼ੀਸ਼ ਬਾਬਾ ਤੇਗਬਹਾਦਰ ਜੀਕੋ ਅਛੇਤ ਬਚਨ ਕਹ ਗਏ ਗੁਰਿਆਈ ਤੇਗ ਬਦਾਦਰ ਜੋਗ ਮਿਲੀ ਸੰਮਤ ੧੭੦੦ ਸਤਾਰਾ ਸੈ ੨੧ ਵਰਖ ਚੇਤ ਸੁਦੀ ੧੪ ਚੋਦੇ ਸ੍ਰੀ ਗੁਰੂ ਹਰਕਿਸ਼ਨ ਜੀ ਜੋਤ ਮੈਂ ਜੋਤ ਸਮਾਣੀ ਦਿਲੀ ਮੈਂ ਦਰਬਾਰ ਬਨਾ-ਇਆ ॥ ੮ ॥

ਗੁਰੂ ਤੇਗ ਦਹਾਦਰ ਜੀ ਕਾ ਪਿਤਾ ਹਰ ਗੋਬਿੰਦ ਜੀ ਮਾਤਾ ਨਾਨਕੀ ਹੂਈ ਜਾਤ ਸੋਢੀ ਮਹਿਲ ਮਾਤਾ ਗੁਜਰੀ ਜੀ ਬਖਸੀਸ ਬਾਬੇ ਕੇ ਪੋਤੇ ਕੀ ਤਿਨਕਾ ਬੇਟਾ

Digitized by Panjab Digital Library | www.panjabdigilib.org

ਏੇਕ ਗੁਰੂ ਗੋਬਿੰਦ ਸਿੰਘ ਜੀ ਗੁਰੂਆਂ ਸਿਰ ਗੁਰੂਅਵਤਾਰ ਦਸ ਵਰਖ ੧੦ ਮਹੀਨੇ ਸਾਤ ਦਿਨ ੨੧ ਇਕੀਸ ਤਖਤ ਪਰ ਇਸਥਿਤ ਰਹੇ ਸੰਮਤ ੧੭੦੦ ਸਤਾਰਾ ਸੈ ਬਤੀਸ ਮਹੀਨਾ ਮਘਰ ੫ ਪੰਚਮੀ ਸ਼ੁਕਲਾ ਪਖ ਵੀਰਵਾਰ ਜੋਤ ਮੈਂ ਜੋਤ ਸਮਾਨੀ, ੯ ॥ ਦਿਲੀ ਮੈਂ ਦਰਬਾਰ ੧ ਅਨੰਦ ਪੁਰ ਮੇਂ ਦਰਬਾਰ ਸਾਹਿਬ ਹੂਆ ॥ ੯ ॥

ਗੁਰੂ ਗੋਬਿੰਦ ਸਿੰਘ ਜੀ ਪਿਤਾ ਗੁਰੂ ਤੇਗ ਬਹਾਦਰ ਜੀ ਮਾਤਾ ਗੁਜਰੀ ਜੀ ਜਾਤ ਸੋਢੀ ਮਹਿਲ ੩ ਤਿੰਨ, ਮਾਤਾ ਜੀਤੋ ਕੇ ੩ ਪੁਤਰ ਜੋਰਾਵਰ ਸਿੰਘ ੧ ਫਤੇ ਸਿੰਘ ੨ ਜੁਝਾਰ ਸਿੰਘ ੩ ਮਾਤਾ ਸੁੰਦਰੀ ਕੇ ਏਕ ਪੁਤਰ ਅਜੀਤ ਸਿੰਘ ੧ ਮਾਤਾ ਸਾਹਿਬ

Digitized by Panjab Digital Library | www.panjabdigilib.org

ਦੇਵੀ ਤਿਨਕੋ ਗੁਰੂ ਖਾਲਸਾ ਜੀ ਪਾਇਆ ਤਿਸਕੇ ਬੇਟੇ ਅਨਗਿਨਤ ਵਰਖ ੩੩ ਇਕੋ ਮਹੀਨੇ ਘੱਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਖਤ ਪਰ ਨਿਵਾਸ ਕੀਓ ਸੰਮਤ ੧੭੦੦ ਸੈ ਅਰੁ ੬੫ ਪੈਹਠ ਵਰਖ ਮਹੀਨਾ ਕੱਤਕ ਦੀ ਪੰਚਮੀ ੫ ਸੁਕਲਾ ਪਖ ਸ੍ਰੀ ਗੁਰੂ ਜੀ ਪਰਮ ਜੋਤਿ ਮੈ ਇਸਥਿਤ ਹੂਏ ਨਦੇੜ ਨਗਰ ਕੇ ਨਿਕਟ ਸ੍ਰੀ ਅਬਚਲਾ ਨਗਰ ਮੈਂ ਦਰਬਾਰ ਸਾਹਿਬ ਬਨਾਇਆ ਗੋਦਾਵਰੀ ਕੇ ਕਿਨਾਰੇ ਪੈ ॥ ੧੦ ॥

ਬਾਬਾ ਗੁਰਦਿਤਾ ਜੀ ਦੇਹ ਤਜੀ ਸੰਮਤ ੧੬੦੦ ਸੋਲਾ ਸੈ ਛਤੀਹ ਮਹੀਨਾ ਭਾਦ੍ਰੋਂ ਦਾ ਸੁਕਲ ਪਖ ਕੀ ਚੌਥ ਵਾਰ ਸ਼ੁਕਰ ਮੈਂ ਜੋਤਿ ਮੈਂ ਜੋਤਿ ਰਲੀ ਤਿਨਕਾ ਦਰਬਾਰ

Digitized by Panjab Digital Library | www.panjabdigilib.org

ਕੀਰਤ ਪੁਰ ਮੈਂ ਬਨਾਇਆ॥ ੧ ॥ ੧ ॥

ਗੁਰੂ ਹਠੀ ਸਿੰਘ ਜੀ ਪੁਤ੍ਰ ਪਾਲਕ ਸਾਹਿਬ ਦਸਵੇ ਪਾਤਿਸ਼ਾਹ ਕਾ ਜਾਤ ਕਾ ਮਾਈ ਪੋਤ੍ਰਾ ਦੇਹ ਤਜੀ ਤਿਨੈ ਸੰਮਤ ੧੭੦੦ ਚੌਸਠ ੬੪ ਥਿੱਤ ਛਟ ੬ ਚੇਤ੍ਰ ਮਾਸ ਤਿਸਕਾ ਦਰਬਾਰ ਬਿਧੀਪੁਰ ਪਾਸ ਦੱਖਣ ਮੈਂ ਬੁਰਾਨ ਪੁਰ ਮੈਂ ਹੈ ਜੈਸੇ ਚਾਰ ਬੇਟੇ ਥੇ ਤੈਸਾ ਵੁਹ ਜਾਨਿਆ ਸੋ ਮੁਖ ਬੀਂ ਬਚਨ ਕਹਾ ਸੋ ਅਬਚਲਾ ਨਗਰ ਆਵੈਗਾ ਜੋ ਗੁਰੂ ਹਠੀ ਸਿੰਘ ਕੇ ਦਰਬਾਰ ਤਨਖਾਹ ਪ੍ਰਥਮੈ ਬਖਸ਼ਾਵੈਗਾ ਤਾਂ ਦਰਬਾਰ ਮੈਂ ਅਟਕ ਨਾ ਹੋਵੈਗੀ ॥ ਇਤ ਸ੍ਰੀ ਸੁਧਰਮ ਮਾਰਗ ਗੁਰ ਪ੍ਰਨਾਲੀ ਚਰਿਤ੍ਰ ਜੋਤੀ ਜੋਤਿ ਸਮਾਵਣੇ ਕਾ ਗੁਰ ਪ੍ਰਕਾਸ਼ ਮੁਕਤਾਵਲੀ

Digitized by Panjab Digital Library | www.panjabdigilib.org

ਪ੍ਰਥਮ ਧਜਾਇ ਸਮਾਤਮ ॥ ੧ ॥

ਦਇਆ ਸਿੰਘੋ ਵਾਚ ॥ ਦੋਹਰਾ ॥

ਸ੍ਰੀ ਗੁਰੂ ਪਰਮ ਨਿਧਾਨ ਨਿਧ ਬੈਠੇ ਪੂਰ ਆਨੰਦ ॥ ਪੂਛਯੋ ਪ੍ਰਸ਼ਨ ਸੁਮੁਕਤ ਹਿਤ ਕਹੋ ਸੁਧਰਮ ਪ੍ਰਬਿੰਦਿ ॥ ੧ ॥ ਸੁਨਤ ਬਚਨ ਅਤਿ ਚਿਤ ਬਿਗਾਸ ਬੋਲੇ ਸੁਨੋ ਪ੍ਰਭਾਵ। ਸੁਧਰਮ ਪੰਥ ਸੁਨ ਕਰ ਧਰੇ ਮੁਕਤ ਨ ਸੰਸੈ ਪਾਵ ॥ ੨ ॥

ਪ੍ਰਥਮ ਭੁਵਾਨੀ ਸਿਧ ਬਿਧ ਕ੍ਰਿਤ ਰਚਨਾਦਿ ਅਨੂਪ । ਪੁਨ ਅੰਮ੍ਰਿਤ ਕ੍ਰਿਤ ਪਾਂਨ ਵਿਧ ਕੀਟ ਮ੍ਰਿਗਿੰਦ ਸੁਭੂਪ ॥੩॥

ਭਵਾਨੀ ਸਿਧ ਕਰਣ ਵਿਧ ਟੀਕਾ--

ਪ੍ਰਥਮੇ ਗੁਰੂ ਜੀ ਦੇਵੀ ਜੀ ਦਾ ਪਾਠ ਮੰਤ੍ਰ ਹਮਨ ਕਰਤੇ ਥੇ ਤੱਖ੍ਰੂ ਮੈਂ ਹੋਮ ਕੀ

Digitized by Panjab Digital Library | www.panjabdigilib.org

ਸਮਗ੍ਰੀ ਰਹਿਤੀ ਥੀ ਕੇਤੇ ਬਰਸ ਬੀਤੇ ਏਕ ਬ੍ਰਹਮਣ ਕਾਰੂੰ ਦੇਸਕਾ ਦੱਤ* ਨਾਮ ਕਮਿਖ੍ਯਾ ਕੇ ਪੂਜਾਰੀ ਕੋ ਦੇਵੀ ਸ੍ਵਪਨ ਮੈਂ ਕਹਾ ਧਨ ਹੇਤ ਪੰਜਾਬ ਦੇਸ ਮੇਂ ਕਹਲੂਰਮੈ ਗੁਰੂ ਜੀ ਕੋ ਦੇਵੀ ਪ੍ਰਤੱਖ ਕਰਨੇ ਕੀ ਇਛਾ ਹੈ ਤਹਾਂ ਜਾਵੋ ਤਾਂਤੇ ਧਨ ਪਾਓਗੇ ਤਬ ਵੁਹ ਹਜ਼ੂਰ ਆਇ ਪਹੁਚਾ ਤਾ ਗੁਰੂ ਜੀ ਪੂਛਾ ਤੁਮ ਕਵਨ ਹੋ ਤਬ ਉਨ ਕਹਾ ਬ੍ਰਾਹਮਣ ਹੋਂ ਤਬ ਗੁਰੂ ਕਹਾ ਬ੍ਰਹਮਣ ਕੋਊ ਨਹੀਂ ਜੋ ਦੇਵਤਾ ਪ੍ਰਗਟ ਕਰੇ ਉਨ ਕਹਾ ਹਮ ਤੋ ਹੈਂ ਅਰ ਕਹਾ ਛਤ੍ਰੀ ਕੋਊ ਨਹੀਂ

---

* ਸੂਰਜ ਪ੍ਰਕਾਸ਼ ਆਦਿ ਇਤਿਹਾਸ ਮੈਂ ਕਾਲੀ ਦਾਸ ਨਾਮ ਲਿਖਾ ਹੈ। ਸੰਭਵ ਹੈ ਓਸਦੀ ਸੰਗਯਾ ਦੱਤ ਭੀ ਹੋਵੇ ਤੇ ਕਾਂਸ਼ੀ ਖੇਤ੍ਰ ਦੀ ਜੂਹ ਕਮਖਯਾ ਦੇਵੀ ਵਾਲੀ ਦਾ ਵਸਨੀਕ ਹੋਵੇ। ।ਅਲਖ ਕੌਮ ਦੀ ਇਸਦਾ ਨਾਮ ਹੈ ਕਿ ਜੋ ਕੁਝ—

Digitized by Panjab Digital Library | www.panjabdigilib.org

ਜੋ ਪੂਰਣ ਬਿਧ ਕਰੈ ਤਬ ਸ੍ਰੀ ਮੁਖ ਤੇ ਕਹਾ ਛਤ੍ਰੀ ਹਮ ਹੈ। ਜੈਸੀ ਵਿਧ ਚਾਹੋ ਤੈਸੀ ਕਰਤੇ ਹੈਂ। ਤਬ ਸੁਧ ਮੰਤ੍ਰ ਕਰ ਦੇਵੀ ਸਿਧ ਕਰੈਗਾ। ਤਬ ਉਨ ਕਹਾ ਮਨੋਰਥ ਕਹੋ॥

ਤਬ ਸ੍ਰੀ ਮੁਖ ਕਹਾ ਗੁਰੂ ਤੇਗ ਬਹਾਦਰ ਜੀ ਕੇ ਤਨ ਕੇ ਤਿਆਗ ਕਾ ਦੋਸ਼ ਮਲੇਛੋਂ ਪਰ ਆਇਆ ਹੈ। ਧਰਮ ਵਿਰੁਧ ਕਰਤੇ ਹੈਂ ਅਰ ਹਮਾਰਾ ਸੰਕਲਪ ਤਿਨ ਕੇ ਨਾਸ ਕਾ ਹੈ ਧਰਮ ਕੀ ਬ੍ਰਿਧਤਾ ਕਾ ਹੈ। ਮਹਾ ਕਾਲੀ ਦੀ ਉਪਾਸਨਾ ਕਰਤੇ ਹੈਂ। ਜੋ ਪ੍ਰਤੱਖ ਹੋਇ ਰਥ ਔਰ ਸ਼ਸਤ੍ਰ ਦੇਵੈ ਜਾਂਤੇ ਹਮ ਆਪਨੇ ਹਾਥੋਂ ਸੇ ਮਲੇਛੋਂ ਕਾ ਸੰਘਾਰ

---

—ਚਾਹੀਦਾ ਹੈ ਸਚ ਮੁਚ ਓਹੋ ਹੋਵੇ ਤੇ ਸਮਾਂ ਪਏ ਪੂਰ ਪੂਰਾ ਉਤਰੇ। ਨਾਂ ਕਿ ਅੱਜ ਕੱਲ ਦੇ ਬ੍ਰਹਮਣਾਂ ਤਰਾਂ।

Digitized by Panjab Digital Library | www.panjabdigilib.org

ਕਰ ਬਦਲਾ* ਲੇਵੈਂ ਤਬ ਉਨ ਕਹਾ ਕਾਲੀ ਕਾ ਪ੍ਰਯੋਗ ਅਤਿ ਉਗਰ ਹੈ ਪੂਜਾ ਭੀ ਕਠਿਨ ਹੈ ਤੁਮ ਸੌਮਯ ਰੂਪ ਕੀ ਉਪਾਸਨਾ ਕਰੋ ਤਬ ਸ੍ਰੀ ਮੁਖ ਤੇ ਕਹਾ ਕਾਲੀ ਕਾ ਪੁਰਾਸਚਰਣ ਕਰਵਾਵੋ ਤਦ ਉਸ ਕਹਾ ਏਕ ਅਲਪ ਉਪਾਇ ਤੈ ਸਿਧੀ ਹੈ ਪ੍ਰਿਥਮੈ ਵ੍ਰਿਹ ਕਰੋ ਜੋ ਉਸਤੇ ਰਹੇ ਤੌ ਹਮਨ ਕਰੋ ਏਕ ਮਨੁੱਖ ਕਾ ਸੀਸ ਅਭਿਮੰਤ੍ਰ ਕਰ ਕਾਟਨਾ ਉਸੀ ਸੀਸ ਤੇ ਕਬੰਧ ਕਛੁ ਦੂਰ ਰੱਖਨਾ ਮੰਤ੍ਰ ਪੜਨੇ ਹਵਨ ਕਰਨਾ ਰਕਤ ਖਪਰ ਪਰ ਭਰ ਰੱਖਨਾ ਜਬ ਕਾਲੀ

---

*ਬਦਲਾ ਲੈਣਾ ਸਭ ਲਈ ਹੀ ਅਪ੍ਰਵਾਨ ਹੈ ਗੁਰੂ ਸਾਹਿਬ ਕੈਸੇ ਮ੍ਰਯਾਦਾ ਵਿਰੁਧ ਕਰ ਸਕਦੇ ਸਨ ਪਰ ਚੂੰਕਿ ਆਏ ਮ੍ਰਯਾਦਾ ਧਰਮ ਦੀ ਥਾਪਨ ਸਨ ਤੇ ਧਰਮ ਦੀ ਬਿਵਸਥਾ ਨੂੰ ਭੰਗ ਕਰਣ ਵਾਲਿਆਂ ਨੂੰ ਮੁਨਾਸਬ ਦੰਡ ਦੇਣਾ ਓਹਨਾਂ ਦੀ ਕਰਣੀ ਦਾ ਫਲ ਭੁਗਤੌਨਾ ਹੀ ਬਦਲਾ ਦੇਣਾ ਕਾਰਕਾਂ ਲਈ ਪ੍ਰਵਾਨ ਹੁੰਦਾ ਹੈ ।

Digitized by Panjab Digital Library | www.panjabdigilib.org

ਰੁਧਰ ਪੀਵੈਗੀ ਤਬ ਸੀਸ ਸੌਂ ਧੜ ਜੁੜ ਜਾਵੈਗਾ ਉਸੀ ਕੇ ਮੁਖ ਦੁਆਰਾ ਮਹਾਂ ਕਾਲੀ ਜੋ ਕਛੁ ਹੋਨਾ ਹੋਵੈਗਾ ਸੋ ਕਹੇਗੀ ਇਹ ਬਾਤ ਗੁਰੂ ਜੀ ਪ੍ਰਮਾਨ ਕਰੀ ਤਬ ਨੈਣਾ ਦੇਵੀ ਕੇ ਪਰਬਤ ਪਰ ਮੰਦਰ ਕੇ ਨਿਕਟ ਜਾਇ ਡੇਰਾ ਕੀਆ । ਅਰ ਉਸ ਬਿਪਰ ਕੋ ਕਹਾ ਜੋ ਸਮਿਗਰੀ ਚਾਹੀਏ । ਸੋ ਸਬ ਕਹੋ ਸੋ ਸਬ ਲਿਖਾਇ ਦਈ ਸੀਸ ਕਾਟਨਾ ਭਾਈ ਵਾ ਪੁਤ੍ਰ ਕਾ ਚਾਹੀਏ। ਦੇਵੀ ਉਸਕੋ ਜਿਵਾਇ ਦੇਵੈਗੀ । ਗੁਰੂ ਜੀ ਸਿਖ ਕੋ ਭੇਜਾ ਜੋ ਵੱਡੇ ਬੇਟੇ ਕਉ ਬੁਲਾਇ ਲਿਆ ਤਬ ਵਹ ਸਿਖ ਅਨੰਦਪੁਰ ਆਇਆ ਇਹ ਬਾਤ ਸੁਣਕੇ ਮਾਤਾ ਜੀ ਨੇ ਬੇਟੇ ਛਪਾਇ ਲਏ, ਸਿਖ ਨੇ ਗੁਰੂ

Digitized by Panjab Digital Library | www.panjabdigilib.org

ਜੀ ਕੋ ਆਇ ਕਹਾ ਸੁਣਕੇ ਕ੍ਰੋਧ ਕਰਾ ਜੋ ਹੁਕਮ ਨਹੀਂ ਮਾਨਾ ਤੋ ਚਾਰੋ ਦੀਏ ਤੋ ਕਹਾ ਸਿਖ ਹੀ ਹਮਾਰੇ ਪੁਤ੍ਰ ਹੈਂ । ਕਹਾ ਹੱਛਾ ਤਬ ਸਿਖ ਬਹੂਪੀਏ ਕਹਾ ਹਮਾਰਾ ਸਿਰ ਲੇਹੁ ਸੁਨਕੇ ਤਬ ਵਿਧ ਸੰਜੁਗਤ ਸੀਸ ਕਾਟਾ ਰੁਧਰ ਕਾ ਖਪਰ ਰਾਖਾ ਰੁੰਡ ਮੁੰਡ ਅੰਤਰਾ ਕਰ ਰਾਖਾ । ਹਮਨ ਕਰਨੇ ਲਾਗੇ । ਚਾਰ ਓਰ ਸਸਤ੍ਰ ਬਾਧਕੈ ਸਿਖ ਖੜੇ ਕੀਏ । ਕੋਊ ਨਿਕਟ ਨਾ ਆਵੈ । ਕਛੂ ਕਾਲ ਮੈਂ ਸਿਰ ਕਾਂਪਾ ਧੜ ਕੀ ਓਰ ਚਲਾ ਗੀਧ ਖਪਰ ਪਰ ਆਇ ਬੈਠੀ ਸਿਖ ਨੈ ਬੰਦੂਕ ਮਾਰੀ ਗਿਰਜ ਉਡ ਗਈ ਪੰਡਤ ਕਹਾ ਬੜਾ ਅਨਰਥ ਹੂਆ । ਇਹ ਕਾਲਿ ਬੀ ਸ੍ਰੋਣਤ ਪੀਤੀ ਤਬ ਕਬੰਧ ਜੁੜ ਜਾਤਾ ਸਿਖ

Digitized by Panjab Digital Library | www.panjabdigilib.org

ਕਹਾ ਹਮਾਰੇ ਕੋ ਦੋਸ ਨਹੀਂ ਤੁਮਾਰਾ ਹੁਕਮ ਨਹੀਂ ਥਾ ਤਬ ਬਹੁ ਮੰਤ੍ਰ ਪੜੈ ਪਰ ਸੀਸ ਨਾਹ ਹਲਾ ਕਹਾ ਵਿਘਨ ਪੜਾ ਦੁਤੀਆ ਪਰਯੋਗ ਕਰੋ ੧ ਵਰਖ ਬ੍ਰਹਮ ਚਰਜ ਕਰੋ ਭੂਮ ਸੈਨ ਧਾਰੋ ਏਕ ਥਾਨ ਅਹਾਰ ਏਕ ਬੇਰ ਬਹੁਤ ਧਨ ਚਾਹੀਏਗਾ ਤਬ ਸ੍ਰੀ ਮੁਖਵਾਕ ਕਹਾ ਧਨ ਕੀ ਕਛ ਕਮੀ ਨਹੀਂ ਤਬ ਅਨੰਦ ਪੁਰ ਜੀ ਆਏ ਤਬ ਪੁਰਸ਼ ਚਰਣ ਮੇ ਲਾਗੇ ਸੰਗਤ ਦਰਸਨ ਕੋ ਇਕਤ੍ਰ ਭੁਈ ਥੀ ਪਾਂਚ ਲਖ ਰੁਪਈਆ ਚੜਾ ਤਬ ਪੰਡਤ ਕੋ ਕਹਾ ਏ ਵਰਤੋ ਔਰ ਭੀ ਚਾਹੇ ਤੋ ਹੋਵੈਗਾ ਲੈਕਰ ਨੈਣਾ ਦੇਵੀ ਕੇ ਨਿਕਟ ਆਏ । ਘਿਰਤ ਆਦਿਕ ਸਮਗਰੀ ਬਹੁ ਮੰਗਾਈ ਚੇਤ੍ਰ ਕੇ ਨਵਰਾਤਿਆ ਕੋ

Digitized by Panjab Digital Library | www.panjabdigilib.org

ਕੁੰਡ ਪਰ ਬਡਾ ਕੜਾਹ ਧਰਾ ਹਾਥੀ ਕੇ ਸੁੰਡ ਸਮ ਘਿਰਤ ਕੀ ਧਾਰਾ ਪਵੈ ਹੋਮ ਹੋਵੈ ਬਹੁਤ ਬ੍ਰਹਮਣੋ ਕੋ ਨੇਮ ਰੁਪਯੀਆ ਦੱਖਣਾ ਕੰਜਕਾਂ ਕੋ ਸੂਹੇ ਵਸਤ੍ਰ ਰੁਪੀਆ ਦੇਣਾ ਨਿਤ ਅਠਵੇ ਦਿਨ ਸੌਭਾਗਵਤੀ ਸੂਹੀ ਪੁਛਾਕ ਰੁਪਈਆ ਦੇਣਾ। ਮੰਤ੍ਰ ਪੜਾਣ ਵਾਲੇ ਕੋ ਮੋਹਰ ਦੇਣੀ ਬਹੁਤ ਘ੍ਰਿਤ ਖਰਚ ਹੂਆ ਇਸ ਸਬੰਧ ਵਰਖ ਹੂਆ ਅਸਟਮੀ ਦਿਨ ਵੋਹ ਵਿਪਰ ਇਕੱਠੇ ਭੁਏ ਪੰਡਤ ਕਹਾ ਆਜ ਦੇਵੀ ਪ੍ਰਗਟੇਗੀ ਸਾਵ ਧਾਨ ਰਹੋ ਪੂਜਨ ਕਰ ਬਾਂਛਤ ਵਰ ਦੇਵੇਗੀ ਸ੍ਰੀਮੁਖ ਆਪ ਕਹਾ ਹਮਾਰੇ ਨਿਕਟ *ਰਹੋ

* ਦਮੋਂ ਕੱਢਣ ਲਈ ਤੇ ਲੋਕਾਂ ਨੂੰ ਦੱਸਣ ਲਈ ਕਿ ਅਮਲੀ ਜੀਵਨ ਏਨ੍ਹਾਂ ਲੋਕਾਂ ਦੇ ਧੀਰਜ ਹੌਸਲੇ ਵਾਲੇ ਏਹੋ ਜੇਹੇ ਹੁੰਦੇ ਹਨ ॥

Digitized by Panjab Digital Library | www.panjabdigilib.org

ਪੰਡਤ ਕਹਾ ਹਮਾਰੇ ਸੇ ਤੇਜ ਸਹਾਰਿਆ ਨਹੀਂ ਜਾਤਾ ਇਹ ਕਹਿਕੇ ਨੀਚੇ ਚਲਾ ਗਿਆ ਪੂਰਣ ਅਹੂਤੀ ਤੇ ਵਡਾ ਗਿਰ ਕਾਪਨੇ ਲਗਾ, ਕਾਲਕਾ ਰੂਪ ਉਗਰ ਪਰ-ਗਟਿਆ ਗੁਰੂ ਜੀ ਕੇ ਹਾਥ ਮੇਂ ਕਰਦ ਦੀਨੀ ਕਹਾ ਰਥ ਪਰ ਚੜਕੇ ਮਾਰਨੇ ਕਾ ਸਮਾ ਨਹੀਂ ਇਸ ਕਰਦ ਕਰ ਪਾਵਨ ਕਰਕੇ ਤੁਮ ਅਮ੍ਰਿਤ ਛਕਾਵੋ ਪੰਥ ਪ੍ਰਗਟਾਵੋ ਤਿਸ ਦੁਆਰੇ ਬਹੁ ਕਾਰਜ ਸਿਧ ਹੋਵੇਗਾ ਤੇ ਦੇਵੀ ਜੀ ਕਹਾ ਆਗੈ ਜੋ ਹਮਾਰੇ ਕੋ ਸਿਧ ਕਰੈਗਾ ਤੋ ਦੁਖ ਪਾਵੈਗਾ।

ਇਹ ਕਹਿਕੇ ਅੰਤ੍ਰ ਧਿਆਨ ਭਈ ਤਬ ਸਭ ਬਿਪਰੋਂ ਕੋ ਪੱਕਾ ਭੋਜਨ ਏਕ ਰੁਪਈਆ ਦੀਆ ਅਧਕਾਰਕਾ ਕੋ ਪੰਜ ਪੰਜ ਹਜਾਰ

Digitized by Panjab Digital Library | www.panjabdigilib.org

ਰੁਪਈਆ ਦੀਆ ਪੰਡਤ ਕੋ ਲਾਖ ਰੁਪਈਆ ਦੀਆ। ਬਹੁ ਹਾਥੀ ਘੋੜਾ ਬਸਤ੍ਰ ਦੈਕੇ ਵਿਦਾ ਕੀਆ। ਔਰ ਭਦੀਆ ਨਾਮ ਬਰੰ-ਮਣ ਉਸਕਾ ਧਿਸ਼ਟਾਤਾ* ਥਾ ਹਜ਼ੂਰ ਕਾ ਤੀਰਥ ਪ੍ਰੋਹਤ ਥਾ ਹਵਨ ਕਿਰਿਆ ਮੈਂ ਮੁਖ ਸਹਾਇਕ ਥਾ ਤਿਸ਼ਕੋ ਇਕ ਲਾਖ ਦੀਆ, ਤਬ ਓਸਨੇ ਕਹਾ ਇਤਨਾ ਧਨ ਹਮਾਰੇ ਪਾਸ ਨਾ ਰਹੇਗਾ ਵੋਹ ਦੇਵਹ ਜੋ ਕੁਲ ਸਿਖ ਸਭ ਪੂਜੈ ਤਬ ਤਾਂਬੇ ਕੇ ਪਤ੍ਰ ਪਰ ਹੁਕਮ ਇਹ ਅੱਖਰ ਲਿਖ ਦੀਏ ਇਹ ਬਾਤ ਕਹਿਕਰ ਅਨੰਦ ਪੁਰ ਜੀ ਆਏ ਤਬ ਸਿਖ ਸੰਗਤ ਭੀ ਇਕਤ੍ਰ ਭਈ। ਕਿਰਪਾ

---

*ਮੁੱਖ ਪ੍ਰਬੰਧਕ ਸਾਰੀ ਕਾਰਰਵਾਈ ਯਗਜ਼ ਸੰਬੰਧੀ ਉਪਰ ਦ੍ਰਿਸ਼ਟੀ ਦੇਨ ਵਾਲਾ।

Digitized by Panjab Digital Library | www.panjabdigilib.org

ਦ੍ਰਿਸ਼ਟ ਭਈ ਅਰ ਅਮ੍ਰਿਤ ਦੇਕੈ ਖਾਲਸਾ ਪੰਥ ਪ੍ਰਗਟਾਵਣੇ ਕਾ ਉਦਮ ਕੀਆ।

ਪ੍ਰਸ਼ਨ—ਗੁਰੂ ਪੰਥ ਪ੍ਰਗਟਾਵਣੇ ਕੋ ਆਪ ਸਮਰਥ ਨਾ ਥੇ। ਜੋ ਦੇਵੀ ਸਹਾਇਤਾ ਲਈ ? ਉੱਤ੍ਰ ਸੁਣ ! ਆਪਤੋ ਸਮਰਥ ਥੇ ਪਰੰਤੂ ਜੋ ਅਵਤਾਰ ਧਾਰਿਆ ਹੈ ਤਿਸਮੇਂ *ਦੇਵੀ ਕੀ ਸਹਾਇਤਾ ਲਈ ਹੈ ਕਿਉਂ

---

*ਇਸਦਾ ਉੱਤ੍ਰ ਪਰਸਤਾਵਨਾ ਵਿਚੋਂ ਲਵੋ। ਤੇ ਨਾਲਹੀ ਸਮਝੋ ਕਿ ਇਹ ਸਾਧਨਾ ਲੋਹੇਨੂੰ ਲੋਹਾ ਕੱਟਨ ਵਾਲੀ ਚਾਲ ਖੇਡਨ ਲਈ, ਗੁਰੂ ਜੀ ਨੇ ਸਾਧੀ ਕਉਂਕਿ ਹਿੰਦੂ ਜਾਤੀ ਦਬਾਉ ਦੇ ਅਧੀਨ ਹੋਣ ਕਰਕੇ ਤੁਰਕਾਂ ਨਾਲ ਮਿਲੀਪਈ ਸੀ ਆਪਣਿਆਂ ਰਾਜਸ ਸਮੇਤ ਹੀ ਇਹ ਸਭ ਲਗ ਪਗ ਦੇਵੀ ਪੂਜਕ ਸਨ, ਸੋ ਤੁਰਕਾਂ ਨਾਲ ਆਢਾ ਲਗਦੇ ਸਾਰ ਇਨਾਂ ਭੀ ਤੁਰਕਾਂ ਦੀ ਵਿਜਯ ਵਾਸਤੇ ਇਸ਼ਟ ਅਰਾਧਨ ਲਗ ਪੈਣਾ ਸੀ ਜਿਕੂੰ ਵਰਤਮਾਨ ਦੇ ਮਹਾ ਫਰੰਗੀ ਜੰਗ ਸਮੇਂ ਸਭ ਹੀ ਆਪਣੇ ਇਸ਼ਟ ਅਰਾਧਨ ਲਗ ਪਏ ਸਨ। ਇਸ ਲਈ ਰਾਜਨੈਤਿਕ ਨੁਕਤੇ ਨਾਲ ਗੁਰੂ ਸਾਹਬਨੇ ਓਹਨਾਂਦੇ ਇਸ਼ਟ ਨੂੰ ਪਹਿਲੋਂ—

Digitized by Panjab Digital Library | www.panjabdigilib.org

ਵੈ ਪਰਮ ਸ਼ਕਤ ਹੈ ਬਿਸ਼ਨ ਆਦਕੌ ਨੇ ਅਰਾਧੀ ਹੈ ॥

ਅਥ ਅਮ੍ਰਿਤ ਛਕਾਵਣੇ ਕੀ ਬਿਧ।

ਦੋਹਰਾ॥ਪ੍ਰਥਮੈਂ ਅੰਮਰਤ ਪਾਨ ਕਰ ਵਿਧਵਤ ਗੁਰੂ ਉਚਾਰ ॥
ਮੁਕਤ ਹੋਤ ਸੰਦੇਹ ਨਹ ਕੁਲ ਸੰਬ੍ਰਹ ਨਿਸਤਾਰ ॥

ਟੀਕਾ—ਪ੍ਰਥਮੈ ਗੁਰੂ ਜੀ ਰਾਜੇ ਬੁਲਾਏ ਕਹਾ ਅੰਮਰਤ ਛਕੋ ਸਿੰਘ ਬਨਕੈ ਮਲੇਛੋਂ ਕੋ ਨਾਸ ਕਰੋ। ਉਨੋ ਕਹਾ ਹਮ ਜਨੇਊ ਨਹੀਂ ਤਿਆਗਤੇ ਔਰ ਬਾਦਸਾਹੋਂ ਸਾਥ ਨਹੀਂ ਲੜਤੇ ਤਾਂ ਗੁਰੂ ਜੀ ਕਹਾ ਤੋ ਹਮਾਰਾ ਤੁਮ ਸੇ ਕੁਛ ਪ੍ਰਯੋਜਨ ਨਾਹੀਂ। ਹਮ ਸਿਖੋਂ ਕੋ ਅੰਮਰਤ

---

—ਹੀ ਰੋਕ ਲਿਆ ਸੀ। ਇਸ਼ਟ ਵਾਲੇ ਦਾ ਜਿੱਤਨਾ ਅਸਾਨ ਨਹੀਂ ਹੁੰਦਾ ਸੋ ਚੂੰਕਿ ਪਹਾੜੀਆਂ ਦੇ ਧਰਮ ਦਾ ਅੰਗ ਸਿਥਲ ਸੀ ਤੇ ਚਲਨ ਭ੍ਰਸ਼ਟ ਹੋਣ ਕਰਕੇ ਇਸਟ ਉਪਾਸਨਾਂ ਭੀ ਕੁਛ ਨਹੀਂ ਖੋਹ ਸਕਦੀ ਜਾਕਰਦੀ ਜੈਸਾ ਕਿ ਪਹਾੜੀਆਂ ਦੀ ਅਡੀ ਚੋਟੀ ਦਾ ਜੋਰ ਤੁਰਕਾਂ ਦੀ ਸ੍ਵਾਜਯ ਲਈ ਅਫਲ ਰਿਹਾ।

55916

Digitized by Panjab Digital Library | www.panjabdigilib.org

ਛਕਾਇਕੈ ਸਕਤ ਦੇਵੈਂਗੇ ਤੁਰਕੋਂ ਕੋ ਮਾਰੈਂਗੇ ਚਿੜੀਆਂ ਤੇ ਬਾਜ ਮੁਗਲ ਪਠਾਣੋ ਕੋ ਤੁੜਾਵਹਗੇ। ਜੈਸੇ ਰਾਮ ਚੰਦਰ ਜੀਨੇ ਬਾਦ ਰੋਂਕੋ ਸਕਤ ਦੇਕੈ ਰਾਖਸੋਂ ਕਉ ਮਾਰਿਆ ਤੈਸੇ ਮਾਰੈਂਗੇ ਤਬ ਕੇਸਗੜ ਤੰਬੂ ਲਗਾ-ਇਆ ਕਨਾਤ ਤਨਾਈ ਪੰਜ ਬਕਰੇ ਬੰਧਾਏ ਅੰਦਰ ਕਿਸੂ ਕੋ ਖਬਰ ਨਾਹੀ ਪ੍ਰਾਤਾ ਕਾਲ ਦਿਵਾਨ ਲਾਇ ਬੈਠੈ ਸ੍ਰੀ ਮੁਖ ਸੈ ਕਹਾ ਕੋਊ ਸੀਸ ਦੇਵੇ ਤਬ ਦਇਆ ਸਿੰਘ ਉਠਿ ਖੜਾ ਹੂਆ ਤਬ ਬਾਂਹੀ ਭੁਜਾ ਸੇ ਪਕੜ ਕਰ ਦਾਹਣੇ ਹਾਥ ਖੜਗ ਧਾਰਕੈ ਲੈਗਏ ਕਨਾਤ ਅੰਦਰ ਬਕਰੇ ਕਾ ਸੀਸ ਕਟਾ ਬਾਹਰ ਖੜਕਾ ਹੂਆ ਲੋਹੂ ਭੀ ਚਲਾ ਨਿਕਸਕੇ ਬਾਹਰ ਦੇਖਿਆ ਸਿਖੋਂ ਜਾਨਾ

Digitized by Panjab Digital Library | www.panjabdigilib.org

ਦਇਆ ਸਿੰਘ ਕਾ ਸੀਸ ਕਾਟਾ ਹਾਥ ਮੇਂ ਕ੍ਰਿਪਾਨ ਰੁਧਰ ਲਿਪਟੀ ਲੈ ਸਿੰਘਾਸਨ ਪਰ ਬੈਠੇ ਕਹਾ ਕੋਊ ਸਿਖ ਸੀਸ ਦੇਵਹੁ ਤਦ ਧਰਮ ਸਿੰਘ ਸੋ ਭੀ ਐਸੇ ਹੀ ਕੀਆ। ਪਾਂਚੋ ਸੋ ਐਸੇ ਕੀਆ। ਪੁਨਾ ਕਨਾਤ ਖੋਲਕੇ ਨਿਕਾਸੇ ਪਾਂਚੋ ਕੋ ਏਕਤ੍ਰ ਬੈਠਾਯਾ ਅਰ ਪ੍ਰਸਾਦ ਲਾਗਰੀਆਂ ਕੋ ਦੀਆ ਕਹਾ ਤਿਆਰ ਕਰੋ ਤਿਸੀ ਸਮੈ ਸਭ ਦੇਵਤਾ ਆਨ ਇਸਥਿਤ ਭਏ ਆਪਨਾ ਅੰਸ ਸਭ ਦੇਤ ਭਏ *ਮੰਤ੍ਰ ੴ ਸਤਿਨਾਮ ਉਪ-

---

*ਮੰਤ੍ਰ ਜੰਤ੍ਰ ਤੰਤ੍ਰ--ਤਿੰਨ ਪ੍ਰਕਾਰ ਦੇ ਸਾਧਨਾਂ ਰਾਹੀਂ ਸਕਤੀ ਸਿੱਧ ਕੀਤੀ ਜਾਂਦੀ ਹੈ। ਪਰ ਜਿਤਨੇ ਭੀ ਜੰਤ੍ਰ ਮੰਤ੍ਰ ਆਦ ਹਨ ਸੋ ਦੇਵੀ ਦੇਵਤਾ ਆਦਿ ਤਿਗ੍ਰ ਪ੍ਰਾਇਣੀ ਹਨ—

Digitized by Panjab Digital Library | www.panjabdigilib.org

ਦੇਸ ਸਕਤ ਤੇ ਗੁਰੂ ਨਾਨਕ ਜੀ ਦੀਆਂ। ਔਰ ਜੈਤ੍ਰ ਵਾਹਗੁਰੂ ਮੋਹਨ ਵਸੀ ਕਰਣ ਤੇ ਦੀਆ ਤੰਤ੍ਰ ਜਲ ਅੰਮਰਤ ਵਾਸਤੇ ਵਰਨ ਚਿਤ ਦ੍ਰਿੜਤੇ ਦੇਤ ਭਇਆ। ਮਿਸ਼-ਟਾਨ ਇੰਦ੍ਰ ਬੁਧੀ ਮੀਠੀ ਰਹੈ ਨਮਿਤ ਦੀਆ। ਅਰ ਲੋਹ ਪਾਤ੍ਰ ਜਮਰਾਜ ਅੰਮ੍ਰਤ ਕੇ ਪਾਵਣੇ ਨਮਿਤ ਦੀਆ। ਲੋਹ

---

—ਤੇ ਸਾਧਕ ਨੂੰ ਇਕ ਕਰਤਾਰ ਦਾ ਉਪਾਸਕ ਨਹੀਂ ਬਨਣ ਦਿੰਦੇ। ਜੀਵ ਮਾਯਾ ਵਿਚ ਹੀ ਬੱਝਾ ਰਹਿੰਦਾ ਹੈ। ਇਸ ਵਾਸਤੇ ਗੁਰੂ ਮਹਾਰਾਜ ਜੀ ਨੇ ਅਸਾਂ ਜੀਵਾਂ ਦੀ ਕਲਜਾਨ ਵਾਸਤੇ ਭੋਗ ਮੋਖ ਪ੍ਰਦ ਸਮੂਹ ਸਕਤੀ ਸਿੱਧੀ ਦਾ ਨਿਮਿਤਕ ਇਹ ਅੰਮਰਤ ਵਿਦਾਨ ਕੀਤਾ ਹੈ। ਸੱਚ ਮੁੱਚ ਹੀ ਅੰਮ੍ਰਿਤ ਪਾਨੀ ਵਿਚ ਸਮੂਹ ਭਾਂਤ ਦਾ ਬਲ ਪ੍ਰਾਕਰਮ ਤੇ ਸਕਤੀਸਿੱਧੀ ਸੁਤੇ ਹੀ ਆ ਜਾਂਦੀ ਹੈ ਜਿਸਦੀ ਪਰਖ ਸਾਰਾ ਸੰਸਾਰ ਹੀ ਗੁਰੂ ਕੇ ਬਾਗ ਦੇ ਮਾਮਲੇ ਵਿਚ ਕਰ ਚੁਕਾ ਹੈ॥

Digitized by Panjab Digital Library | www.panjabdigilib.org

ਕਰਦ ਕਾਲੀ ਜੀ ਦਈ ਜੁਧ ਵਾਸਤੇ। ਕੇਸ ਦੇਵੀ ਚੰਡੀ ਜੀ ਦੀਏ। ਸਿੰਘ ਨਾਮ ਸਿੰਘ ਬਾਹਨ ਨੈ ਦੀਓ। ਕਾਛ ਹਨੂਮਾਨ ਜੀਦੀਨੀ। ਜਪਜੀ ਮੁਕਤ ਤੇ ਪਾਠ ਦੀਆ। ਅਨੰਦ ਚਿਤ ਸਾਂਤ ਤੇ ਗੁਰੂ ਅਮਰ ਜੀ ਦੀਨਾ॥ ਚੌਪਈ ਔਰ ਸਵੀਯੇ ੧੦ ਸ੍ਰੀ ਮੁਖ ਨੇ ਦ੍ਰਿੜ੍ਹ ਚਿੱਤ ਜੁੱਧ ਤੇ॥ ਚਾਰ ਪਦਾਰਥ ਖੰਡੇ ਕੀ ਪਹੁਲ ਤੇ ਦੀਏ ਸਿਖੋਂ ਕੋ॥ ਖੰਡ ਵਿਸ਼ਨ ਦਈ ਮੈਦਾ ਮਹਾਂਦੇਵ। ਘਿਓ ਬਰਹਮਾ। ਜਲ ਬਰਣਨੈ* ਤ੍ਰੈਭਾਵਕਾ

---

*ਬ੍ਰਹਮਾ ਬਿਸਨੂ ਮਹੇਸ ਤਿੰਨ ਮਹਾਨ ਦੇਵ ਹਨ ਇਸ ਲਈ ਕੜਾਹ ਪ੍ਰਸ਼ਾਦ ਵਿਚ ਤਿੰਨਾਂ ਦਾ ਹੀ ਭਾਵ (ਭੇਟਾ) ਕਰਤਾਰ ਸਰੂਪ ਸਤਿਗੁਰਾਂ ਦੇ ਪ੍ਰਸ਼ਾਦ ਤਿਆਰ ਕਰਣ ਵਿਚ ਹੈ। ਗੱਲ ਕੀਹ ਕਿ ਇਉਂ ਦੇਵੀ ਹਨੂਮਾਨ ਆਦ ਸਰਬੱਤ ਦਾ ਭਾਵ ਹੀ–

Digitized by Panjab Digital Library | www.panjabdigilib.org

†ਕੜਾਹ ਕੀਆ ਤਾਮੈ ਮਸਾਲੈ ਸੌਂਫ ਹਨੂਮਾਨ ਦੀਨੀ ਖੋਪਾ ਦੇਵੀ ਜੀ ਚੂਰੰਜੀ ਮੇਵਾ ਲਾਚੀਆਂ ਮਿਰਚ ਦੱਖਣੀ ਗੁਰੂ ‡ਨਾਨਕ ਜੀ ਦੀਨੀ ਜੇ ਤੀਨ §ਭਾਵ ਤੇ ਘੱਟ ਕਰੇ ਤੇ ਗੁਰੂ ਜੀ ਕੋ ਨਾ ਪਹੁੰਚੇ ਇਸ ਵਿਧ ਸੋ ਸਭ ਦੇਵਤਾ ਅੰਸ ਦਈ ਤਬ ਸ੍ਰੀ ਮੁਖ ਹੁਕਮ ਕੀਆ ਅਰ

---

—ਸਭ ਸਾਮਲ ਹੈ ਸੋ ਜਿਹੜਾ ਕੋਈ ਕੜਾਹ ਪ੍ਰਸਾਦ ਦਾ ਨਿਰਾਦਰ ਕਰਦਾ ਹੈ ਓਹ 'ਤ੍ਰਿਦੇਵ' ਸਮੇਤ ਮਾਨੋ ਸਮੂਹ ਦੇਵੀ ਦੇਵ ਅਰ ਸਾਖਯਾਤ ਗੁਰੂ ਨਿਰੰਕਾਰ ਦਾ ਨਿਰਾਦਰ ਕਰਦਾ ਹੈ॥

†ਜਿਸ ਪੁਰਖ ਨੇ ਅੰਮ੍ਰਿਤ ਪਾਨ ਕੀਤਾ ਤੇ ਕੜਾਹ ਪ੍ਰਸ਼ਾਦ ਮੁਖ ਪਾਇਆ ਓਹ ਸੋਚਕੇ ਤੱਕਨ ਕਿ ਦੀਨ ਦੁਨੀਆਂ ਦੇ ਪਦਾਰਥਾਂ ਲਈ ਓਨਾਂ ਨੂੰ ਕਿਸੇ ਹੋਰ ਦੇਵੀਆਂ ਦੇਵਤੇ ਆਦ ਨੂੰ ਮੰਨਣ ਦੀ ਲੋੜ ਹੈ ? ਅੰਮ੍ਰਿਤਧਾਰੀ ਦੀ ਸੇਵਾ ਸਹੈਤਾ ਵਿਚ ਸੁਤੇ ਹੀ ਸਭ ਹਾਜ਼ਰ ਰਹਿੰਦੇ ਹਨ । ਓਸਨੂੰ ਇਕ ਅਕਾਲ ਤੋਂ ਬਿਨਾਂ ਕਿਸੇ ਨੂੰ ਇਸ਼ਟ ਨਹੀਂ ਮੰਨਣਾ ਚਾਹੀਏ॥

‡ਨਿਰੰਕਾਰੀ ਦਰਬਾਰੋਂ ।

§ਭਾਵ ਸਮਅੰਸ਼ ਨਾਲੋਂ ਘੱਟ ਨਹੀਂ ਹੋਵੇ ।

Digitized by Panjab Digital Library | www.panjabdigilib.org

ਸਤਗੁਰਦਰਕੇ ਜਲਕੀ ਗਾਗਰ ਭਰ ਲਿਆਵੋ ਸੋ ਜਲ ਲੈ ਆਏ ਓਸ ਸਮੈਂ ਦੇਵੀ ਜੂ ਕੀ ਕਰਦ ਸਾਥ ਪਾਂਚੋ *ਸ਼ਸਤ੍ਰ ਲੋਹ ਕੀ ਗਾਗਰ ਮੈਂ ਪਾਵਹੁ ਪੰਚ ਸ਼ਸਤ੍ਰ ਨਾਮ—੧ ਕਰਦ ੨ ਚਕਰ ੩ ਕਟਾਰ ੪ ਤੀਰ ੫ ਸ੍ਰੀ ਸਾਹਿਬ ਤਬ ਸ੍ਰੀ ਸਤਿਗੁਰੂ ਜੀ † ਕਰਦ ਕੋ ਹਲਵਾਯਾ ਆਪਨੀ ਓਰ ਜਪਜੀ ਆਦਕ ਮੰਤਰ ਪੜਹ ਓਸ ਸਮੇ ਰਾਮਕੌਰ ਖਿਤਾਬ ਗੁਰ

---

* ਕਰਦ, ਚਕ੍ਰ, ਕਟਾਰ ਤੀਰ ਸ੍ਰੀ ਸਾਹਿਬ ਇਹ ਪੰਜ ਸ਼ਸਤ੍ਰ ਓਸ ਬਾਟੇ ਵਿਚ ਅੰਮ੍ਰਿਤ ਪੌਣ ਵੇਲੇ ਪਾ ਲੈਣੇ ਚਾਹੀਦੇ ਹਨ ਤੇ ਅੰਮ੍ਰਿਤ ਤਯਾਰ ਹੋਣ ਪ੍ਰਯੰਤ ਵਿਚੇ ਹੀ ਰਹਣੇ ਜਰੂਰੀ ਹਨ । ਕਯੋਂਕਿ ਇਨਾਂ ਨਾਲ ਤੰਤ੍ਰਿਤ ਅੰਮ੍ਰਤ ਖੰਡੇ ਨਾਲ ਅਭਿਮੰਤ੍ਰਤ ਪੂਰਣ ਅੰਮ੍ਰਿਤ ਭਾਵ ਵਾਲਾ ਤਯਾਰ ਹੋਦਾ ਹੈ। ਜਿਹੜੇ ਲੋਕ ਇਹ ਖਯਾਲ ਕਰੀ ਬੈਠੇ ਹਨ ਕਿ ਛੋਟੀ ਕਰਦ ਦੇ ਹੁੰਦਿਆਂ ਵਡੀ ਕ੍ਰਿਪਾਨ ਦੀ ਲੋੜ ਨਹੀਂ ਉਹ ਤੱਕ ਲੈਣ ਕਿ ਸ੍ਰੀ ਸਾਹਿਬ ਤੋਂ ਕੀਹ ਭਾਵ ਹੈ ॥

† ਧਾਰਾ ਅੰਮ੍ਰਿਤ ਤਯਾਰ ਕਰਣ ਵੇਲੇ ਆਪਣੇ ਸਨਮੁਖ—

Digitized by Panjab Digital Library | www.panjabdigilib.org

ਬਖਸ ਸਿੰਘ ਸਿਤਾਬੀ ਤਿਨੋ ਨੇ ਮਾਤਾ ਜੀ ਕੋ ਜਾਇ ਕਹਾ ਜੋ ਸਾਹਿਬ ਪੰਥ ਰਚਨੇ ਲਾਗੇ ਹੈ, ਕੇਵਲ ਜਲਮੈਂ ਸ਼ਸ਼ਤਰ ਫੇਰਤੇ ਹੈ ਪੰਥ ਤਮੋਗਣੀ ਹੋਇਗਾ: ਹਜੂਰ ਕੋ ਕੋਈ ਕਹਿਤਾ ਨਾਹੀਂ ਤੁਮ ਬੀਚ ਰਸ ਪਾਵੋ ਤਾ ਮਾਤਾ ਜੀ ਨੈ ਆਪ ਪਤਾਸੇ ਗਾਗਰ ਮੇਂ ਡਾਰੇ

---

ਰਹੇ ਤਾਕਿ ਅੰਮ੍ਰਿਤ ਤਯਾਰ ਕਰਤਾ ਸਮੂਹ ਸ਼ਕਤੀ ਪ੍ਰਭਾਵ ਨਾਲ ਪੂਰੀ ੨ ਤਰਾਂ ਆਵੇਸ਼ਤਾ ਜਾਵੇ ਤ ਖੰਡੇ ਦੀ ਦੂਈ ਧਾਰਾ ਵਿਚੋ ਪਰਗਟ ਹੁੰਦਾ ਮਿਕਨਾਤੀਸੀ ਪ੍ਰਭਾਵ ਅੰਮ੍ਰਿਤ ਛਕਨ ਵਾਲਿਆਂ ਨੂੰ ਬਾਹਜ਼ ਵਿਘਨਾਂ ਤੋਂ ਬਚੌਂਦਾ ਹੋਇਆ ਪਰਮ ਸੁਧੀ ਕਾਰਕ ਸੰਸਕਾਰਾਂ (ਤੇਜ) ਨਾਲ ਆਵਰਿਆ ਕਰਦਾ ਹੈ ॥

ਪਹਿਲੇ ਕ੍ਰਿਪਾਨ-ਅੰਮ੍ਰਿਤ ਤਿਆਰ ਕੀਤਾ ਸੀ ਪਰ ਖੰਡਾ ਭੀ ਮੁਖ ਸ਼ਸਤ੍ਰ ਆਦਿ ਉਤਪਤੀ ਮੂਲਕ ਹੈ ਇਸ ਲਈ ਦੋਧਾਰਾ ਪ੍ਰਭਾਵ ਉਤਪੰਨ ਕਰਣ ਲਈ ਉਪ੍ਰੰਤ ਗੁਰੂ ਜੀ ਨੇ ਖੰਡਾ ਅੰਮ੍ਰਿਤ ਪ੍ਰਚਲਿਤ ਕਰ ਲੀਤਾ ਸੀ ਤਾਂ ਪ੍ਰਵਿਰਤੀ ਨਿਵਿਰਤੀ ਰੂਪ ਜੋ ਦੋਹਾਂ ਅਵਸਥਾਂ ਵਿਖੇ ਹੀ ਅੰਮ੍ਰਿਤਧਾਰੀ ਇਕ ਸਮਾਨ ਰਾਜ ਯੋਗੀ ਹੋ ਵਰਤ ਸਕੇ ॥

Digitized by Panjab Digital Library | www.panjabdigilib.org

ਤਬ ਸਾਹਬ ਪਰਸੰਨ ਭਏ *ਮਾਤਾ ਜੀ
ਭਲਾ ਕੀਆ ਰਸ ਪਾਇਆ ਅੰਮ੍ਰਿਤ
ਤਿਆਰ ਕਰ ਕਰਦ ਜੁਗਤ ਪਾਂਚੋ ਸਸ਼ਤ੍ਰ
ਆਪਨੇ ਮੁਖ ਮੇਂ ਨਚੋੜੇ, ਉਚਾਰਾ
ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ
ਫਤੇ। ਇਸ ਭਾਂਤ ਕਹਿ ਕਹਿ ਨੈਤ੍ਰੋਂ ਮੇਂ
ਡਾਰੇ ਪੁਨਾ:—ਕੇਸੋਂ ਮੇਂ ਪਾਏ ਤਿਸ ਸਮੇਂ
ਉਠਕਰ ਸ਼ਸ਼ਤ੍ਰ ਕੋ ਗੁਰੂ ਰੂਪ ਜਾਨਕਰ
ਨਮਸਕਾਰ ਕੀਆ ਆਪ ਤਖਤ ਪਰ ਬੈਠੇ
ਦਇਆ ਸਿਘ ਜੀ ਆਦਕਾਂ ਕੋ ਬੈਠਾਰ
ਤਿਨਕੋ ਗਾਗਰ ਸੈ ਅੰਮ੍ਰਿਤ ਰੀਤ ਸੇ
ਛਕਾਯਾ ਆਗੇ ਖੜੇ ਕਰ ਮੁਖ ਨੈਤ੍ਰੋਂ ਮੇਂ

---

* ਟੀਕਾਕਾਰ ਦੀ ਰਸਨਾਂ ਤੋਂ ਮਾਤਾ ਜੀ ਸਬਦ ਕਿਹਾ ਗਿਆ ਹੈ।

ਲਾਇਬ੍ਰੇਰੀ
ਭਾਈ ਮੋਹਨ ਸਿੰਘ ਜੀ ਵੈਦ
ਤਰਨ ਤਾਰਨ

Digitized by Panjab Digital Library | www.panjabdigilib.org

ਕੇਸੋਂ ਮੈਂ ਡਾਰਿਆ, ਅਰਦਾਸ ਕਰ ਤਿਨ੍ਹੋਂ ਕੋ ਤਨਖਾਹ ਲਗਾਈ ਅਰ ਬਖਸ਼ਾਇਆ ਉਹੀ ਅੰਮ੍ਰਿਤ ਪਾਤ੍ਰ ਸੋ ਦ੍ਵਾਰਾ ਤਿਨਕੋ ਦੀਆ। ਪਰਸਪਰ ਪੀਵਹੁ॥ ਆਗੇ ਤਿਨਕੋ ਅੰਮ੍ਰਿਤ ਛਕਾਵਣੇ ਕੀ ਰੀਤ ਕਹੀ । ਇਹ ਕਹਾ ਜੋ ਅੰਮ੍ਰਿਤਪਾਨ ਕਰੈਗਾ ਚਾਰ ਵਰਣ ਮੇਂ ਸੋ ਮੁਕਤ ਹੋਵੇਗਾ ਔਰ †ਨੀਚ ਆਦਿਕ ਭੀ ਗਤਿਪਾਵੈਂਗੇ ਜਹਾਂ ਸਰਬ ਖਾਲਸਾ ਮਿਲ ਬੈਠੇ ਤਹਾਂ ਬੀਚ *ਗੁਰੂ ਰੂਪ ਜਾਨਕਰ

---

†ਜੇਹੜੇ ਸਿੱਖ ਹੁੰਦੇ ਹੋਏ ਭੀ ਨੀਚ ਆਦਕਾਂ ਨੂੰ ਅੰਮ੍ਰਿਤ ਪਾਨ ਕਰੌਣ ਦੇ ਵਿਰੋਧੀ ਹਨ ਇਸ ਹੁਕਮ ਵੱਲ ਧਯਾਨ ਦੇ ਲੈਣ ਤੇ ਇਹ ਭੀ ਸਮਝ ਲੈਣ ਕਿ ਜਦ ਅੰਮ੍ਰਿਤ ਪਾਨ ਸਮੇਂ ਊਚ ਨੀਚ ਇਕ ਸਮਾਨ ਇਕੋ ਬਾਟੇ ਵਿਚ ਛਕਨ ਦੇ ਅਧਿਕਾਰੀ ਹੁੰਦੇ ਹਨ ਤਾਂ ਕਿਨਾਂ ਨੂੰ ਅੰਮ੍ਰਿਤ ਦੀ ਜਿਗਯਾਸ਼ਾ ਹੁੰਦਿਆਂ ਨਿਰਾਸ਼ਾ ਦਾ ਮੂੰਹ ਦਿਖਾਯਾ ਜਾਵੇ।

*ਇਸ ਬਚਨ ਦਾ ਆਸ਼ਾ ਇਦਤਾਂ ਪ੍ਰਤੀਤ ਹੁੰਦਾ ਹੈ ਕਿ—

Digitized by Panjab Digital Library / www.panjabdigilib.org

ਗੁਰੂ ਗ੍ਰੰਥ ਸਾਹਬ ਰਾਖ ਲੈਣਾ ਵਹਾਂ ਪੰਚੋਂ ਮਿਲ ਏਹੀ ਰੀਤ ਕਰਣੀ ਜੋ ਅੰਮ੍ਰਿਤ ਛਕਿਆ ਚਾਹੇ ਕੱਛ ਪਹਿਰਾਵੈ ਕੇਸ ਅਕੱਠੇ ਕਰ ਜੂੜਾ ਕਰੇ ॥

ਦਸਤਾਰ ਸਜਾਵੈ ਹਾਥ *ਮੋਂ ਕਰਦ ਦੇਸਨ ਮੁਖਖੜਾ ਕਰਨਾ ਗਾਤਰੇ ਮੈਂ ਸ੍ਰੀ ਸਾਹਿਬ ਪਵਾਵੈ ਕਹੈ ਸ੍ਰੀ ਵਾਹਗੁਰੂ ਕਾ ਜਾਪਜਪਹੁ ਕੜਾਹ ਪ੍ਰਸਾਦ ਕਰਾਇ ਬੀਚ ਧਰੈ ਤਉ ਸਿੰਘ *ਉਤਮ ਲੋਹਕੇ ਪਾਤ੍ਰ ਮੇ ਸ੍ਰੀ ਅੰਮ੍ਰਿਤ

---

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਬਿਨਾ ਸੁਤੰਤ੍ਰ ਅਧਿਕਾਰ ਗੁਰਮਤਾ ਸੋਧਨ ਦਾ ਨਹੀ ਹੈ।

*ਕ੍ਰਿਪਾਨ ਦੀ ਧਾਰਾ ਆਪਣੇ ਸਨਮੁਖ ਹੱਥ ਵਿਚ ਰਖਦਿਆਂ ਖੜੋਤੇ ਹੋਏ ਦ੍ਰਿਸ਼ਟੀ ਮਾਨੋਂ ਕ੍ਰਿਪਾਨ ਦੀ ਧਾਰ ਤੇ ਬਝੀ ਰਹੇ ॥

*ਜੈਸਾ ਭੀ ਉਤਮ ਤੋਂ ਉਤਮ ਫੁਲਾਦੀ ਆਦਿ ਲੋਹ ਪਾਤ੍ਰ ਪ੍ਰਾਪਤ ਹੋਵੇ ਉਤਨਾ ਹੀ ਵਿਸ਼ੇਸ਼ ਸਮਝਣਾਂ ॥

Digitized by Panjab Digital Library | www.panjabdigilib.org

ਸਰ ਜੀ ਦਾ ਅੰਮਰਿਤਪਾਵੈ ਜੋ ਨਿਕਟ ਨਾ ਹੋਵੈ ਤੋ ਜਲ *ਸਰ ਕੂਪ ਆਦਕਪਾਵੈ ਪਤਾਸੇ ਪਾਵੈ ਸਰਬ ਲੋਹ ਕੀ ਕਰਦ ਪਾਵੈ ਜੋ ਉਤਮ *ਰਹਤ ਵਾਨ ਸਿੰਘ ਹੋਵੈ, ਸੋ ਪ੍ਰਥਮੈ ਸੰਪੂਰਣ ਜਪ ਕਾ ਆਦਿ ਅੰਤ ਕਾ ਪਾਠ ਕਰੈ, ਜਾਪਜੀ ਕਾ ਛੰਦ ਪੜੈ, ਚੌਪਈ ਪੜਨੀ, ਪੰਜ ਪੰਜ ਸਵੱਯੇ ਭਿੰਨ ੨ ਪੜੈ ਸ੍ਰਾਵਗ ਸੁਧ ਸਮੂੰਹ ੧ ਦੀਨਨ ਕੀ ਪਤਿ ੨ ਪਾਪ ਸਿਬੂਹ ੩ ਸੱਤ ਸਦੈਵ ੪ ਪੰਜ ਪੌੜੀਆਂ ਅਨੰਦ ਜੀ ਕੀਆਂ ਪੜੈ।

---

*ਕਿੰਤੂ ਭਾਵਨਾਂ ਓਸ ਮੇ ਸੁਧਾਸਰ ਕੀ ਹੀ ਕਰਣੀ ਭਾਵ ਜਲ ਲੇਤੇ ਸਮਯ ਸ੍ਰੀ ਅੰਮ੍ਰਿਤ ਸਰੋਵਰ ਜੀ ਕਾ ਧਯਾਨ ਅਵਸ੍ਯ ਕਰਣਾਂ॥

*ਭੀਤਰ ਬਾਹਰ ਦੋਨੋਂ ਪ੍ਰਕਾਰ ਸੇ ਹੀ ਭਲੀ ਰਹਤ ਵਾਲਾ ਅਰਥਾਤ ਭੀਤਰ ਸੇ ਸ੍ਰੇਸ਼ਟ ਆਚਾਰੀ ਗੁਰਮਤ ਅਨੁਸਾਰੀ-

Digitized by Panjab Digital Library | www.panjabdigilib.org

ਕਰਦ ਅਮ੍ਰਿਤ ਕੇ ਬੀਚ ਆਪਨੀ ਓਰ ਕੋ ਫੇਰੈ। ਅਰ ਚਾਰ ਸਿੰਘ †ਸ੍ਵੈਯੇ ਪਾਂਚ ਪਾਚ ਵਾ ਦਸ ਦਸ ਅਕਾਲ ਉਸਤਤਿ ਕੇ ਪੜ੍ਹਨੇ, ਕਰਦ ਧਾਰਾ ਆਪਨੀ ਓਰ ਫੇਰੇ, ਪੁਨਾ ਏਕ ਸਿੰਘ ਰਹਤਵਾਨ ਅੰਮ੍ਰਿਤ ਛਕਾਵੇ। ਸ੍ਰੀ ਸਾਹਬ ਆਪਣੇ ਗਾਤ੍ਰ ਪਾਇਕਰ ‡ਕਮਰ ਬਾਂਧਕਰ ਕਰਦ ਸਹਤ ਅੰਮ੍ਰਿਤ ਕਾ ਕਟੋਰਾ ਹਾਥ ਮੇਂ ਲੇਕਰ ਸਰਬ ਕੀ §ਆਗਜ਼ਾ ਲੇਵੈ। ਅੰਮ੍ਰਿਤ

---

ਹੋਵੇ ਅਰ ਬਾਹਰ ਸੇ ਪੰਚ ਕਕਾਰੀ ਗੁਰਮੁਖ ਮੇਲੀ।

†ਚਾਰੋਂ ਨੇ ਸ੍ਵਯੇ ਹੀ ਕੇਵਲ ਪੜਨੇ ਕਾ ਵਿਧਾਨ ਚਾਰ ਓਰ ਸੇ ਸੁਾਈਆਂ ਕਲਾਂ ਕਾ ਆਵੇਸ਼ ਅੰਮ੍ਰਿਤਮੇਂ ਪ੍ਰਾਪਤ ਕਰਾਣ ਨਮਿਤ ਸਮਝਨਾਂ।

‡ਅਮ੍ਰਿਤ ਛਕਾਨ ਵਾਲੇ ਨੂੰ ਕਮਰ ਬੰਨਨ ਤੋਂ ਭਾਵ ਸਦਾ ਹੀ ਕਮਰਕੱਸਾ ਹੋਯਾ (ਤਿਆਰ ਬਰ ਤਿਆਰ) ਸਮਝਾਨ ਦੀ ਸੂਚਨਾ ਨਮਿੱਤ ਹੈ॥

§ ਸਰਬ ਕੀ ਆਗਜ਼ਾ ਇਸ ਨਮਿੱਤ ਪ੍ਰਵਾਣ—

Digitized by Panjab Digital Library | www.panjabdigilib.org

ਛਕਨ ਵਾਲੇ ਸਿਖ ਪਾਸ ਜਾਯਾ ਖੜਾ ਹੋਵੈ
ਉਹ ਕਰਦ ਉਸਕੀ ਪਾਗ ਮੇਂ ਧਰ ਦੇਵੈ।
ਅਮ੍ਰਿਤ ਛਕਨ ਵਾਲਾ ਸਿਖ ਆਪਣੇ ਬਾਏਂ
ਹਾਥ ਪਰ ਦਾਹਨਾਂ ਹਾਥ ਰਾਖੇ ਤਬ ਓਹ
ਸਿੰਘ ਕਟੋਰੇ ਸੇ ਅੰਮ੍ਰਿਤ ਕਾ ਚੂਲਾ ਭਰ
ਉਸਕੇ ਹਾਥ ਮੇਂ ਡਾਰੇ ਔਰ ਕਹੇ ਬੋਲਹੁ
ਵਾਹਗੁਰੂ ਜੀ ਕੀ ਫਤਹ ਤਬ ਉਹ ਪੀਵੈ।
ਜਿਸਤਰਾਂ ਸੁਣੇ ਉਸੀਤਰਾਂ ਫਤਹ ਬੁਲਾਵੈ।
ਇਸੀ ਭਾਂਤ ਪਾਂਚ ਚੁਲੇ ਛਕਾਵੈ, ਨੇਤ੍ਰ
ਸਨਮੁਖ ਕਰ ਅੰਮ੍ਰਿਤ ਕੇ ਛਿੱਟੇ ਮਾਰੇ ਔਰ
ਫਤਹ ਬੁਲਾਵੈ, ਪਾਂਚ ਵੇਰ ਕੇਸਾਂ ਮੇਂ ਪਾਵਣਾ।

---

ਕ ਤੀ ਹੈ ਕਿ ਅੰਮ੍ਰਿਤ ਛਕਾਨ ਵਾਲਾ ਆਪਹੀ ਆਪਣੇ ਅੰਦਰ ਗੁਰੂ ਭਾਵਨਾ ਨਾ ਧਾਰ ਬੈਠੇ। ਬਲਕਿ ਅਮ੍ਰਿਤਧਾਰੀ ਸਮੂਹ ਪੰਥ ਦੀ ਆਗਯਾ ਸਿਰਤੇ ਧਾਰਣ ਵਾਲਾ ਪੰਥ ਗੁਰੂ ਦੀ ਤਾਬਿਆ ਗੁਰੂ ਕਾ ਸਿਖ ਸਦੌਣ ਵਾਲਾ ਬਣੇ ਇਹ ਭਾਵ ਹੈ।

Digitized by Panjab Digital Library | www.panjabdigilib.org

ਗੁਰਮੰਤ੍ਰ ੧—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਏਤਾ ਮੰਤਰ ਉਪਦੇਸ਼ ਕਰਣਾ, ਰਹਿਤ ਦੱਸਣੀ ਮੀਣੇ, ਧੀਰਮੱਲੀਏ, ਰਾਮਰਾਈਏ, *ਸਿਰ ਮੁੰਡਿਤ ਇਨਾਂ ਨਾਲ ਬਰਤਣਾ ਨਾਹੀਂ। ਸਿੱਖਾਂ ਕੀ ਸੇਵਾ ਕਰਣੀ ਸਬਦ ਕਾ ਅਭ੍ਯਾਸ ਕਰਣਾ, ਸ਼ਸਤ੍ਰ †ਸ਼ਾਸਤ੍ਰ

---

*ਇਨਾਂ ਨੇ ਗੁਰੂ ਕਰਤਾਰ ਦੀ ਚੋਰੀ ਤੇ ਅਮਾਨਤ ਵਿਚ ਖਜਾਨਤ ਦਾ ਭਾਰਾ ਅਪ੍ਰਾਧ ਕੀਤਾ ਹੋਯਾ ਹੈ ਇਸ ਲਈ ਇਨਾਂ ਦੀ ਸੰਗਤ ਕੁਸੰਗ ਰੂਪੀ ਹੋਣ ਕਰਕੇ ਸਿਖ ਨੂੰ ਪਤਿਤ ਕਰ ਦੇਣ ਵਾਲੀ ਹੋ ਸਕਦੀ ਹੈ ਸੋ ਸਤਿਗੁਰਾਂ ਦੂਰ ਰਹਿਣ ਦੀ ਆਗਯਾ ਕੀਤੀ ਯਥਾਃ— 'ਸਾਕਤ ਸੰਗਿ ਨ ਕੀਚਈ ਦੂਰਹਿ ਜਾਈਐ ਭਾਗ। ਬਾਸਨ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।'

†ਸ਼ਸਤ੍ਰ ਸੰਬੰਧੀ ਸ਼ਾਸਤ੍ਰ ਦੀ ਵਿਦਯਾ, ਜਿਸਦਾ ਭਾਵ—

Digitized by Panjab Digital Library | www.panjabdigilib.org

ਵਿਦਯਾ ਸਿਖਣੀ, ਈਹਾਂ ਸੂਖਮ ਤੇ ਕਹੀ ‡ਅਨੰਦਪੁਰ, ਕੇਸ ਗੜ੍ਹ, ਅਕਾਲ ਬੁੰਗੇ ਸ੍ਰੀ ਅੰਮ੍ਰਿਤਸਰ ਵਾ ਸ੍ਰੀ ਅਬਚਲਾ ਨਗਰ ਇਤ੍ਯਾਦਿਕ ਗੁਰਦ੍ਵਾਰਿਆਂ ਮੇਂ ਅਮ੍ਰਿਤ ਛਕਾਵੇ। ਆਗੇ ਦੂਜਾ ਸਿਖ ਜੀ ਕੋ ਬਹੁ ਪ੍ਰਕਾਰ ਉਪਦੇਸ਼ ਕਰੈਂਗੇ ਇਹ ਕਹ ਨਾਮ ਪੂਛਣਾਂ, ਸਿਖਾਂ ਕਉ ਸੁਨਾਵਣਾ ਜੋ ਸਰਬੱਤ ਕੀ ਇਛਾ ਹੋਇ ਓਹੀ ਨਾਮ ਰਖਣਾ ਵਾ ਹੋਰ

---

ਇਹ ਕਿ ਗੁਰ ਸਿਖ ਧਰਮ ਦੇ ਅੰਗ ਰੂਪ ਸ਼ਸਤ੍ਰ ਦੀ ਪੂਜਾ ਪ੍ਰਤਿਸ਼ਟਾ ਤੋਂ ਸਰਬ ਪ੍ਰਕਾਰ ਜਾਨੂ ਰੱਖਣ ਵਾਲੀ ਵਿਦ੍ਯਾ ਦਾ ਅਭ੍ਯਾਸ ਰਹੇ। ਕਿਉਂ ਜੋ- 'ਸੈਫ ਸ੍ਰੋਹੀ ਸੈਹਥੀ ਤੁਪਕ ਤਬਰ ਅਰ ਤੀਰ । ਸੋ ਹਮਰੀ ਰਛ੍ਯਾ ਕਰੈ ਯਹੀ ਹਮਾਰੇ ਪੀਰ।' ਇਹ ਅਸਾਡੇ ਪਰਮ ਗੁਰੂ ਹਨ। ਜੇ ਸ਼ਸਤ੍ਰ ਵਿਦ੍ਯਾ ਤੇ ਸ਼ਾਸਤ੍ਰ ਵਿਦ੍ਯਾ ਦਾ ਅਤ ੨ ਹੁਕਮ ਹੋਵੇ ਤਾਂ ਸ਼ਾਸਤ੍ਰ ਗੁਰਮਤ ਅਨੁਸਾਰ ਹੋਵੇ ਅਰਥਾਤ ਗੁਰਮਤ ਨਾਲ ਮਿਲਦੇ ਜੁਲਦੇ ਸਿਧਾਤ ਵਾਲੀ ਵਿਦ੍ਯਾ ਪੜ੍ਹੇਪੜ੍ਹਾਵੇ।

‡ਏਹਨਾਂ ਨਿਯਮਿਤ ਅਸਥਾਨਾਂ ਨੂੰ ਛਡ ਕੇ ਜੇਟਤ੍ਰਮ-

Digitized by Panjab Digital Library | www.panjabdigilib.org

ਰਾਖਣਾ, ਜੈਸੇ ਸੰਗਤ ਕਾ ਨਾਮ ਸੰਗਤ ਸਿੰਘ ਰਖਣਾ ਵਾਸੀ ਪੁਛਣੀ, ਅਨੰਦਪੁਰ ਪਪੰਜ ਵਾਰੀ ਵਾਹਗੁਰੂ ਕਹਿ ਅਰਦਾਸ ਕਰਣੀ ਸਰਬੱਤ ਕੋ ਹਾਥ ਜੋੜ ਕਰ ਕਹਣਾਂ— ਖਾਲਸਾ ਜੀ ਸਿਖ *ਤਨਖਾਹੀਆ ਹੈ, ਤਨਖਾਹ ਕਾ ਬਚਨ ਹੋਵੈ ਤਬ ਮੁਖ ਤੇ ਕਹੈ ਸਰਬਤ ੧।) ਸ੍ਵਾ ਰੁਪਜਾ ਤਨਖਾਹ

---

ਕੋਈ ਹੋਰ ਟਿਕਾਣੇ ਅੰਮ੍ਰਿਤ ਛਕਾਵੇ ਕਾਯਦੇ ਮੂਜਬ ਹੁਕਮ ਨੂੰ ਉਲੰਘਨ ਕਰਦਾ ਹੈ। ਹਾਂ ਜਿਥੇ ਐਸਾ ਪ੍ਰਬੰਧ ਹੋਣਾਂ ਬਹੁਤ ਦੁਰਘਟ ਹੋਵੇ ਉੱਥੇ ਪੰਜ ਗੁਰਮੁਖ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕੱਤ੍ਰ ਹੋ ਅੰਮ੍ਰਿਤ ਛਕਾਣਦਾ ਗੁਰਮਤਾ ਸੋਧ ਸਕਦੇ ਹਨ ॥

* ਅਪਰਾਧ ਸੰਗਤ ਵਿਚ ਪ੍ਰਗਟ ਕਰ ਦੇਣਾ ਹੀ ਭਾਰਾ ਪ੍ਰਾਸਚਿਤ ਪਾਪ ਨਵਿਰਤੀ ਦਾ ਹੁੰਦਾ ਹੈ। ਕਿਉਂ ਜੋ ਪਾਪ ਕਰਮ ਓਹ ਹੋਂਦਾ ਹੈ ਜੋ ਲਾਲਚ ਯਾ ਕਾਮ ਆਦ ਦੇ ਅਧੀਨ ਹੋ, ਲੁਕਕੇ ਕੀਤਾ ਜਾਵੇ ਤੇ ਡਰਦਿਆਂ ਮਾਰਿਆਂ ਇਸ ਜਤਨ ਵਿਚ ਰਹੀਏ ਕਿ ਕਿਤੇ ਉੱਘਾ ਨਾਂ ਹੋ ਜਾਵੇ।

Digitized by Panjab Digital Library | www.panjabdigilib.org

ਖਾਲਸੇ ਕੋ ਦੇਵੈ ਗੋਲਕ ਦਰਬਾਰ ਖਜਾਨੇ ਮੇਂ ਪਾਵੈ ਸਿਖ ਕਹੈ ਮੁਝੈ ਮਨਜੂਰ ਹੈ। ਤਬਉਸ ਸਿਖ ਨੈ ਪਾਂਚ ਬੇਰ ਵਾਹਗੁਰੂ ਕਹ ਅਰਦਾਸ ਕਰਣੀ, ਸਿਖ ਤਨਖਾਹ ਮਨਜੂਰ ਕੀਤੀ ਹੈ ਬਖਸ ਦਾ ਬਚਨ ਹੋਵੈ। ਤਬਸਭਨਾਂਨੇ ਕਹਣਾਂ ਜੋ ਵਾਹਗੁਰੂ ਖਾਲਸਾ ਬਖਸੇ। ਅੰਮ੍ਰਿਤ ਪਾਹੁਲ ਲੈਕੇ ਮਿਲ ਸਰਬੱਤ ਖਾਲਸੇ ਕੇ †ਪਦੋ ਕੋ ਪਰਣਾਮ ਕਰੈ ਤਬ ਕੜਾਹ ਪ੍ਰਸਾਦ ਵਰਤਾਵਣਾਂ ਪਾਹੁਲ ਲੈਣੇ

---

ਸੋ ਉੱਘਾ ਕਰ ਦੇਣ ਵਿਚ (ਜੇ ਨੀਯਤ ਸਾਫ ਨਾਲ ਪ੍ਰਗਟ ਕਰੀਏ ਤਾਂ) ਤਤਕਾਲ ਉਸਦੀ ਨਿਵਿਰਤੀ ਹੋ ਜਾਂਦੀ ਹੈ। ਜੋ ਮਾਯਾ ਯਾ ਸ਼ਾਰੀਰਿਕ ਮੁਸ਼ੱਕਤ ਨਾਲ ਤਨਖ਼ਾਹ ਲਾਈ ਜਾਂਦੀ ਹੈ ਉਹ ਅਗੇ ਲਈ ਬਚੇ ਰਹਣ ਵਾਸਤੇ ਪੁਸਟੀ ਤੇ ਦ੍ਰਿੜ੍ਹਤਾ ਖਾਤਰ ਹੁੰਦੀ ਹੈ॥

† ਚਰਣਾਂ ਦਾ ਛੁਹਨਾ ਕ੍ਰਿਤੱਗਤਾ (ਸ਼ੁਕਰ ਗੁਜਾਰੀ) ਦੀ ਨਿਸ਼ਾਨੀ ਹੈ।

Digitized by Panjab Digital Library | www.panjabdigilib.org

ਵਾਲਿਆਂ ਕੋ ਆਪਸ ਮੇਂ ‡ਕੜਾਹ ਮੁਖ ਪਾਵੈ ਉਸਕੇ ਉਹ ਮੁਖ ਮੇਂ ਦੇਵੈ ਉਸਕੇ ਓਹ ਮੁਖ ਮੇਂ ਦੇਵੈ। ਉਸੀ ਕਾਲ ਇਹ ਕਰੈ ਫੇਰ ਜੂਠਾ ਨਾ ਖਾਵੈ, ਪੀਛੇ ਜਲ ਆਦਿਕ ਭੀ ਛਕੇ ਤੇ ਪਾਤ੍ਰ ਸੁਚੇਤ ਕਰ ਲਵੇ। ਜੂਠਾ ਖਾਣਾ ਪੀਣਾ ਨਹੀਂ, ਜਿਉਂ ਸੋਚ ਰਖੇ ਤਿਉਂ ਚੰਗੀ ਹੈ। ਏਕ ਏਕ ਗ੍ਰਾਸ, ਜੂਠਾ ਹਾਥ ਕੜਾਹ ਕੋ ਨਾਂ ਲਾਵੈ। ਪੁਨਾ: ਆਪ ਖਾਵੈ, ਰਹਤਾ ਵਰਤਾਵੈ, ਜੂਠਾ ਖਾਣਾ ਬੁਧ ਨਾਸ ਕਰਤਾ ਹੈ। ਪ੍ਰਾਤਾਕਾਲ ਕੇਸੀਂ ਸ਼ਨਾਨ ਕਰੇ। ਜੋ

---

‡ ਪ੍ਰਸਪਰ ਹਮਦਰਦੀ ਤੇ ਪਜਾਰ ਪੈਦਾ ਕਰਣ ਖਾਤਰ। ਓਸ ਵੇਲੇ ਚਿਤ ਸੁਤੇ ਹੀ ਨਿਰਮਲ ਹੋਇਆ ਹੁੰਦਾ ਹੈ, ਇਸ ਕਰਕੇ ਹਮਦਰਦੀ ਦੇ ਸੰਸਕਾਰ ਨਿੱਤ ਲਈ ਹੀ ਆਪ ਵਿਚ ਦ੍ਰਿੜ੍ਹ ਹੋਜਾਂਦੇ ਹਨ। ਨਿਤ ੨ ਜੂਠਾ ਖਾਣਾ ਪਜਾਰ-

Digitized by Panjab Digital Library | www.panjabdigilib.org

ਅੰਮ੍ਰਿਤਸਰ *ਕੇਸਾਂ ਸਮੇਤ ਸ਼ਨਾਨ ਟੁਬੇ ਲਗਾਵਣੇ ਅਰ ਜੌਂ ਔਰ ਕੋਊ ਸਥਾਨ ਹੋਇ ਤੌ ਕੇਸੀਂ ਸ਼ਨਾਨ ਕਹਾ ਹੈ ਔਰ ਜਹਾਂ ਸ਼ਨਾਨ ਕਰੈ ਤਹਾਂ ਪਾਗ ਸਮੇਤ ਕਰੈ ਜੋ ਅੰਮ੍ਰਿਤਸਰ ਜੀ ਸਨਾਨ ਕਰੈ ਤੌ ਪਾਗ

---

ਤੇ ਹਮਦਰਦੀ ਦਾ ਕਾਰਣ ਸਮਝ ਜੋ ਮੁੜ ਐਸਾ ਕਰਦੇ ਹਨ ਓਹ ਗਲਤੀ ਤੇ ਹਨ (ਅਸਲ ਵਿਚ ਕੜਾਹ ਪ੍ਰਸ਼ਾਦ ਤੇ ਅੰਮ੍ਰਿਤ ਜੂਠੇ ਹੋ ਹੀ ਨਹੀਂ ਸਕਦੇ)। ਜੂਠ ਸਦਾ ਹੀ ਮਨਾਂ ਹੈ॥

* ਜੇਕਰ ਅੰਮ੍ਰਿਤ ਸਰੋਵਰ ਲਈ ਭੀ ਪਗੜੀ ਦਾ ਸਿਰ ਤੇ ਅਵਸ਼ਜ ਰਖਜਾ ਜਾਣਾਂ ਪਰਵਾਣ ਕਰਦੇ ਤਾਂ ਸਕੇਸ ਸਨਾਨ ਕੋਈ ਸਿੰਘ ਨਾਂ ਕਰਦਾ। ਪਗੜੀ ਉਤਾਰਕੇ ਸ਼ਨਾਨ ਕਰਨ ਦਾ ਪੁਰਾਣਾ ਰਿਵਾਜ ਇਸ ਲਈ ਭੀ ਪਾਇਆ ਹੋਇਆ ਸੀ ਕਿ ਜੇਕਰ ਕੋਈ ਸਕੇਸ ਸਨਾਨ ਨਾਂ ਭੀ ਕਰੂ ਤਾਂ ਭੀ ਨੰਗੇ ਸਿਰ ਹੁੰਦਿਆਂ ਕੇਸਾਂ ਨੂੰ ਆਪ ਤੇ ਆਪਹੀ ਅਮ੍ਰਿਤ ਦੇ ਚੁਲੇ ਦਾ ਸਪਰਸ਼ ਕਰਾਯਾ ਜਾਵੇਗਾ। ਸਿਰ ਨੰਗੇ ਹੋਣਾ ਦੀਨਤਾ ਅਰ ਸੋਗ ਦੀ ਨਿਸ਼ਾਨੀ ਹੈ ਤੇ ਖਾਲਸੇ ਨੂੰ ਸਿਵਾਇ ਸਤਿਗੁਰ ਅਕਾਲ ਪੁਰਖ ਦੇ ਹੋਰਸ ਅਗੇ ਕਿਸੇ ਭੀ ਸੂਰਤ ਵਿਚ ਦੀਨ ਹੋਣਾਂ ਪ੍ਰਵਾਣ ਨਹੀਂ

Digitized by Panjab Digital Library | www.panjabdigilib.org

ਉਤਾਰਕੈ ਕਰੇ ਕੇਸਾਂ ਸਮੇਤ । ਕਾਹੇ ਤੇ ਜੋ ਸ੍ਰੀ ਅਮ੍ਰਿਤਸਰ ਜੀ ਮੇਂ ਕੇਸ ਪਵਿੱਤ੍ਰ ਹੋਤੇ ਹੈਂ। ਤੇ ਸਨਾਨ ਕਰ ਨਵੀਨ ਬਸਤ੍ਰ ਪਹਿਰੇ ਤੇ ਕੇਸਰ ਛਿਟਕੇ ਵਾ ਕੇਸਰੀ ਬਸਤ੍ਰ ਪਹਰੈ ਵਿਧ ਮੁਕਤ ਮਾਰਗ ਮੇਂ ਕਹੀ ਹੈ, ਊਹਾਂ ਤੇ ਦੇਖ ਕਰੇ। ਪੁਤ੍ਰ ਜਨਮੇਂ ਸਮੇਂ ਆਨੰਦ

---

ਰਖਿਆ ਤੇ ਸੋਗ ਭੀ ਸਭ ਤਰਾਂ ਵਿਵਰਜਿਤ ਹੈ ਪਰ ਸ੍ਰੀ ਅਮ੍ਰਿਤਸਰ ਵਿਖੇ ਤਾਂ ਆਪ ਨਿਰੰਕਾਰੀ ਜੋਤ ਸਤਿਗੁਰ ਜਗਾਈ ਬੈਠੇ ਹਨ ਇਸ ਲਈ ਜੇ ਨੰਗਾ ਸਿਰ ਸਨਾਨ ਸਮੇ ਇਥੇ ਕੀਤਾ ਜਾਵੇ ਤਾਂ ਦੋਖ ਨਹੀਂ । ਰੋਟੀ ਖਾਣ ਸਮੇਂ ਦੀਨਤਾ ਵਾਲੇ ਤਥਾ ਸੋਗਾਤੁਰ ਖਯਾਲਾਂ ਦਾ ਆਵੇਸ਼ ਕਿਸੇ ਪ੍ਰਕਾਰ ਭੀ ਨਹੀਂ ਰੈਹਣਾ ਚਾਹੀਏ । ਪ੍ਰਸੰਨ ਮਨ ਲੋੜੀਦਾ ਹੈ ਤੇ ਪੱਗ ਤਾਂ ਸੀਸ ਦਾ ਹੈ ਹੀ ਮੁਕਟ ਅਤੇ ਪ੍ਰਸੰਨਤਾ ਦੀ ਨਿਸ਼ਾਨੀ ਇਸ ਕਾਰਣ ਨੰਗੇ ਸਿਰ ਖਾਣਾ ਪੀਣਾ ਗੁਰੂ ਸਾਹਿਬ ਨੇ ਅਸਾਂ ਲਈ ਵਿਵਰਜਿਤ ਰਖਣਾ ਹੋਯਾ ਹੈ ॥

Digitized by Panjab Digital Library | www.panjabdigilib.org

ਹੋਤਾ ਹੈ ਤੇ ਗੁਰੂ †ਅੰਮ੍ਰਿਤ ਛਕਾਵਣੇ ਵਾਲੇ ਕਉ ਬਸਤ੍ਰ ਸ਼ਸਤ੍ਰ ਮਾਇਆ ਕਰ ਗੁਰੂ ਪੂਜੈ, ਅਰ ਜੋਨ ਸੋ ਕਹਤ ਹੈ ਪ੍ਰਥਮੈਂ ਪਾਂਚਹ ਸਿਖਹ ਕੋ ਅੰਮ੍ਰਿਤ ਛਕਾਯਾ। ਪੁਨਹ ਉਨਸੇ ਛਕ ਲੀਆ ਤਬ ਉਨਸੇ ਪੂਛੀਐ ਜੁ ਸਾਹਬ ਨੇ ਆਪ ਪਾਹੁਲ ਨ ਥੀ ਲਈ ਹੂਈ। ਤੌ ਸਿਖੋਂ ਕਉ ਕੈਸੇ ਦੀਨੀ, ਅਰ ਜੋ ਵਹ ਕਹੈਂ ਗੁਰ ਈਸਰ ਆਪ ਸਮਰਥ ਥੇ ਤਿਨ ਕੀ ਕ੍ਰਿਆ ਰੀਸ ਹੈ ਸੋ ਬਾਤ ਸਚ ਹੈ ਪਰੰਤੂ ਉਨਹੋਂ ਨੇ ਸਿਖਾਂ

---

† ਅੰਮ੍ਰਿਤ ਛਕੌਣ ਵਾਲੇ ਨੂੰ ਗੁਰੂ ਪਦਵੀ ਦੇਣੀ ਗਲਤੀ ਹੈ ਅਲਬੱਤਾ ਪੰਜਾਂ ਪਜਾਰਿਆਂ ਵਿਚੋਂ ਮੁਖੀਆ ਜਥੇਦਾਰ ਹੋਣ ਦੀ ਹੈਸੀਅਤ ਵਿਚ ਵਡਾ (ਗੁਰੂ) ਕਰਕੇ ਇਥੇ ਆਖਿਆ ਹੈ। ਉਂਜ ਤਾਂ ਅੰਮ੍ਰਿਤ ਤਯਾਰੀ ਦਾ ਕਾਰਣ ਸ਼ਸਤ੍ਰ ਹਨ ਤੇ ਓਹੋ ਹੀ ਅੰਮ੍ਰਿਤ ਸੰਸਕਾਰ ਦੇ ਮੁੱਖ ਗੁਰੂ॥

Digitized by Panjab Digital Library | www.panjabdigilib.org

ਥੇਂ ਕਿਓਂ ਲੈਣੀ ਥੀ। ਉਨਸੇਂ ਪਾਹੁਲ ਨਾ ਲੈਣ ਮੇਂ ਈਸ਼੍ਵਰ ਜੀ ਕੀ ਕਿਆ ਹਾਨ ਹੋਤੀ ਥੀ ? ਤਾਂਤੇ ਉਹ ਪਦ ਇਸ ਭ੍ਰਾਂਤ ਥਾ ਜੋ ਪੰਚਹੁ ਸੇ ਪਾਹੁਲ ਲਈ ਅਰ ਪੰਚਹ ਕੋ ਦਈ ਸੋ ਲੀਨੀ ਪੰਚਹੁ ਸਸਤ੍ਰਹੁ ਸੈ ਔਰੁ ਦੀਨੀ ਪੰਚਹੁ ਸਿਖਹੁ ਸੇਂ। ਸ੍ਰੀ ਮੁਖ ਵਾਕ ਐਸੈ ਕਹਾ ਹੈ 'ਜਿਤੇ ਸਸਤ੍ਰ ਨਾਮੰ। ਨਮਸਕਾਰ ਤਾਮੰ' ਇਹ ਵਾਕ ਗੁਰੂ ਜਾਣਕੈ ਕੀਆ ਹੈ। ਅਰੁ ਜਿਨਹੁ ਨੇ ਇਹ ਅਰਥ ਨਹੀ ਸਮਝਾ ਤਿਨਹੁ ਨੇ ਇਹ ਪਾਠ ਲਿਖ ਦੀਆ ਹੈ, ਜੋ ਪੰਚਹੁ ਕੋ ਦਈ ਅਰੁ ਪੰਚਹੁ ਸਿਉ ਲਈ ਸੋ ਇਹ ਬਾਤ ਪ੍ਰਵਾਣ ਨਹੀਂ ਜੋ ਕੋਈ ਕਹੈ ਸਸਤ੍ਰ ਸੇ ਪਾਹੁਲ ਲੀਨੀ ਤੁਮ ਕਿਸੇ ਪ੍ਰਮਾਣ ਕਹਿਤੇ ਹੋ ? ਸੋ ਸੁਣੋ !

Digitized by Panjab Digital Library | www.panjabdigilib.org

ਹਮ ਗੁਰੂ ਜੀ ਕੇ ਸ੍ਰੀ ਮੁਖ ਬਚਨ ਸੇ ਪ੍ਰਮਾਣ ਦੇਤੇ ਹੈਂ। ਜੋ ਸਸਤ੍ਰ ਨਾਮ ਮਾਲਾ ਕੇ ਪ੍ਰਥਮ ਅਧ੍ਯਾਯ ਮੇਂ ਕਹਾ ਹੈ॥

ਦੋਹਰਾ। ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ ਇਹੈ ਹਮਾਰੇ ਪੀਰ॥

ਸੋ ਤਉ ਸ੍ਰੀ ਗੁਰੂ ਜੀ ਨੈ ਮੁਖ ਤੇ ਕਹਾ ਹੈ, ਜੋ ਇਹ ਸ਼ਸਤ੍ਰ ਹਮਾਰੇ ਗੁਰੂ ਹੈਂ ਤਾਂ ਤੇ ਇਹ ਪ੍ਰਮਾਣ ਹੈ ਜਿਨਹੁ ਸਿਖਹੁ ਕੋ ਪਾਹੁਲ ਦੇਣੀ ਥੀ ਤਿਨਹੁ ਸੇ ਸੀਸ ਮਾਂਗਨੇ ਕਾ ਭਾਵ ਏਹ ਹੈ ਜੋ ਬ੍ਰਹਮਣੋ ਛਤ੍ਰੀਅਹੁ ਲੋਗਹੁ ਕੋ ਜਨੇਊ ਉਤਾਰਨਾਂ ਮ੍ਰਿਤੁ ਕੇ ਤੁਲ ਹੈ। ਜਨੇਊ ਕੇ ਆਸਰੇ ਸਰਬ ਕਰਮ ਹੈ, ਜਨੇਊ ਤਿਆਗਾ ਤੋ ਸਰਬ ਕਰਮੋ ਕਾ ਭੀ ਤਿਆਗ ਭਇਆ ਕਰਮ ਜਨੇਊ ਕੇ ਸਾਥ ਹੈਂ। ਜਨੇਊ ਗਇਆ

Digitized by Panjab Digital Library | www.panjabdigilib.org

ਤਬ ਸਰਬ ਕਰਮ ਬੰਧਨ ਨਾਸ ਭਏ ਜੋ ਸਿਖ ਹੋਇ ਕਰਮੋਂ ਕਾ ਆਸਰਾ ਕਰੈਗਾ ਤਾਕੋ ਘੋਰ ਨਰਕ ਮੈਂ ਡਾਲੈਗਾ । ਇਸੀ ਬਾਤ ਤੇ ਰਾਜੇ ਫਿਰ ਗਏ ਥੇ । ਤਿਸ ਨਮਿੱਤ ਕਹਾ ਜੋ ਪਰਮ ਸਿਦਕਵਾਨ ਸਿਖ ਹੋਵਹਗੇ ਤਿਨਕਉ ਇਸ ਮਾਰਗ ਕਾ ਮੁਖੀਆ ਕਰਾਗਾ। ਅਬਵਾ ਜਿਨਹੁ ਕੋ ਸ੍ਰੀ ਸਤਿਗੁਰ ਜੀ ਨੇ ਆਪਨੇ ਹਸਤ ਕਮਲਹੁ ਸੇ ਅੰਮ੍ਰਤ ਛਕਾਵਨਾ ਹੈ ਤਿਨਹੁ ਕੌ ਮੁਕਤ ਕਰਨਾ ਹੈ ਸੋ ਮੁਕਤਿ ਤਬ ਹੀ ਹੋਤੀ ਹੈ ਜਬ ਦੇਹ ਕਾ ਅਭਿਮਾਨ ਛੂਟੈ । ਇਸ ਪਰੀਖਿਆ ਨਮਿਤ ਉਨਸੋ ਸੀਸ ਮਾਂਗੇ ਥੇ। ਤੁਮ ਚਾਰ ਵਰਨ ਕੋ ਅੰਮਰਤ ਦੇਕੈ ਏਕ ਰੂਪ ਕੀਏ ਅਰੁ ਮਜਬੀ ਕੋ ਅੰਮ੍ਰਿਤ ਦੇ ਕੈ ਏਕਤਾ ਵਿਵਹਾਰ ਕੀ

Digitized by Panjab Digital Library | www.panjabdigilib.org

ਨ ਕਰੀ ਸੋ ਸੁਨੋ ਚਾਰੋਂ ਕੀ ਏਕਤਾ ਤੇ ਬਹੁਤ ਲੋਕ ਦੁਖੇ ਹੈ ਜੋ ਮਜ਼ਬੀ ਕੀ ਏਕਤਾ ਕਰਤਾ ਤੋ ਪੰਥ ਮੇਂ ਨ ਕੋਊ ਮਿਲਤਾ, ਔਰ ਨਿੰਦਾ ਬਹੁਤ ਹੋਤੀ, ਤਾਂਤੇ ਮੰਤ੍ਰ ਏਕਤਾ ਕਰੀ, ਵਿਵਹਾਰ ਏਕਤਾ ਨ ਕਰੀ । ਮਜ਼ਬੀ ਰਮਦਾਸੀਏ ਥੀਂ ਆਦ ਲੇਕਰ ਸਭ ਕੋ ਅੰਮ੍ਰਿਤ ਛਕਾਵੇ ਮੰਤਰ ਸੰਜੁਕਤ, ਸਭ ਕੇ ਮੰਤਰ ਏਕ ਸੇ ਹੈ, ਛਕਾਵਣੇ ਮੇਂ ਚਿੱਤ ਸ਼ੰਕਾ ਗਿਲਾਨ ਨਹੀਂ ਕਰਣੀ ਕਿਉਂ ਜੁ ਸਾਹਬ ਨੈ ਮਜ਼ਬੀਓਂ ਪਰ ਕ੍ਰਿਪਾ ਬਣੀ ਕਰੀ ਹੈ—ਰੰਘਰੇਟੇ ਗੁਰੂ ਕੇ ਬੇਟੇ, ਮਜ਼ਬੀ ਇਸੀਤੇ ਨਾਮ ਆਖਦੇ ਜੁ ਪੰਥ ਮੈ ਮਿਲ ਲੀਏ । ਬੇਟੇ ਸਿਖ ਪੁਤਰ ਸਮ ਜਾਨਕੇ ਐਸੇ ਕਹਤੇ, ਤਰਕ ਨਹੀਂ ਕਰਣੀ ॥ ਕਯੋਂ ?

Digitized by Panjab Digital Library | www.panjabdigilib.org

ਅਪਨੇ ਪੰਥ ਕੀ ਬ੍ਰਿਧਤਾ ਕੋ, ਯਮਨ ਵਿਧ੍ਵੰਸ ਕੋ ਪੰਥ ਰਚਾ ਹੈ। ਅੰਮ੍ਰਿਤ ਛਕਾਵਣੇ ਕੇ ਤੀਨ ਹੁਕਮ ਹੈਂ:—

ਪਹਿਲੇ ਸਿੰਘ ਪੁਤ੍ਰ ਕੋ ਚਾਲੀਸ* ਦਿਨ ਭੀਤਰ ਅੰਮ੍ਰਿਤ ਦੇਵੈ, ਪੁਨ: ਪਾਂਚ ਅਰ ਸਾਤ ਬਰਖ ਲੌ ਪੁਤ੍ਰ ਸਿੰਘ ਕਾ ਨ ਹੋਯ ਤੌ ਜੇਤੇ ਬਰਖ ਕਾ ਹੋਯ ਤਿਸ ਕੋ ਅੰਮ੍ਰਿਤ ਛਕਾਵੈ, ਅੱਸੀ ਵਰਖ ਲੌ ਲਿਖਾ ਹੈ। ਜਿਨੋਂ ਕੋ ਅੰਮ੍ਰਿਤ ਛਕਾਯੋ ਤਿਨ ਪੰਚਨ ਕੇ ਨਾਮ॥੫॥

---

*ਗੁਰਸਿੱਖ ਕਿਸੇ ਪ੍ਰਕਾਰ ਭੀ ਅੰਮ੍ਰਿਤ ਤੋਂ ਰਹਿਤ ਨਹੀਂ ਹੋਵੇ। ਪੰਜ ਹੱਦ ਸੱਤ ਬਰਸ ਦੀ ਅਵਸਥਾ ਵਿਚ ਅੰਮ੍ਰਿਤ ਸੰਸਕਾਰ ਪੂਰਣ ਮਯਾਦਾ ਨਾਲ਼ ਹੋਣੇ ਚਾਹੀਦੇ ਹਨ ਖ਼ਯਾਲ ਕੀਤਾ ਜਾ ਸਕਦਾ ਹੈ ਕਿ ਐਡਾ ਬਾਲਕ ਨਿੱਤ ਨੇਮ ਨਹੀਂ ਪਾਲ ਸਕਦਾ ਪਰ ਐਸਾ ਨਹੀਂ ਖ਼ਯਾਲ ਕਰਨਾ ਕਯੋਂਕਿ ਜਦੋਂ ਬੱਚਾ ਬੋਲਨ ਸਿਖੇ ਉਸ ਨੂੰ ਹੋਰ ੨ ਚਾਚਾ ਤਾਯਾ ਭਾਈਆ ਆਦ ਸਿਖਾਵਣ ਦੇ ਨਾਲ ਹੀ ਗੁਰਬਾਨੀ ਭੀ ਅਸਾਨੀ ਨਾਲ

Digitized by Panjab Digital Library | www.panjabdigilib.org

ਪ੍ਰਥਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਤ ਸੋਢੀ ਜਨਮ ਪਟਨੇ ਕਾ ਵਾਸੀ ਅਨੰਦ ਪੁਰ ਬਿਸ਼ਨ ਅਵਤਾਰ † ਵਹਿਆ ਸਿੰਘ

---

ਸਿਖਾਈ ਜਾ ਸਕਦੀ ਹੈ, ਜਦ ਜਨੇਊ ਸੰਸਕਾਰ ਹਿੰਦੂਆਂ ਦਾ ਤੇ ਸੁੰਨਤ ਸੰਸਕਾਰ ਮੁਸਲਾਨਾਂ ਦਾ ਲੱਗ ਪੱਗ ਇਸੇ ਹੀ ਉਮਰ ਵਿਚ ਹੁੰਦਾ ਹੈ ਤਾਂ ਇਸ ਘਰ ਦੀ ਚਾਲ ਭੀ ਐਸੀ ਹੀ ਹੈ। ਇਸ ਵਿਚ ਇਕ ਕੁਦਰਤੀ ਨੇਮ ਕੰਮ ਕਰਦਾ ਹੈ, ਕਿ ਬਾਲਕ ਪੰਜਾਂ ਬਰਸਾਂ ਉਪ੍ਰੰਤ ਕਿਸ਼ੋਰ ਅਵਸਥਾ ਵਿਚ ਪ੍ਰਵੇਸ਼ ਪਾ ਲੈਂਦਾ ਹੈ ਤੇ ਏਹ ਅਵਸਥਾ ਹੀ ਹੈ, ਜਦ ਮਰਦ ਪੁਣੇ ਦੀ ਜ਼ਿੰਦਗੀ ਦੀ ਨੀਂਹ ਧਰੀ ਜਾਂਦੀ ਹੈ। ਨੀਂਹ ਅੰਮ੍ਰਿਤ ਨਾਲ ਤਯਾਰ ਹੋਣੀ ਇਕ ਅਨੋਖਾ ਪ੍ਰਭਾਵ ਰੱਖਦੀ ਹੈ ਟਿਪਣੀ ਕਾਰਦੀ ਆਪਣੀ ਜ਼ਿੰਦਗੀ ਹੀ ਇਸ ਵਿਚ ਸੁਤੇ ਪ੍ਰਮਾਣ ਹੈ॥

†ਜਦ ਤੱਕ ਸਿੰਘ ਨਹੀਂ ਸਜੇਗਾ ਮੋਖ ਨਹੀਂ ਹੋਵੇਗਾ ਕਾਰਣ ਇਹ ਹੈ, ਕਿ ਵਾਹਿਗੁਰੂ ਦੀ ਰਚਨਾਂ ਨੂੰ ਦੂਏ ਭੰਗ ਕਰਦੇ ਹਨ ਇਸ ਲਈ ਰਚਨਹਾਰ ਦੀ ਪੂਰੀ ਪ੍ਰਸੰਨਤਾ ਆਦ ਦੇ ਪਾਤ੍ਰ ਉਹ ਨਹੀਂ ਹੋ ਸਕਦੇ। ਆਪਣੇ ਧਰਮ ਕਰਮ ਪੂਜਾ ਪਾਠ ਦਾ ਫਲ ਓਨਾਂ ਨੂੰ ਸਿੰਘ ਸੱਜਣਾਂ ਹੀ ਪ੍ਰਾਪਤ ਹੋਣਾ ਹੈ। ਸਿੰਘ ਸੱਜਣਾਂ ਦਾ ਸੁਭਾਗ ਕੇਵਲ ਧੰਨ ਭਾਗਿਆਂ ਵਡਭਾਗਿਆਂ ਨੂੰ ਪ੍ਰਾਪਤ ਹੁੰਦਾ ਹੈ॥

Digitized by Panjab Digital Library | www.panjabdigilib.org

ਸੋਢੀਖਤ੍ਰੀ ਵਾਸੀ ਲਾਹੌਰ ਪ੍ਰੂਰਬ ਲਊ ਅਵਤਾਰ ੧— ਮੁਹਕਮ ਸਿੰਘ ਛੀਂਬਾ, ਵਾਸੀ ਦੁਆਰਕਾ, ਨਾਮਦੇਵ ਅਵਤਾਰ ੨— ਸਾਹਬ ਸਿੰਘ ਸ਼ਹੀਦ ਵਾਸੀਬਿਦਰ, ਸੈਣ ਭਗਤ ਦੇ ਅਵਤਾਰ ੩— ਧਰਮ ਸਿੰਘ ਹਠੀਲਾ ਜਾਟ ਧੰਨੇ ਕੇ ਅਵਤਾਰ ਵਾਸੀ ਹਸਤਨਾਪੁਰ ਕੀ ੪— ਹਿੰਮਤ ਸਿੰਘ ਝੀਵਰ ਵਾਸੀ ਜਗਨ ਨਾਥ ਕੀ ਕਿਦਕ ਕੇ ਅਵਤਾਰ ੫— ਜੁਕਤ।

ਦੋਹਰਾ। ਪਾਂਚੋ ਪਾਂਡੋ ਪੰਚ ਯਿਹ ਕ੍ਰਿਸ਼ਨ ਗੁਰੂ ਅਵਤਾਰ।
ਤੁਰਕ ਦੁੰਦ ਕੇ ਹਤਨ ਕੋ ਯਿਹ ਪ੍ਰਗਟਯੋ ਆਚਾਰ॥੧॥
ਸ੍ਰੀ ਅਕਾਲ ਅਵਤਾਰ ਧਰ ਪ੍ਰਗਟਾਯੋ ਨਿਜ ਪੰਥ।
ਗੁਰੂ ਖਾਲਸਾ ਰੂਪ ਗੁਰ ਪ੍ਰਗਟ ਮਾਨੀਯੋ ਗ੍ਰੰਥ॥ ੨॥

ਲਿਖਾਰੀ ਹਜ਼ੂਰ ਸਾਹਬ ਸਿੰਘ, ਮਹਾਂ ਸਿੰਘ ਜੋਧਾ ਰੂਪ ਮੇਂ, ਨੰਦ ਸਿੰਘ ਵੈਰਾਗ

Digitized by Panjab Digital Library | www.panjabdigilib.org

ਵਾਨ, ਲਹੌਰਾ ਸਿੰਘ ਬੁਲਵਾ ਮਾਲਾ ਸਿੰਘ *ਉਸਨਾਰ ਸਿੰਘ ਚਵਰੀਆ, ਅਜਬ ਸਿੰਘ ਕੰਧਾਰੀ, ਕਾਨ ਸਿੰਘ ਸੁਜਾਨ ਸਿੰਘ ਲਹੌਰੀਆ ਬੇਟਾ ਵੈਸਾਖਾ ਸਿੰਘ ਦਾ, ਮੇਹਰ ਸਿੰਘ ਪਿਆਰਾ, ਨੰਦ ਸਿੰਘ ਸਾਹਬ ਸਿੰਘ ਜੱਟ, ਬੁਧ ਸਿੰਘ ਨਾਈ, ਸੱਦਾ ਸਿੰਘ ਭੱਟ, ਮਥਰਾ ਸਿੰਘ ਬ੍ਰਾਹਮਣ, ਸੈਤਾ ਸਿੰਘ ਝੀਵਰ, ਰਣ ਸਿੰਘ ਟਹਲ ਸਿੰਘ ਸੁਨਿਆਰਾ ਦਇਆ ਸਿੰਘ ਧਰਮ ਸਿੰਘ ਸਾਮ ਸਿੰਘ ਆਗਰੇਕੇ। ਬੀਰ ਸਿੰਘ ਸਰਦਾਰਾ ਸਿੰਘ ਮਦਨ ਸਿੰਘ ਚਮਾਰ ਹਜਰੌ ਕੇ ਘੋੜੇ ਕਾ ਟਹਲ ਵਾਲਾ ਬਦਨ ਸਿੰਘ ਖਤ੍ਰੀ ਰਾਮ ਸਿੰਘ ਰਾਜ ਸਿੰਘ ਉਦੇ ਸਿੰਘ। ਗੁਰਮੁਖ ਸਿੰਘ ਦੇਵਾ ਸਿੰਘ ਅਤਰ ਸਿੰਘ ਕਪੂਰ

Digitized by Panjab Digital Library | www.panjabdigilib.org

ਸਿੰਘ ਗੁਰਬਖਸ਼ਸਿੰਘ ਮਾਲਾ ਸਿੰਘ ਆਲਮ
ਸਿੰਘ ਬਾਮਨ ਸੁਖਾ ਸਿੰਘ ਫੋਲਾ ਸਿੰਘ
ਸਜਨ ਸਿੰਘ ਸ਼ਾਮ ਸਿੰਘ ਲੈਆਇਆ
ਲੋਹੇਕੇ ਭੂਖਣ-ਸਭ ਸਿੰਘੋਂ ਕੋ ਵਰਤਾਇ
ਦੀਏ: ਦੋ ਕੜੇ ੨ ਏਕ ਛਾਪ ੧ ਦੋ ਛਲੂ
੨ ਏਕ ਜੰਜੀਰ ੧ ਏਕ ਕਰਦ ੧ ਏ
ਖਾਲਸੇ ਕੋ ਪਹਰਾਏ- ਮੁਖੋਂ ਏਹ ਬਚਨ
ਕੀਆ ਗੁਰੂ ਖਾਲਸਾ ਖਾਲਸਾ ਗੁਰੂ ।
ਮਾਨ ਸਿੰਘ ਦਾਨ ਸਿੰਘ ਚੜਤ ਸਿੰਘ
ਧਿਆਨ ਸਿੰਘ ਅਜਾਹੀ ਸੁਰਤ ਸਿੰਘ
ਲਖਾ ਸਿੰਘ ਤੁਰਕ ਮਾਰੀ ਕਜੋ ਤੁਰਕ ਨੂੰ
ਖੰਡਾ ਮਾਰਾਥਾ ॥ ਦਾਨ ਸਿੰਘ ਭਗਵਾਨ
ਸਿੰਘ ਊਦੇ ਸਿੰਘ ਛਤੇ ਸਿੰਘ ਜਾਲਮ ਸਿੰਘ
ਬੀਰ ਸਿੰਘ ਜਾਮਵਾਲ ੧ ਮਦਨ ਸਿੰਘ

Digitized by Panjab Digital Library | www.panjabdigilib.org

ਰਜਪੂਤ ੨ ॥ ਮਹਾਂ ਮੁਕਤਿਆਂ ਕੇ ਨਾਮ ॥ ਰਾਮ ਸਿੰਘ ੧ ਫਤੇ ਸਿੰਘ ੨ ਦੇਵਾ ਸਿੰਘ ੩ ਈਸਰ ਸਿੰਘ ੪ ਟਹਲ ਸਿੰਘ ੫ ਏਹ ਪਾਂਚੋ ਮੁਕਤੇ ਉਨਹੁ ਪਾਂਚਹੁ ਕੇ ਹਾਥ ਸੈ ਇਨਹ ਅੰਮ੍ਰਿਤ ਛਕਾ ਦੋ ਭਾਈ ਸੁਨਿਆਰੇ ਸਿੰਘ ਏਕ ਬਾਬਾ ਸੰਤੋਖ ਸਿੰਘ ਸਾਹਿਬ ਕਾ ਖਿਡਾਵਾਲਾ। ਤਿਲਕਾ ਭਾਈ ਅਨੋਖ ਸਿੰਘ ਮੋਰ ਛੜ ਕਰਤਾ ਥਾ। ਗੁਰ ਦਿਤ ਸਿੰਘ ਖਜਾਨਚੀ ਥਾ ਔਰ ਚੌਰ ਕਰਨੈ ਵਾਲਾ ਗੁਰਬਖਸ ਸਿੰਘ ਖੜਾਬ ਸਾਹਬ ਰਾਮ ਕੌਰ ਥਾ ਜੀਵਣ ਸਿੰਘ ਮਜਬੀ ਜਿਸਨੈ ਤੇਗ ਬਹਾਦੁਰ ਜੀ ਕਾ ਸੀਸ ਦਿਲੀ ਸੈ ਲਿਆਇਆ ਥਾ ਉਹਾਂ ਚੌਥੀ ਬਾਹੀ ਸ੍ਰੀ ਅੰਮ੍ਰਿਤਸਰ ਜੀ ਕੀ ਬਖਸੀਸ

Digitized by Panjab Digital Library | www.panjabdigilib.org

ਕਰੀ ਰਾਮ ਸਿੰਘ ਰਮ ਦਾਸੀਆ ਥਾ ਪ੍ਰਹਲਾਦ ਸਿੰਘ ਬਰਾਹਮਣ ਥਾ ਬਚਿਤ੍ਰ ਸਿੰਘ ਬਹੂਰੂਪੀਆ ਥਾ ਘੋੜੇ ਕੇ ਪਾਇ ਪਾਇ ਰਕਾਬ ਕ੍ਰਿਪਾਲ ਸਿੰਘਖਤਾਬ ਕਿਰਪਾਲ ਦਾਸ ਉਦਾਸੀ ਸਾਥ ਦੌੜਣੇ ਵਾਲਾ ਥਾ ਵੀਰ ਸਿੰਘ ਰੰਗਰੇਟਾ ਥਾ ਘੋੜੇ ਦੀ ਟਹਲ ਕਰਨੇ ਵਾਲਾ ਔਰ ਨਬੀਖਾਂ ਗਨੀਖਾਂ ਪਠਾਨ ਦੋ ਪਾਲਕ ਥੇ ਜਿਨੋ ਪਲੰਘ ਉਠਾਇਆ ਥਾ ਧੀਰ ਸਿੰਘ ਨਿਹੰਗ * ਨੰਦ ਸਿੰਘ ਨਿਹੰਗ ਕਾ ਸਰੂਪ ਸਾਹਿਬ ਜੈਸਾ ਥਾ ਉਸ ਕੋ ਕਲਗੀ ਜਿਹਾ ਬੰਧਾਈ ਥੀ ਗੁਰ

---

*ਸੂਰਜ ਪ੍ਰਕਾਸ਼ ਆਦੀ ਗ੍ਰੰਥੋਂ ਮੇਂ ਨਾਮ ਸੰਤ ਸਿੰਘ ਦਿੱਤਾ ਹੈ ਜੋ ਗੁਰੂ ਸਾਹਿਬ ਦੇ ਸਰੂਪ ਸਾਰਖੇ ਆਕਾਰ ਵਾਲਾ ਮੰਨਤਾ ਹੈ ॥

Digitized by Panjab Digital Library | www.panjabdigilib.org

ਵਿਤ ਸਿੱਘ ਮਜਬੀ ਥਾ ਕਰਮ ਸਿੰਘ ਭਾਟੀਆ ਥਾ ਬਿਕ੍ਰਮਾ ਸਿੰਘ ਅਰੋੜਾ ਥਾ ਮਾਨ ਸਿੰਘ ਜੀਵਣ ਸਿੰਘ ਨਿਹਾਲ ਸਿੰਘ ਬੁਧ ਸਿੰਘ ਮੋਹਰ ਸਿੰਘ ਏ ਪਾਚੋਂ ਨਿਰਮਲੇ ਵਿਰਕਤ ਹੂਏ ਹੈਂ ॥

ਚਾਲੀਸ ਮੁਕਤਿਓਂ ਕੇ ਨਾਮ । ਅਰ-ਜਨ ਸੇ ਜੁਧ ਮੈਂ ਜੂਝੇ ਹੈਂ । ਜਵਾਹਰ ਸਿੰਘ ੧ ਰਤਨ ਸਿੰਘ ੨ ਦਿਆਲ ਸਿੰਘ ੩ ਮਨਕ ਸਿੰਘ ੪ ਕਿਰਪਾਲ ਸਿੰਘ ੫ ਗੁਰਦਾਸ ਸਿੰਘ ੬ ਠਾਕਰ ਸਿੰਘ ੭ ਪ੍ਰੇਮ ਸਿੰਘ ੮ ਗੁਰਦਾਸ ਸਿੰਘ ੯ * ਸੰਗੋ ਸਿੰਘ ਉਸਦਾ ਸਰੂਪ ਗੁਰੂ ਜੀ ਨੇ ਅਪਨੇ

---

*ਇਹੋ ਸਿੰਘ ਹੀ ਹੋਣੇਹਨ ਜਿਨਾਂ ਦਾ ਜ਼ਿਕਰ ਭਾਈ ਸਾਹਬ ਸੰਤੋਖ ਸਿੰਘ ਜੀ ਨੇ ਸਮ ਸਰੂਪੀ ਹੋਣ ਦਾ ਕੀਤਾ ਹੈ ॥

Digitized by Panjab Digital Library | www.panjabdigilib.org

ਤੁਲ ਸਰੂਪ ਸਾਜਿਆ ਥਾ ਸੋ ਜੁਧ ਮੈ ਜੂਝ:
੧੦ ਵਿਸਾਲ ਸਿੰਘ ੧੧ ਗੁਲਾਬ ਸਿੰਘ
੧੨ ਮਤਾਬ ਸਿੰਘ ੧੩ ਖੜਗ ਸਿੰਘ੧੪
ਟੇਕ ਸਿੰਘ ੧੫ ਤੁਲਸਾ ਸਿੰਘ ੧੬
ਸਹਾਈ ਸਿੰਘ ੧੭ ਚੜਤ ਸਿੰਘ ੧੮
ਸੰਤਾ ਸਿੰਘ ੧੯ ਚੀਤਾ ਸਿੰਘ ੨੦ ਕਿਸ਼ਨ
ਸਿੰਘ ੨੧ ਬਿਸ਼ਨ ਸਿੰਘ ੨੨ ਗੁਰਦਿਤ
ਸਿੰਘ ੨੩ ਮਿਤਾ ਸਿੰਘ ੨੪ ਕਰਮ ਸਿੰਘ
੨੫ ਚਤਰ ਸਿੰਘ ੨੬ ਨਰੈਣ ਸਿੰਘ ੨੭
ਜੈਮਲ ਸਿੰਘ ੨੮ ਚੀਤਾ ਸਿੰਘ ੨੯
ਜੁਆਲਾ ਸਿੰਘ੩੦ ਸ਼ੇਰ ਸਿੰਘ ੩੧ ਸਰ-
ਦੂਲ ਸਿੰਘ ੩੨ ਸੁਖਾ ਸਿੰਘ ੩੩ ਪੰਜਾਬ
ਸਿੰਘ੩੪ ਦਮੋਦਰ ਸਿੰਘ੩ ਪਸੰਤ ਸਿੰਘ੩੬
ਵਿਸਾਖਾ ਸਿੰਘ੩੭ ਸਰਦੂਲ ਸਿੰਘ੩੮ ਸਰੂਪ

Digitized by Panjab Digital Library | www.panjabdigilib.org

ਸਿੰਘ ੩੯ ਭਗਵਾਨ ਸਿੰਘ ੪੦ ਏਹ ਚਾਲੀਸ ਮੁਕਤੇ ਹੈਂ । ਪੰਜ ਭਾਈ ਹੈ ਸੁਧ ਸਿੰਘ ੧ ਨਿਧਾਨ ਸਿੰਘ ੨ ਅਨੂਪ ਸਿੰਘ ੩ ਦੇਵਾ ਸਿੰਘ ੪ ਮੁਸੱਦਾ ਸਿੰਘ ਏਹ ਪਾਂਚੋ ਗਰੰਥੀ ਥੇ ॥ ਇਤ ਸ੍ਰੀ ਸੁਰਧਰਮ ਮਾਰਗ ਗਰੰਥੇ ਦੇਵੀ ਸਿਧ ਔ ਅੰਮ੍ਰਿਤ ਛਕਾਵਨ ਸਿੰਘ ਨਾਮ ਸੰਪੂਰਨ ਦੁਤੀਆ ਧਿਆਇ ॥ ੨ ॥

॥ ਦਇਆ ਸਿੰਘੋ ਵਾਚ ॥

ਦੋਹਰਾ

ਹੇ-ਗੁਰ ਅਤਿ ਸੰਖੇਪ ਤੇ ਕਹਯੋ ਧਰਮ ਪ੍ਰਤਪਾਦ । ਮੋ ਮਤ ਮੈਂ ਨਹਿ ਸਮਝ ਹੈਂ ਕਥੋ ਪ੍ਰਸਿਧ ਸੁਨਾਦਿ ॥ ੧ ॥ ਸਤਿਗੁਰ ਕਵਨ ਸੁ ਕਰਮ ਤੁਮ ਛਕਾਵਨ ਧਰਮ ਸੁਆਹ ॥ ਜਿਹਕਰ ਭਵ ਸਾਗਰ ਤਰੈ ਨਰਕ

Digitized by Panjab Digital Library | www.panjabdigilib.org

ਨ ਭ੍ਰੋਗੇ ਕਾਇ ॥ ੨ ॥

ਸ੍ਰੀ ਗੁਰੋ ਵਾਕ

*ਵਿਦਯਾ ਪੜ੍ਹਨ ਪੜ੍ਹਾਵਨੀ ਗੁਰੂ ਗਰੰਥ ਕੋ ਪੂਜ। ਗੁਰ ਬਚਨੀ ਵਿਸਵਾਸ ਧਰ ਤੋ ਸਭ ਮਿਟਹੈ ਊਜ ॥ ੧ ॥

ਟੀਕਾ:-

ਦਇਆ ਸਿੰਘ ਜੀ ਏਹ ਛਤ੍ਰੀ ਸੰਨਿਆਸ

---

*ਗੁਰੂ ਮਹਾਰਾਜ ਸ੍ਵਯੰ ਹਰ ਵਿਦਯਾ ਓਸ ਸਮਯ ਦੀ ਚੇ ਤਥਾ ਸੰਸਕ੍ਰਿਤ ਦੇ ਭੀ ਭਾਰੇ ਪੰਡਿਤ ਸਨ ਅਤੇ ਵਿਦਯਾਵਾਨਾਂ ਨਾਲ ਖਾਸਾ ਪ੍ਰੇਮ ਰਖਦੇ ਹੋਏ ਪਰ ਕਵੀ ਵਿਦ੍ਵਾਨ ਤਾਂ ਹਮੇਸ਼ਾਂ ਹੀ ਪਾਸ ਰਖਦੇ ਸਨ ਇਸੇ ਕਰਕੇ ਹੀ ਗੁਰਸਿੱਖਾਂ ਲਈ ਖਾਸ ਤੌਰਤੇ ਹੁਕਮ ਕੀਤਾ ਹੈ। ਅਕਸਰ ਸਿੰਘ ਜੋ ਅਪਣੇ ਘਰ ਦੀ ਰਹਤ ਦੇ ਪੱਕੇ ਤੇ ਸਾਂਪ੍ਰਦਾਇਕ ਲੋਕ ਅਪਣੇ ਆਪ ਨੂੰ ਮੰਨਦੇ ਹਨ ਓਹ ਸਿਵਾਇ ਗੁਰਬਾਣੀ ਦੇ ਹੋਰ ਵਿੱਦਯਾ ਨੂੰ ਨਿਖੇਧਦੇ ਹਨ। ਸੋ ਐਸਾ ਨਹੀਂ ਚਾਹੀਦਾ ਕਿਉਂਕਿ ਟਾਕਰੇ ਦੀ ਵਿਦ੍ਯਾ Comparative Study ਬਾਝੋਂ ਘਰ ਦੀ ਵਿਦਿਯਾ ਦਾ ਮਹੱਤ ਨਹੀਂ ਜਾਣਿਆਂ ਜਾ ਸਕਦਾ ਇਸ

Digitized by Panjab Digital Library | www.panjabdigilib.org

ਹੈ। ਸਬਦ ਅਧੀਨ ਰਹਿਣਾ ਗੁਰਮੰਤ੍ਰ ਜਪਨਾ ਜਪ ੧ ਜਾਪ ਪਾਠ ਬਿਨਾ ਜਲ ਪ੍ਰਸਾਦ ਨਾ ਕਰੈ ਸੰਧਯਾ † ਰਹਿਰਾਸ ਬਿਨਾ ਭੋਜਨ ਜਲ ਪਾਨ ਨਾ ਕਰੈ ਸ੍ਵਪਨ ਕਾਲ ਆਰਤੀ ਸੋਹਲੇ ਬਿਨਾ ਨਾ ਨਿਦ੍ਰਾ ਕਰੈ † ਸਨਾਨ ਬਿਨਾ ਇਨਕਾ ਪਾਠ ਨਾ ਕਰੈ ਜੇ ਸਨਾਨ ਨਾ ਹੋਸਕੇ ਆਵੈ ਤਾਂ ਪੰਜ ਸਸਨਾਨਾਂ ਕਰੈ।

---

ਵਾਸਤੇ ਵਿਦਯਾ ਪੜਨੀ ਮਾੜੀ ਨਹੀਂ ਜੇਕਰ ਕਸੌਟੀ ਗੁਰਬਾਣੀ ਦੀ ਹਥ ਵਿਚ ਰਖਦੇ ਹੋਏ ਪੜ੍ਹੀਏ।

† ਬਿਨਾਂ ਸ਼ਨਾਨ ਪਾਠ ਕਰਨ ਬੈਠ ਗਿਆ ਆਲਸ ਘੂਕੀ ਤੇ ਨੀਂਦ ਪਿੱਛਾ ਨਹੀਂ ਛਡਦੀਆਂ ਅਤੇ ਸਰੀਰ ਭਰੇਰਾ ਰਹਿੰਦਾ ਹੈ ਇਸ ਕਾਰਣ ਗੁਰੂ ਨਾਲ ਚਿਤ ਨਹੀਂ ਲਗਦਾ ਬਾਣੀ ਦਾ ਰਸ ਨਹੀਂ ਆਉਂਦਾ।ਜੇ ਇਸਨਾਨ ਹੋਜਾਵੇ ਤਾਂ ਦੇਹ ਹੋਲੀ ਤੇ ਅੰਦਰ ਬਾਹਰ ਨਿਰਮਲਤਾ ਪੱਸਰ ਔਂਦੀ ਹੈ, ਚਿਤ ਸਤੋਗੁਣੀ ਬਣ ਪਾਠ ਵਿਚ ਚੋਖਾ ਪਰਚਦਾ ਹੈ॥

‡ ਰਹਿਰਾਸ ਪਾਠ ਸੰਧਿਆ ਵੇਲੇ ਦਾ ਹੈ ਇਹ ਤੀਕੂੰ ਹੀ ਐਡਾ ਜਰੂਰੀ ਹੈ ਜੀਕੂੰ ਸਵੇਰ ਦਾ ਪਾਠ ਜਪੁ

Digitized by Panjab Digital Library | www.panjabdigilib.org

ਜੇ ਜਲ ਨਾ ਹਾਥ ਆਵੈ ਤਾਂ ਪਾਂਚ ਵਾਰੀ ਵਾਹਗੁਰੂ ਪੜ੍ਹੇ ਤੇ ਤ੍ਰਿਕਾਲ ਏਹ ਜਾਪ ਕਰੈ ਪ੍ਰੇਮ ਸੁਮਾਰਗ। ਮੈਂ ਗੁਰੂ ਜੀ ਚਾਰਕਾਲ ਕਹੇ ਹੈ ਪ੍ਰਾਤਾ ਜਪ ਜਾਪ ੧ ਮਧਿਆਨ ਪੁਨਾ ਜਪ ਜਾਪ ਸੰਧਿਆ ਰਹਿਰਾਸ ਸ੍ਵਪਨ

---

–ਜਾਪੁ, ਪਰੰਤੂ ਇਸ ਵਿਚ ਸਿੰਘਾਂ ਦਾ ਪਰਸਪਰ ਮਤ ਭੇਦ ਹੈ। ਥੋਹੜੇ ਵਿਚ ਇਹ ਕਿ ਇਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਬ ਦੇ ਅੰਦਰ ਆਈ ਰਹਰਾਸ ਨੂੰਹੀ ਪੜ੍ਹਣ ਦੇ ਪੱਖ ਵਿਚ ਹਨ ਤੇ ਇਕ ਓਸ ਦੇ ਜੋ ਦਸਮੇਸ਼ ਗੁਰੂ ਜੀ ਦੇ ਅੰਤਰਧਾਨ ਉਪਰੰਤ ਇਕੇਰਾਂ ਪੰਥ ਦੇ ਇਕ ਆਮ ਇਕੱਠ ਵਿਚ ਦਸਮ ਪਾਤਸ਼ਾਹ ਜੀ ਦੇ ਗ੍ਰੰਥ ਸਾਹਬ ਵਿਚੋਂ ਅਧਿਆਵਾਂ ਦੇ ਅੰਤਲੇ ਦੋਹਰੇ ਚੌਪਈਆਂ ਆਦ ਸ਼ਾਮਲ ਕਰਕੇ ਪੜ੍ਹਨ ਦੇ ਗੁਰਮਤੇ ਪ੍ਰਵਾਣ ਕੀਤੇ ਅਨੁਸਾਰ ਹਨ ਅਰ ਇਕ ਹੋਰ ਭੀ ਧੜਾ ਹੈ ਜੇਹੜਾ ਪਿਛਲੇ ਵਿਚੋਂ ਭੀ ਕੁਝ ਕਾਂਟ ਛਾਂਟ ਕਰ ਚੌਪਈ ਅਨੰਦ ਪੜ੍ਹਨ ਦੇ ਪੱਖ ਵਿਚ ਹੈ, ਸੋ ਕੈਸੇ ਭੀ ਭਾਂਵੇਂ ਇਨਾਂ ਦੇ ਵੀਚਾਰ ਹੋਣ ਕਿੰਤੂ ਬਹੁਤ ਸਾਰਾ ਪੰਥ ਪ੍ਰਾਚੀਨ ਪ੍ਰਵਾਣ ਹੋਏ ਮਤੇ ਅਨੁਸਾਰ ਹੀ ਪੜ੍ਹਨ ਵਿਚ ਰਜ਼ਾਵੰਦ ਹੈ ਤੇ ਸਾਡੀ ਸੰਮਤੀ ਭੀ ਏਹੋ ਹੀ ਹੈ ਕਿ ਜੇ ਦਸ ਵੀਹ ਮਿੰਟ ਸਾਡੇ ਬਜਾਇ ਪੰਜ–

Digitized by Panjab Digital Library | www.panjabdigilib.org

ਕ... ਸੋਹਲਾ ਇਤ ਬਚਨਾਤ ਗਾੜੂ ਅਤੇ। ਪਾਪ ਜੋ ਹੈ ਸੋ ਪਾਠ ਜਪ ਜਾਪ ਤੇ ਨਸ਼ਟ ਹੋਯ ਦਿਵਸ ਅਛਿੜ ਪਾਪ ਸੋ ਪਾਪ ਸੰਧਿਆ ਰਹਿਰਾਸ ਤੇ ਦੂਰ ਹੋਹਿ ਸੁਪਨ ਸੋਹਲੇ ਪਾਠ ਤੇ ੧ ਅਨਾਦ ਪਾਪ ਨਸ਼ਟ ਹੋਹੈ। ਨਰਕ ਨ ਭੋਗਹ। ਦ੍ਰਿਤੀ। ਵਾਹਗੁਰੂ ਸਭ ਕੋ ਆਦ ਜਪੇ ਕਾਰਜ ਹੋਯਾਂ ਭੂਤਾਦ ਭੈ ਦੂਰ ਹੋਯ ਜੋ ਰੋਗੀ ਹੋਇ ਤੇ ਪਾਠ ਔਰ ਤੇ ਸੁਣ ਲੇਹ ਜਪ ਆਦ ਵਾਹਗੁਰੂ ਦਾ ਭਜਨ ਕਰਨਾ ਰਹਿਤ ਰਹਿਣੀ ਬਚਨ

---

—ਦਸ਼ਾਂ ਦੇ ਵੱਧ ਇਸ ਪਾਸੇ ਲਗ ਜਾਣ ਤਾਂ ਸਫਲੇ ਹੀ ਸਮਝਣੇ ਚਾਹੀਦੇ ਹਨ। ਅਸੀਂ ਅਧਿਕ ਸਮਾਂ ਦਲੀਲਾਂ ਨਾਲ ਸਾਬਤ ਕਰਨ ਵਿਚ ਅਕਾਰਥਾ ਸਮਝਦੇ ਹਾਂ ਕੇਵਲ ਸ਼ੁਭ ਮਿਤੀ ਹੀ ਕਾਫੀ ਸਮਝੀ ਹੈ॥

੧ ਭਿਅੰੜ ਸਮਿਆਂ (ਜ ਨਮਾਂ, ਦੋ ਬਿਕੱਠੇ ਹੋਏ ੨॥

Digitized by Panjab Digital Library | www.panjabdigilib.org

ਹੋਇਆ ਅਕਾਲਪੁਰਖ ਕਾ ਸੋ ਮੈਂ ਆਪਣੇ ਗੁਰੂ ਤੇਗ ਤੇ ਰੂਪ ਸਾਜਿਆ ਹੈ ਸੰਸਾਰ ਮੁਕਤ ਕੇ ਵਾਸਤੇ ਪੰਥ ਰਚਣੇ ਨਮਿਤ ਪਾਪ ਨਾਸ ਹੇਤ ਮੋਹੇ ਜਾਨਣੇ ਤੇ ਜਾਪ ਜਾਪ ਤੇ ਮੁਕਤ ਹੋਤਾ ਹੈ। ਮੈਂ ਦਸ ਅਵਤਾਰ ਧਾਰੇ ਨਾਮ ਜਪਾਵਨ ਨਮਿਤ ਅਰ ਸੰਸਾਰ ਉਧਾਰਣੇ ਕੋ ਗ੍ਰੰਥ ਜੀ ਬਨਾਇਆ ਗ੍ਰੰਥ ਜੀ ਕਾ ਬੇੜਾ ਸੰਸਾਰ ਕੇ ਪਾਰ ਕਰਣੇ ਕੋ ਰਚਾ ਹੈ ਜੋ ਪੁਰਾਣੇ ਬੇੜੇ ਜਰਜਰੀ ਭੁਏ ਹੈਂ ਪਾਰ ਲੰਘਾਵਣੇ ਕੋ ਸਮਰਥ ਨਹੀਂ ਤਾਂਤੇ ਗ੍ਰੰਥ ਪੰਥ ਰਚਾ ਪਾਰ ਲੰਘਾਵਣੇ ਕੋ ਕਲ ਮੈਂ ਵਿਪਰੀਤ ਭਈ ਥੀ ਮਾਤਾ ਪੁਤ੍ਰ ਮੈਂ ਵਿਰੋਧ ਰਾਜਾ ਅਨੀਤੀ, ਇਨਕੋ ਦੂਰ ਕਰਣੇ ਅਰਥ, ਪਾਪ, ਅਤ੍ਰਗਬ ਮਤ ਵਿਦਿਆ

ਵਧੇ ਤਿਸਕੇ ਕਾਟਨੇ ਅਰਥ ਪੰਥ ਰਚਾ
ਮਲੇਛ ਮਾਰਣੇ ਕੋ ਸੰਮਤ ੧੭੫੫ ਜੋ
ਪੰਥ ਧਰਮ ਮੈਂ ਰਹੈਗਾ ਤਾਕੌ ਕਾਲ ਬਿਆਧ
ਨਾ ਪਰਸੇਗੀ ਪਰਮ ਪੁਰਖ ਨੈ ਮੰਜੀਆਂ
ਤੋੜੀਆਂ ਜੋ ਅੰਮ੍ਰਤ ਛਕਕੇ ਕੁਰਹਿਤ
ਕਰੇਗਾ ਸੋ ਨਰਕ ਮੈਂ ਗੋਤੇ ਖਾਵੇਗਾ ਰਹਿਤ
ਕਾ ਭਾਉ ਜੋ ਮੰਨੇ ਸੋ ਦੁਖ ਨਹੀਂ ਪਾਵੈਗਾ
ਸੁਣਕੇ ਧਾਰੇ ਸੋ ਲੋਕ ਪ੍ਰਲੋਕ ਮੈਂ ਸੁਖੀ ਹੋਵੈਗਾ।
ਜਬ ਆਪਣੀ ਰਹਤ ਧਾਰਾ ਕੋ ਤਜਾਗੇਂਗੇ
ਤਾਂ ਕਾਕ ਸ੍ਵਾਨਵਤ ਹੋਇ ਜਾਵੇਂਗੇ।
ਅਕਾਲ ਬਿਨਾ ਨਾ ਮਾਨੈ ਏਕ ਗੁਰੂ ਖਾਲਸੇ
ਕੋ ਰਖਿਆ ਨਮਿਤ ਪ੍ਰਗਟੇਗਾ ਸਚਖੰਡ
ਮੇਂ ਖਾਲਸੇ ਕਾ ਨਿਵਾਸ ਹੈ ਤਹਾਂ ਰਹਤ
ਵਾਨ ਰਹੇਗਾ। ਪਹਰਰਾਤ ਰਹਿੰਦੀ ਨਹਾਵੈ

Digitized by Panjab Digital Library | www.panjabdigilib.org

ਸੀਤਲ ਜਲ ਸੋਂ ਜੇ ਸੀਤ ਸੁਖਾਵੈ ਤਾਂ,
ਨਹੀਂ ਤੋ ਤਪਤ ਜਲ ਸੇ ਨ੍ਹਾਵੈ ਕੇਸਾਂ ਸਣੇ।
ਜੇ ਨ੍ਹਾਇ ਨਾ ਸਕੈ ਤਾਂ ਪੰਜ ਸ਼ਨਾਂਨਾ ਕਰੇ।
ਜੇ ਜਲ ਹਾਥ ਨਾਂ ਲਗੈ ਵਾ ਰੋਗੀ ਹੋਵੈ
ਤਾਂ ਪ ਪੰਜਵੇਰ ਵਾਹਗੁਰੂ ਪੜ੍ਹੈ ਤਨ ਪਰ
ਹਾਥ ਫੇਰੈ, ਪੰਜ ਪਾਠ ਜਪ ਜਾਪ ਦੇ ਕਰੇ
ਵਾ ਏਕ ਵੇਰ। ਜੋ ਮਨਸਾ ਧਾਰ ਗ੍ਰੰਥ
ਜੀ ਕਾ ਪਾਠ ਕਰੈ ਇਕ ਚਿਤ ਸੋਂ ਮਨੋ
ਕਾਮਨਾ ਪੂਰੀ ਹੋਯ। ਆਰਤੀ ਪੜ੍ਹ ਮਥਾ
ਟੇਕੈ। ਅਗੈ ਨਾਮ ਸੁਖਾਲੀ ਸਾਸੀਂ ਚਿਤ
ਆਵੈ। ਬਾਣੀ ਜੋ ਹਿਤ ਕਰੇ, ਜਪ ਸਾਰਾ
ਨ ਪੜਨਾ ਹੋਵੈ ੧ ਪੌੜੀ ਆਦਿ ੧ ਅੰਤ
ਪੜੈ। ਜਾਪ ਚੱਕ੍ਰ ਚਿਹਨ ੧ ਪੌੜੀ ਨਮਸ
ਤੁਲ ਪ੍ਰਣਾਮੇ ੨ ਪੜੈ। ਹਜਾਰ ਕਾਮ

Digitized by Panjab Digital Library | www.panjabdigilib.org

ਜ਼ਰੂਰ ਛਾਡਿ ਪੜੈ । ਦੋਯ ਘੜੀ ਦਿਨ ਰਹਤੇ ਤਾਂ ਸੋਦਰ ਰਹਿਰਾਸ ਚਾਰ ਘੜੀ ਰਾਤਿ ਜਾਤੀ ਪੜ੍ਹਨੇ ਕਾ ਹੁਕਮ ਹੈ । ਉੱਤ੍ਰ ਵਾ ਪੂਰਬ ਮੁਖ ਕਰ ਪੜ੍ਹੈ ਭੋਗ ਅੰਤ ਜਾਪ ਜਾਪ ਪੜੈ ਬੇਨਤੀ ਕਰੈ । ਜਬ ਰਾਤ ਹੂਈ ਤਬ ਸਭ ਕਾਮ ਛੋਡਕਰ ਅਕਾਲ ਉਸਤਤ ਬਚਿਤ੍ਰ ਨਾਟਕ ਆਦਿ ਪੜੈ, ਬੜੀ ਨੀਂਦ ਆਵੈ ਤਾਂ ਆਰਤੀ ਸੋਹਿਲਾ ਪੜ ਸਵੈਂ, ਮਨ *ਵਾਹਗੁਰੂ ਓਰ ਰਾਖੈ । ਉੱਪਰ ਕਾ ਸ੍ਵਾਸ ਨਾਭ ਤੇ ਵਾਹੁ ਸੇ ਲੇਵੈ । ਅੰਤਰਲੇ ਕਾ ਸ੍ਵਾਸ ਗੁਰੂ ਸੋਂ ਛੋਡੈ, ਏਤ ਵਿਧ ਵਾਹਗੁਰੂ

---

* ਇਸ ਮਰਮ ਦੇ ਸਮਝਨ ਵਿਚ ਥੋੜੀ ਗੁੰਝਲ ਹੈ ਅਸਾਡਾ ਲਿਖਿਆ ਗੁਰਦੀਖਿਆ ਨਾਮ ਵ੍ਯਖ੍ਯਾਨ ਪੜ੍ਹੋ ਉਥੇ ਸੌਖੇ ਸਮਝੌਣ ਦੀ ਕੋਸ਼ਸ਼ ਕੀਤੀ ਗਈ ਹੈ ॥

Digitized by Panjab Digital Library | www.panjabdigilib.org

ਕਾ ਜਾਪ ਕਰੇ ਸੁਰਤ ਰਾਖੇ ਮਨ ਵਸ ਕਰੇ
*ਨਰ ਨਾਰੀ ਏਹ ਕਮਾਵੈ ਮੁਕਤ ਹੋਇ।
ਮਿਥਯਾ ਨਾਂ ਬੋਲੈ ਪਰ ਨਾਰੀ ਤਯਾਗੈ, ਨਰ ਪਰ,
ਨਾਰੀ ਤਜੈ ਕ੍ਰੋਧ ਹੰਕਾਰ ਮੋਹ ਨਿੰਦਾ ਹਿੰਸਾ।

---

†ਆਮ ਲੋਕ ਆਖਦੇ ਹਨ, ਕਿ ਤ੍ਰੀਵੀਆਂ ਨੂੰ ਭਜਨ ਬੰਦਗੀ ਦੀ ਕੋਈ ਲੋੜ ਨਹੀਂ, ਪਤੀ ਬਿਨਾ ਓਨਾ ਲਈ ਹੋਰ ਕੋਈ ਪ੍ਰੇਮੇਸਰ ਨਹੀਂ ....;ਆਦਿ। ਇਸਤੇ ਵਿਸ਼ੇਸ਼ ਆਖਣਾ ਕਈਆਂ ਦੇ ਦਿਲ ਦੁਖਾਵੇਂ ਦਾ ਕਾਰਨ ਹੋਣ ਦੇ ਡਰ ਤੋਂ ਅਸੀ ਇਤਨੇ ਵਿਚ ਹੀ ਦਸ ਦੇ ਹਾਂ ਕਿ ਇਹ ਖਯਾਲ ਓਨ੍ਹਾਂ ਦਾ ਕੇਵਲ ਸੁਾਰਥ ਪਰਤਾ ਤੇ ਨਿਰਭਰ ਹੈ। ਕਯੋਂ ਜੋ ਅਸਲ ਵਿਚ ਉਹ ਇਸਤ੍ਰੀਆਂ ਦੇ ਬ੍ਰਬਰ ਦੇ ਹੱਕਾ ਨੂੰ ਸਮਝ ਦੇ ਨਹੀਂ ਹਨ। ਜੋਕਿ ਮਰਦ ਤ੍ਰੀਵੀਂ ਦਾ ਅੱਧਾ ਅੰਗ ਹੁੰਦਾ ਹੈ। ਸੱਜਾ ਖਬੇ ਬਿਨਾਂ ਤੇ ਖੱਬਾ ਸੱਜੇ ਬਿਨਾ ਨਹੀਂ ਸੋਭ ਸਕਦੇ— ਇਕ ਅੱਖ ਨੂੰ ਬੰਦ ਕਰਕੇ ਦੇਖ ਲਵੋ ਦੂਈ ਦੀ ਜੋਤਨਾ ਵਿਚ ਫਰਕ ਆ ਜਾਂਦਾ ਹੈ, ਕਿ ਨਹੀਂ। ਇਕ ਦਾ ਅਸਰ ਦੂਏ ਤੇ ਦੂਏ ਦਾ ਇਕ ਤੇ ਅਵਸਯ ਸਾਂਝਾ ਵਾਪਰਦਾ ਹੈ। ਜਦ ਰਚਨਾ ਦੀ ਸਮਿਗ੍ਰੀ ਕਰਤਾਰ ਇਕੋ ਜੇਹੀ ਲਗਾਈ ਤੇ ਇਕ ਸਮਾਨ ਹੀ ਵਰਤਾਰਾ ਜਿੰਦਗੀ ਵਿੱਚ ਦੋਹਾਂ ਦਾ

Digitized by Panjab Digital Library | www.panjabdigilib.org

ਅਸੱਤ ਤਜਾਗੈ। ਬੁਰਾ ਨਾ ਕਰੈ ਅੰਤ ਕਾਲ ਓਰਦੇਖੈ ਦੁਖੈ ਦੁਖਾਵੈ ਨਹੀਂ ਮੀਠਾ ਬੋਲੈ ਮਨ, ਸੁਧ ਰਾਖੈ, ਹਰਖ ਸੋਕ ਰਹੈ, ਪਰਧਨ ਕੋ ਨਾਂ ਹਰੈ, ਧਰਮ ਕਿਰਤ ਖਾਇ, ਮੜ੍ਹੀ

---

—ਵਰਤਾਯਾ ਤਾਂ ਲੋਕਾ ਚਾਹੀ ਦੀ ਗੜੀ ਸਾਂਝੇ ਬਲ ਵਿਚ ਬ੍ਰਾਬ੍ਰ ਬ੍ਰਾਬ੍ਰ ਖਿਚੀਨ ਵਤ ਪ੍ਰਲੋਕ ਅਰ ਪਰਮਾਰਥ ਵਲੋਂ ਕਜੋਂ ਤੀਵੀਂ ਨੂੰ ਵਾਂਜਜਾਂ ਰਖਣ ਲਈ ਜਤਨ ਹੁੰਦਾ ਹੈ॥ ਅਪਣੀ ਸ੍ਵਾਰਥ ਪਰਤਾਦੇ ਅਧੀਨ ਤੀਵੀਆਂ ਨੂੰ ਜਬਰਦਸਤੀ ਭਲੇ ਮਾਰਗੋਂ ਰੋਕਦੇ ਹਨ ਤੇ ਆਪ ਭੀ ਓਹਨਾਂ ਨੂੰ ਨਾਲ ਲੈਕੇ ਸਦਾ ਭਲੇ ਮਾਰਗ ਨਹੀਂ ਤੁਰਦੇ। ਇਸੇ ਤਰਾਂ ਸਮਝ ਨੂੰ ਬਤੀਤ ਕਰਕੇ ਕਈ ਇਸ ਵਿਚਾਰੀ ਨੂੰ ਪਿਛੇ ਹੀ ਨਿਰਾਸਤਾ ਵਿਚ ਛੱਡ ਅਗੇ ਦੇ ਰਾਹੀ ਹੋ ਚਲਦੇ ਹਨ ਤਾਂ ਪਿਛੇ ਇਨਾਂ ਦੀ ਕਲਜਾਣ ਹੁਣ ਕਿਸ ਤਰਾਂ ਗੁਰੂ ਮਹਾਰਾਜ ਪ੍ਰਾਇਣੀ ਹੋ ਸਕੇ। ਦੂਸਰੇ ਲੋਕਾਂ ਨੂੰ ਉੱਤਰ ਦੇਣ ਵਿਚ ਬਜਰਬ ਪਤ੍ਰ ਕੀ ਕਾਲੇ ਕਰੀਏ ਕਈ ਬੇਵਿਚਾਰੇ ਸਿਖ ਅਪਣੀਆਂ ਸੁਪਤਨੀਆਂ ਨੂੰ ਅੰਮ੍ਰਿਤ ਛਕਾਣ ਤਕ ਦੇ ਭੀ ਭਾਰੇ ਵਿਰੋਧੀ ਹਨ। ਐਹੋ ਜੇਹਿਆਂ ਨੂੰ ਤਾਂ ਅਸੀਂ ਆਖਾਂਗੇ ਕਿ ਜੇਕਰ ਇਥੇਹੀ ਵਾਹੀਦੀਆਂ ਦੀ ਏਹਨਾਂਦੀ ਕਲਜਾਨ—

Digitized by Panjab Digital Library | www.panjabdigilib.org

ਮਟ ਬੁਤ ਤੀਰਥ ਦੇਵੀ ਦੇਵਤਾ, ਬਰਤ ਪੂਜਾ ਅਰਚਾ, ਮੰਤ੍ਰ ਜੰਤ੍ਰ, ਪੀਰ ਪੁਰਖ, ਬ੍ਰਾਹਮਣ ਪੁਛਣਾ ਤਰਪਣ ਗਾਯਤ੍ਰੀ ਸੰਧਿਆ ਹੋਰ ਕਿਤੇ ਵੱਲ ਚਿਤ ਦੇਵੇ ਨਹੀਂ।

---

–ਓਹਨਾਂ ਦੇ ਤਰੇਲ ਹੋ ਜਾਣੀ ਹੈ ਤਾਂ ਸਲਾਣੋਂ, ਗੁਗਾ, ਦੇਵੀ, ਮੜ੍ਹੀ, ਮਟ, ਐਤ, ਮੰਗਲ ਕਜੋਂ ਓਹਨਾਂ ਨੂੰ ਮੰਨਣ ਦਿੱਤਾ ਜਾਂਦਾ ਹੈ ਤੇ ਕਿਸ ਅਰਥ ਤਾਗੇ ਤਵੀਤ ਟੋਣੇ ਟਾਮਣਾਂ ਵਿਚ ਓਹਨਾਂ ਨੂੰ ਵਹਿੰਦਿਆਂ ਨਹੀਂ ਰੋਕਿਆ ਜਾਂਦਾ। ਸੱਤ ਪੀਰ ਮਨਾਂਦੀਆਂ ਹਨ ਤਾਂ ਸੰਤੋਖ ਹੁੰਦਾ ਹੈ ਇਹ ਸਮਝਕੇ ਕਿ ਆਪਣਾ ਭੁਲਾ ਸਾਧ ਦੀਆਂ ਹਨ ਤਾਂ ਫੇਰ ਵਾਹਗੁਰੂ ਦਾ ਭਜਨ ਕਰਨ ਵਿਚ ਕੀਹ ਦੋਖ ਹੈ, ਜਿਹੜੇ ਲੋਕ ਓਨਾਂ ਨੂੰ ਆਪ ਪਰਮਾਰਥ ਨਹੀਂ ਸਾਧਨ ਦੇਣਾ ਚਹੁੰਦੇ ਓਨਾਂ ਨੂੰ ਚਾਹੀਦਾ ਹੈ ਕਿ ਆਪ ਓਨਾਂ ਦਾ ਸਾਥ ਦੇਣ ਤੇ ਆਪਣੇ ਸਾਥ ਵਿਚ ਓਨਾਂ ਦੀ ਕਲਜਾਣ ਦੇ ਸਹਾਈ ਬਨਣ ਕਜੋਂ ਕਿ ਜੀਕੂੰ ਮਰਦ ਦਾ ਖਾਧਾ ਤੀਵੀ ਨੂੰ ਨਹੀਂ ਲਗ ਸਕਦਾ ਓਸਨੂੰ ਆਪ ਖਾਧੇ ਹੀ ਢਿਡ ਭਰਨਾਂ ਪੈਂਦਾ ਹੈ ਤੇ ਸਰੀਰਕ ਯਾਤ੍ਰਾ ਭੀ ਆਪ ਹੀ ਆਪਣੀ ਸਾਧਣੀ ਪੈਂਦੀ ਹੈ ਤੀਕੂੰ ਹੀ, ਪਰਮਾਰਥ ਦੀ ਉਨੱਤੀ ਸਾਧਨ ਲਈ ਭੀ ਹੱਕ ਦਾਰਾਂ ਹਨ, ਸ੍ਵਾਸ ੨–

Digitized by Panjab Digital Library | www.panjabdigilib.org

# ਅਕਾਲ ਚਰਣ ਖਾਲਸੇ ਨਾਲ ਜੁੜੇ। ਖਾਲਸਾ ਉਹ, ਜਿਨ ਤਨ ਮਨ ਧਨ ਗੁਰੂ ਸ੍ਰੀ ਅਕਾਲ

—ਭਜਨ ਕਰਕੇ ਸਤਸੰਗ ਕਰਕੇ ਮਰਦ ਦਾ ਫਰਜ ਹੈ ਕਿ ਰੱਬੀ ਦਰਜਾ ਹਾਸਲ ਕਰੇ ਇਸੇ ਤਰਾਂ ਹੀ ਤੀਵੀਆਂ ਨੇ ਭੀ ਪਰਮੇਸ੍ਰੀ ਦਰਜਾ ਹਾਸਲ ਕਰਨ ਲਈ ਹੀ ਸ੍ਵਾਸ ਤੇ ਸੁਮੱਤ ਆਦ ਸਾਧਨ ਕਰਤਾਰ ਨੇ ਬਖਸ਼ੇ ਹਨ। ਜੇਕਰ ਲੋਕਾਂ ਦੇ ਖਿਆਲ ਮੂਜਬ ਏਨਾਂ ਨੂੰ ਅਪਣੀ ਮੋਖ ਸਾਧਨਾ ਦਾ ਫਿਕਰ ਕਰਨ ਦੀ ਲੋੜ ਨਹੀਂ ਤੇ ਇਨਾਂ ਦਾ ਕੰਮ ਕੇਵਲ ਮਰਦਾਂ ਦੀ ਸੇਵਾ ਕਰਨੀ ਤੇ ਰਚਨਾਂ ਦੀ ਮਛੋਨ ਬਣੇ ਰਹਨਾ ਹੈ ਤਾਂ ਇਨਾਂ ਦਾ ਦਰਜਾ ਤਾਂ ਪਸ਼ੂਆਂ ਨਾਲੋਂ ਕਿਸੇ ਗੱਲੇ ਵੱਧ ਨਹੀਂ ਹੋ ਸਕਦਾ ਜੀਕੂ ਉਹ ਬੰਧੂਏ ਮਾਲਕ ਦੇ ਮੇਵਾਦਾਰ ਅਰ ਪਸ਼ੂਜਾਤੀ ਦੀ ਰਚਨਾਂ ਦਾ ਸਾਧਨ ਹੁੰਦੇ ਹਨ ਤੀਕੂੰ ਹੀ ਇਨਾਂ ਦਾ ਹਾਲ ਅਵੱਸ਼ ਹੋਵੇਗਾ। ਗੁਰੂ ਮਹਾਰਾਜ ਜੀ ਨੇ ਪੁਰਖ ਜਾਤੀ ਦਾ ਰੁਕਨ ਇਸਨੂੰ ਮੰਨਜਾ ਹੈ ਤੇ ਆਪ ਇਸਤ੍ਰੀ ਭਾਵ ਵਿਚ ਵਰਤਕੇ ਕਲਿਆਨ ਸਾਧਨ ਕਰਨਾਂ ਸਿਖਾਲਿਆ ਹੈ ਫਿਰ ਇਨਾਂ ਨੂੰ ਅੰਮ੍ਰਿਤ ਵੱਲੋਂ ਹੋੜਨਾ ਭਜਨ ਬੰਦਗੀ ਕਰਦਿਆਂ ਰੋਕਾਂ ਪੌਣੀਆਂ ਸੂਆਰਥੀ ਮਰਦਾਂ ਦੀ ਸਿਆਣਪੋਂ ਵਜੇ ਹੋਣ ਦੀ ਨਿਸ਼ਾਨੀ ਹੈ। ਗੁਰੂ ਮਹਾਰਾਜ ਜੀ ਨੂੰ ਐਸਾ ਨਹੀਂ ਭੌਂਦਾ—

Digitized by Panjab Digital Library | www.panjabdigilib.org

ਕੋ ਸੌਂਪਿਆ ਹੈ। *ਜਨੇਊ ਪਾਯ ਕਰਮ ਮ੍ਰਿਤ ਸਰਾਧ ਪ੍ਰਿਤਰ ਪਿੰਡ ਵਿਵਾਹ ਆਦਿ ਨ ਕਰਾਵੈ, ਸਭ ਜੁਗਤ ਮੁਕਤ ਮਾਰਗ ਕੀ ਕਰੈ, ਇੰਦ੍ਰੀਆਂ ਜੀਤੈ, ਮਨ ਗੁਰੂ ਵਿਖੇ ਰਾਖੇ †ਗੁਪਤ ਜਪ ਰਹਤ ਜ਼ਾਹਰ ਕਰਣੀ ਦ੍ਰਿੜ੍ਹ ਹੈ। ਸ੍ਵਾਸ ਕਾ ਵਿਸ਼ਾਹ ਨਾਂ ਕਰਣਾਂ,

---

–ਤਦੇ ਹੀ ਓਨਾਂ ਸੁਾਸ ੨ ਭਜਨ ਵਾਹਗੁਰੂ ਦਾ ਇਨਾਂ ਦ ਬੀ ਕਰਤਬ ਦਸਿਆ ਹੈ॥

* ਕਈ ਸਿਖ ਲੋਗ ਗੰਗਾ ਪ੍ਰਯਾਗ ਆਦ ਤੀਰਥ ਤੇ ਦੇਖਾ ਦੇਖੀ ਜਾਕੇ ਜਨੇਊ ਪਾਲਿਆ ਕਰਦੇ ਹਨ, ਯਾ ਪ੍ਰੇਤ ਆਦਕ ਸੰਸਕਾਰਾਂ ਵਿਚ ਵਰਤਦੇ ਐਸਾ ਕਰਦੇ ਹਨ,ਓਹ ਗੁਰੂ ਸਾਹਿਬ ਦੀ ਖਾਸ ਆਗਜ਼ਾ ਨੂੰ ਯਾਦ ਰਖਨ।

†ਕਈ ਗੁਰ ਸਿੱਖ ਪਬਲਿਕ ਦੇ ਭਰੇ ਦੀਵਾਨਾਂ ਵਿਚ ਗੁਪਤ ਰਹਸਯ ਸੁਨਾਣ ਲਗ ਪਿਆ ਕਰਦੇ ਹਨ ਜੋ ਨੇਮ ਬਿਧੀ ਪੂਰਬਕ ਅੰਮ੍ਰਿਤ ਛਕਿਆਂ ਅਧਿਕਾਰੀਆਂ ਨੂੰ ਹੀ ਸੁਨਣ ਦਾ ਅਧਿਕਾਰ ਹੁੰਦਾ ਹੈ॥

Digitized by Panjab Digital Library | www.panjabdigilib.org

ਦੇਹ ਤੋਂ ਵਿਰਕਤ ਰਹੈ ਤਾਂਤੇ ਬੁਰਾ ਨ ਹੋਵੈ, ਆਤਮ ਸੰਗ ਜਾਨੈ ਤੌ ਇੰਦ੍ਰੀਆਨ ਜੀਤੈ, ਵੰਡ ਖਾਵੈ, ਕਾਮ ਕਿਸੂ ਕਾ ਹੋਇ ਸਵਾਰੇ। ਗੁਰੂ ਪ੍ਰਸੰਨ ਹੋਇ। ਜਹਾਂ ਦੇਖੇ ਅਬਿਨਾਸੀ ਬਗ਼ਾਪਿਆ ਹੈ, ਬਾਣੀ ਬੋਲੈ ਨਹੀਂ, *ਚੁਪੈ ਰਹੈ ਅੰਤਰ ਲਖਾਵੈ ਨਹੀਂ, ਦਸਵੰਧ ਦੇਵੈ ਕੁਸ਼ਾਯਸ਼ ਰਹੈ, ਹੁਕਮ ਮਾਨੈ ਅਭਮਾਨ ਤਜੈ, ਸ਼ਤ੍ਰੂ ਆਪ ਸੇ ਭਿੰਨ ਨ ਕਰੇ। †ਸਿੰਘ ਮੁਖ ਗਊ ਹੋਇ ਰਹੈ। ਜੇ ਅਤ ਦੁਖ ਦੁਸ਼ਟ ਦੇਵੈ ਸ਼ਸਤ੍ਰ ਕਰਹ- ਮਿਤ੍ਰ

---

* ਪ੍ਰਯੋਜਨ ਬਿਨਾਂ ਬਾਣੀ ਨਾਂ ਬੋਲੇ ਤੇ ਸਮੇਂ ਸਿਰ ਗੱਲ ਕਰਣ ਤੋਂ ਬਗੈਰ ਚੁਪ ਸਾਧੀ ਰਖੇ ॥ ਜਿਸ ਨੂੰ ਲੋੜ ਨਹੀਂ ਰਹੀ ਪ੍ਰਯੋਜਨ ਮੁਕ ਗਏ ਭੁਲੇ ਚੁਪ ਤੇ ਮਸਤ ਰਹੇ ॥

† ਬੋਲਾ ਮਾਰੇ ਬਕਾਰੇ ਵਾਲਾ ਪੁਰਦਿਲ ਦਾਯਾਲੂ ਕੋਮਲ ਸੁਭਾਵ ਵਾਨ ਸਿੰਘ ਨੂੰ ਰਹਿਣਾ ਚਾਹੀਏ ॥

Digitized by Panjab Digital Library | www.panjabdigilib.org

ਹਾਥ ਧਰਹੈ, ਗੁਰੂ ਰਖਿਆ ਧਾਰੈ; ਜੋ ਜਾਣੇ ਪ੍ਰਾਕ੍ਰਮ ਨਹੀਂ ਤਾਂ ਪ੍ਰਥਮੈ ਹੀ ਟਰ ਜਾਵੈ । ਜੋ ਗੁਰੂ ਦੁਆਰੇ ਜਾਵੈ ਤੌ ਮਾਰਗ ਮੈਂ ਐ ਤਹਾਂ ਬ੍ਰਹਮਚਰਜ ਧਾਰੈ ਤੌ ਮਨੋਰਥ ਪੂਰੇ ਹੋਯ ਜੋ ਬਿਕਾਰੀ ਨਜਰ ਦੇਖੈ ਤੌ ਮਨੋਰਥ ਨਾਂ ਮਿਲੈ। ਜੋ ਸਬਦ ਗੁਰੂ ਓਰ ਧਿਆਨ ਰਾਖੈ ਗਤਿ ਹੋਇ, ਪਰਮੇਸਰ ਪ੍ਰਾਪਤ ਹੋਇ ਅਰਦਾਸ ਮਨ ਚਿਤ ਲਾਇ ਕਰੈ ਜੋ ਗੁਰੂ ਸੁਣੈ ਕਾਰਜ ਸਿਧ ਹੋਇ । ਸਨਾਨ ਕੇਸ਼ਾਂ ਜੁਗਤਿ ਕਰਣਾ ਜੋਗ ਹੈ, ਜੈਸੇ ਪਵਿਤ੍ਰ ਪਾਤ੍ਰ ਮਹਿ ਦਧਿ ਮਥੀਐ ਤੌ ਪਵਿਤ੍ਰ ਰਹੈ ਹਰਿ ਕਾ ਨਿਵਾਸ ਸਤਸੰਗਤ ਮੈਂ ਹੈ। ਬਾਣੀ ਅੰਮ੍ਰਿਤ ਗ੍ਰਾਸ ਹੈ ਜੋ ਖਾਵੈ ਸੋ ਅਮਰ ਹੋਵੈ, ਦੁਰਮਤਿ ਦੂਰ ਹੋਵੈ ਇਸ ਤੈਂ ਗੁਰੂ ਗ੍ਰੰਥ ਜੀ

Digitized by Panjab Digital Library | www.panjabdigilib.org

ਕਾ ਉਚਾਰ ਕੀਆ ਹੈ ॥ ਪਰਮੇਸ੍ਵਰ ਕਾ ਨਿਵਾਸ ਹੈ । ਗ੍ਰੰਥ ਜੀ ਮੈਂ ਪੰਚ ਪਦਾਰਥ ਹੈਂ, ਜੋ ਸਬਦ ਚਿਤ ਲਾਇ ਸੁਣੈ ਤਾਂ ਮਨੋਰਥ ਸਭ ਹੋਇ ਪਰ ਤ੍ਰਿਯਾ ਸੋ ਪ੍ਰੀਤਿ ਨ ਕਰੈ, ਪਰਮੇਸ੍ਵਰ ਕੀ ਭਗਤੀ ਕਰੇ । ਮਿਲ ਸਬਦ ਗੁਰੂ ਸੋਂ ਗਾਵੈ, ਜਿਥੇ ਗੁਰੂ ਵਿਸਰੇ ਓਥੇ ਨ ਜਾਵੈ । ਅੰਨ ਬਹੁ ਖਾਵੈ ਨਾਹੀਂ, ਛਡੇ ਭੀ ਨਾਹੀਂ । ਬਹੁਤ ਸੌਣਾ ਭੀ ਨਾਹੀਂ । ਬਹੁਤ ਬੋਲੈ ਭੀ ਨਾਹੀਂ, ਗ੍ਰਿਸਤ ਵਿਚ ਪਰਮੇਸ੍ਵਰ ਅਰਾਧੇ, ਗੁਰੂ ਖੁਸ਼ੀ ਕਰੈ, ਧਰਮ ਕੀ ਕਿਰਤ ਕਰੇ, ਸਿਖੀ ਕੀ ਸੇਵਾ ਕਰੈ ਦੇਵਨਹਾਰਾ ਗੁਰੂ ਹੈ।ਪੰਜ ਕਰਮਨ ਨ ਕਰੈ ਸੋ ਜੀਵਨ ਮੁਕਤ ਹੈ:– ਧਨ ਪਰਾਇਆ ਨ ਹਰੈ । ਪਰ ਇਸਤ੍ਰੀ ਨ ਸੇਵੈ।

Digitized by Panjab Digital Library | www.panjabdigilib.org

ਨਿੰਦਾ ਨਾ ਕਰੈ। ਜੂਆ ਨ ਖੇਲੈ। *ਮਦ ਮਾਂਸ ਖਾਯ ਨਹੀਂ। ਸੰਗਤ ਮੈਂ ਖਾਲੀ ਨਾਹੀਂ ਜਾਵੈ। ਕੀਰਤਨ ਸੁਨੈ ਸੁਨਾਵੈ। ਅਰਥੀ ਕੋ ਦਾਨ ਦੇਵੈ। ਜਿਸਕੋ ਕੋਈ ਕੁੜਮਾਈ ਨਾਂ ਕਰੈ। ਤਿਸਕੋ ਧਰਮ ਅਰਥ ਲੇਕਰਕੈ ਕਰੈ ਕਰਾਵੈ। †ਕੁਸਿਖ ਹੋਵੈ ਤਿਸਕੋ ਸਿਖ ਕਰੈ, ਦੁਖੇ ਨ ਦੁਖਾਵੈ। ਆਤਮਾ ਸਭ ਮਹਿ ਜਾਣੈ। ਸਿਖ ਸਬਦ ਤੇ ਜਾਣੀਏ। ਰਹਤ ਤੇ ਪਛਾਣੀਏ ਅੰਤਰ ਆਤਮਾ ਮੈਂ

---

*ਮਦਰਾ ਮਾਂਸ ਗੁਰਮਤ ਵਿਚ ਅਸਲੋਂ ਵਿਵਰਜਿਤ ਹੈ ਪਰ ਮਾਂਸ ਦੀ ਪ੍ਰਪਾਟੀ ਬਹੁਤ ਪੈ ਗਈ ਹੈ।ਇਸਦਾ ਕਾਰਣ ਪ੍ਰਸਤਾਵਨਾਂ ਵਿਚ ਦਸਜਾ ਹੈ ॥

†ਸਿਖ ਦਾ ਅੰਸ ਸਿਖ ਸਰੂਪ ਹੁੰਦਾ ਆਚਰਣ ਭ੍ਰਸ਼ਟ ਹੋਗਿਆ ਹੋਯ ਤਾਂ ਓਸਨੂੰ ਸੁਆਰਨਾਂ ਹਰ ਸਿਖ ਦਾ ਧਰਮ ਹੈ ॥

Digitized by Panjab Digital Library | www.panjabdigilib.org

ਜਿਹ ਧਾਰੈ:- ਨਾਮ ਰੂਪੀ ਅੰਮ੍ਰਿਤ ਪੀਵੈ ਸੀਲ ਜਤ ਕੀ ਕਾਛ ਪਹਿਰੈ । ਫਤੇ ਮਨ ਜੀਤਵੇ ਕੀ ਬੁਲਾਵੇ। ਗੁਰੂ ਹੁਕਮ ਕੀ ਬਾਣੀ ਕੇ ਹਥਯਾਰ ਪਹਿਰੇ। ਬੁਧ ਨਿਸਚਲ ਕਰ ਕੇਸ ਧਾਰੈ ਕੇਸਾਂ ਕਾ ਬਡਾ ਅਦਬ ਹੈ। ਜਹਾਂ ਕੇਸਾਂ ਕਾ ਜਲ ਪੜੈ ਸੋ ਥਾਨ ਸਰੀਰ ਆਦਿ ਪਵਿਤ੍ਰ ਹੋਯ ਸਿੰਘ ਕੇ ਚਰਣਾਂ ਕਾ ਜਹਾਂ ਜਲ ਪੜੈ ਤਹਾਂ ਰਿਧ ਸਿਧ ਹੋਯ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਗੁਰ ਉਪਦੇਸ਼ ਕਰਮ ਪ੍ਰਕਾਰ
ਤ੍ਰਿਤੀਯ ਧਿਆਇ॥ ੩ ॥

—o—

Digitized by Panjab Digital Library | www.panjabdigilib.org

ਦਇਆ ਸਿੰਘੋ ਵਾਚ ॥ ਦੋਹਰਾ ॥

ਹੇ ਗੁਰ! ਰਹਤਾ ਗੁਰ ਸਿੱਖ ਕੀ ਕਹੋ ਸੁਨ (ਮੈਂ) ਨਿਸਚੈ ਆਇ।
ਪਹੁੰਚੇ ਰਹਤਾ ਸਰੀਰ ਕੇ ਰਹੈ ਸਦਾ ਸੁਖ ਭਾਇ ॥

ਗੁਰੋ ਵਾਚ

ਜੋ ਏਕ ਚਿਤ ਜਪਜੀ ਪੜ੍ਹੈ ਤੌ ਰਿਧ ਸਿਧ ਪੀਛੇ ਫਿਰੈ ਅੰਤ ਗਤਿ ਕਰੈ, ਜੂੜਾ ਸੀਸ ਕੇ ਮਧ ਭਾਗ ਮੈਂ ਕਰੈ ॥ ਸੀ ਪਾਗ ਬਡੀ ਬਾਧੈ। ਕੇਸ ਢਾਪ ਰਾਖੈ, ਕੰਘਾ ਦ੍ਵੈ ਕਾਲ ਕਰੈ। ਪਾਗ ਚੁਣਕੈ ਬਾਂਧੈ, ਕਾਛ ਅਢਾਈ ਗਜ਼ ਕੀ ਵਾ ਪਾਂਚ ਗਜ਼ ਕੀ, ਚੌਥੇ ਦਿਨ ਕੇਸੀ ਸਨਾਨ, ਛਾਈ ਗਜ਼ ਕਾ ਸਾਫਾ। ਚਤੁਰ ਵਰਨ ਮੈਂ ਕੋਊ ਅੰਮ੍ਰਿਤ ਛਕੈ ਸੋ ਮੇਰਾ ਸਰੂਪ, ਆਪਨੇ ਧਰਮ ਕੋ ਸੁਮੇਰ ਸਮ ਜਾਨੈ, ਪਰਾਏ ਧਰਮ ਕੋ ਰਾਈ

Digitized by Panjab Digital Library | www.panjabdigilib.org

ਤੁਲ ਜਾਨੇ ਤੌ ਸਿੰਸਾਰ ਸਾਗਰ ਤੈ ਗੁਰੂ ਤਰਾਵੈ। ਕਾਛ ਪੱਟ ਪਰ ਪਹਰੇ, ਸਰਬਲੋਹ ਕੀ ਕਰਦ ਸੀਸ ਮੈਂ ਰਾਖੈ, ਸ੍ਵੇਤ ਪੀਤ ਹਰਤ ਬਸਨ ਧਾਰੈ ਭੂਖਣ ਸ੍ਵਰਣ ਚਾਂਦੀ ਮੂੰਗਾ ਮੁਕਤਾਦਿ ਪਹਰੈ ਹੁਕਮਨਾਮਹ ਕੀ ਕਾਰ ਭੇਟ ਦੇਵੈ ਗੋਲਕ ਰਾਖੇ ਬਸਤ੍ਰ ਕਸੁੰਭੇ ਕੇ ਨਾ ਪਹਰੇ ਨਸਵਾਰ ਤਮਾਕੂ ਕੀ ਨਾਂ ਲੇਵੇ ਏਤੇ ਕਰਮਨ ਤੇ ਜੋ ਬਿਪ੍ਰੀਤ ਕਰੈ ਤੌ ਨਰਕ ਘੋਰ ਮੈਂ ਡਾਰੇਗਾ * ਪਾਗ ਉਤਾਰਕੈ ਪ੍ਰਸਾਦਿ ਜੌ ਪਾਵੈ ਨਗਨ

---

* ਜਿਸਦਾ ਖਸਮ ਗੁਸਾਈਂ ਨਾ ਰਹੇ ਉਹ ਸਿਰੋਂ ਨੰਗਾ, ਮਰਗਿਆਂ ਸਿਰ ਨੰਗਾ ਕਰਦੇ ਹਨ ਆਤੁਰ ਆਏ ਯਾ ਬੇਅਦਬ ਗੁਸਤਾਖ ਹੋਜਾਣ ਕਰਕੇ ਸਾਡੇ ਦੇਸ ਵਿਚ ਸਿਰ ਨੰਗਾ ਹੋਣਾ ਬੇਅਦਬੀ ਦੀ ਨਿਸ਼ਾਨੀ ਹੈ, ਅੰਨ ਦਾ ਅਦਬ ਗੁਰੂ ਘਰ ਵਿਚ ਬਹੁਤ ਹੈ ਇਸ ਵਾਸਤੇ ਸਿਰ ਨੰਗੇ ਪ੍ਰਸਾਦ ਛਕਣਾਂ ਭਾਰਾ ਅਪ੍ਰਾਧ ਏਸ ਘਰ ਵਿਚ ਮੰਨਿਆ ਹੈ॥

Digitized by Panjab Digital Library | www.panjabdigilib.org

ਹੋਯ ਸਨਾਨ ਕਰੈ ਕੁੰਭੀ ਨਰਕ ਭੋਗੇ। ਕੇਸਾਂ ਮੈਂ ਤੇਲ ਨ ਪਾਵੇ ਦਹੀ ਦੂਧ ਘ੍ਰਿਤ ਸੇ ਸਨਾਨ ਕਰੈ ਧੂਪ ਦੇਵੈ ਫੂਲਚੜ੍ਹਾਵੈ ਧੂੜ ਨ ਪਾਵੈ ਕਿਉਂ ਜੁ ਕੇਸ ਮਾਤਾ ਕਾ ਸਰੂਪ ਹੈ। ਕ੍ਰਾਦਰਾਂ ਤਣੀਆਂ ਵਾਲਾ ਪਹਰੇ। ਜਿਸ ਪੁਤ੍ਰ ਕੋ ਅੰਮ੍ਰਿਤ ਪਿਤਾ ਛਕਾਯਾ ਹੋਵੈ ਤਿਸਕਾ ਸਭ ਕੀਆ ਪਿਤਾ ਕੋ ਪ੍ਰਾਪਤ ਹੋਯ। ਜੋ ਸਿੰਘ ਪਿਤਾ ਪੁਤ੍ਰ ਕੋ ਅੰਮ੍ਰਿਤ ਨ ਛਕਾਵੈ ਸੋ ਪੁਤ੍ਰ ਕਾ ਕੀਆ ਪਿਤਾ ਕੋ ਨਾਂ ਲਾਗੈ। ਜੋ ਸਿੰਘ ਕਾ ਨਾਮ ਆਧਾ ਸਦੈ ਤਿਸਕੋ ਬਡੀ ਤਨਖਾਹ ਹੈ, ਗੋਡੇ ਕੌ ਔਰ ਚਰਨਾਂ ਕੋ ਔਰ ਕਿਸੂ ਕੇ ਹਾਥ ਨ ਲਾਵੈ ਬਿਨਾਂ ਗੁਰੂ ਖਾਲਸੇ ਕੇ, ਸਿੰਘ ਕੋ ਕੇਸੀ ਸਨਾਨ ਕਰਾਵੈ ਔਰ ਨਵੇਂ ਫਲ ਫੂਲ ਅੰਨਾਦਿ ਸ਼੍ਰੀਆਂ

Digitized by Panjab Digital Library | www.panjabdigilib.org

ਕੇ ਦੇਵੈ, ਬਸਤ੍ਰ ਪਹਰਾਵੈ, ਬਸਤ੍ਰ ਸਿੱਖਾਂ ਕੈ ਚਰਨ ਛੁਵਾਯ ਗੁਰੂ ਗ੍ਰੰਥ ਜੀ ਕੇ ਚਰਣ ਛੁਵਾਯ ਪਹਰੈ ॥

ਦੋਹਰਾ। ਗੁਰੂ ਖਾਲਸਾ ਰੂਪ ਮਮ ਪੂਜੈ ਜਾਨ ਸਰੂਪ। ਦੇਖ ਬਿਗਾਸ ਪ੍ਰਸੰਨ ਹ੍ਵੈ ਜਨਮ ਮਰਣ ਹਰ ਕੂਪ। ਊਪਰ ਤੈ ਸਿਖ ਬਰਣ ਹ੍ਵੈ ਅੰਤਰ ਧ੍ਰੋਹ ਬਿਕਾਰ।*ਸੂਸ ਗ੍ਰੰਥ ਪਰ ਧਨ ਹਰੈ ਸੁਟੀਐ ਨਰਕ ਦੁਆਰ।੯੫

ਟੀਕਾ। ਕੰਨਿਆ ਕੌ ਮਾਰੈ, ਔਰ ਸੋਨੇ ਕੋ ਪੂਜ੍ਰੀ ਦੇਯ ਸੋ ਮਹਾਂ ਨਰਕ ਮੈਂ ਪਾਈਏ।†ਟਿ-ਡੂਰੀ ਸਰੀਣੀ ਸਕਰ ਸਰਵਰ ਸਾਹਮਦਾਰ

---

*ਗੁਰੂ ਗ੍ਰੰਥ ਸਾਹਿਬ ਦੀ ਸੌਹ ਖਾਕੇ ਜੋ ਧਨ ਅੰਗੀਕਾਰ ਕਰੇ ॥

†ਸਹੀਆਂ ਵਗੈਰਾ ਦਾ ਪ੍ਰਸਾਦਿ ॥

Digitized by Panjab Digital Library | www.panjabdigilib.org

ਇਨਕਾ ਜੋ ਪ੍ਰਸਾਦਿ ਖਾਏਸੋਨਰਕ ਜਾਇ। ਖੰਡੇ ਕਾ ਅੰਮ੍ਰਿਤ ਛਕ ਕੈ ਤੁਰਕ ਦੁਆਰੇ ਸੀਸ ਨਿਵਾਵੇ ਸੋ ਮਲੇਛ ਕਾ ਬੀਰਜ ਹੈ, ਜੋ ਧਾਗਾ ਗਲ ਮੈਂ ਪਾਵੈ, ਭ੍ਰਾਦਨੀ ਕੋ ਅੰਨ ਖਾਵੈ ਦੇਵਲ ਪਥਰ ਪੂਜੈ ਮਿਟੀ ਬੁਤ ਮਾਨੈ, *ਬ੍ਰਾਹਮੀ ਮਤ ਧਾਟੈ, ਜਨਮ ੨ ਚੰਡਾਲ ਕੁਲ ਮੈਂ ਉਤਰੈ ॥

ਦੋਹਰਾ॥ਵੇਸਵਾ ਦਰਸੇ ਪਾਪ ਹੈ ਪਰਸੇ ਨਰਕ ਸਿਧਾਯ। ਸੰਗ ਕੀਏ ਜਰ ਜਾਯ ਜਰ ਮੂਲ ਨ ਕਿਤਹੂ ਥਾਯ ॥ ੧ ॥ ਜੂਆ ਖੇਲੇ ਮਦ ਪੀਵਹ ਮਾਸ ਖਾਹਿ ਜੋ ਕੋਇ। ਘੋਰ ਨਰਕ ਮੈਂ ਜਾਵਹਿਗਾ ਇਤ ਉਤ ਦੁਖ ਤਿਹ ਹੋਇ।

ਟੀਕਾਃ—ਜੋ ਤਨ ਮੈਂ ਸਸਤ੍ਰ ਲਾਗਹ।

---

*ਬ੍ਰਾਹਮਣੀ ਸਿੱਖ ਮੱਤ॥

Digitized by Panjab Digital Library | www.panjabdigilib.org

ਵਾ ਕੋਈ *ਰੋਗ ਤਨ ਮੈਂ ਦਾਰੁਣ ਹੋਇ ਤੋ ਮਦਰਾ ਆਦਿ ਪਾਨ ਕਰੈ, ਪ੍ਰਾਣ ਰਾਖਬੋ ਧਰਮ ਹੈ ॥

ਦੋਹਰਾ। ਨਗਰ ਮਾਹ ਨਹ ਰਹਨ ਦੈ ਵੇਸ੍ਵਾ ਜੂਪ ਸਰਾਬ। ਮਾਸ ਅਮਲ ਸਭ ਤਜਾਗ ਦੈ ਤਿਹ ਸੁਖ ਰਾਜ ਸਮਾਜ ॥ ਉਪਜੈ ਰੋਗ ਸਰੀਰ ਮੈਂ ਤੁਰਤੈ ਸੁਧ ਕਰਾਇ । ਕਰੈ ਜੁ ਤਨ ਕੀ ਚੇਤਨਾ ਤਿਹ ਦੁਖ ਨਹ ਪਸਰਾਇ। ਕੇਸਹ ਸਾਸਹ ਏਕ ਜਾਨ ਧਰਮ ਕੇਸ ਕੇ ਸੰਗ। ਫਿਰੈ ਨ ਦੇਵੈ ਸੀਸ ਇਤ ਭੋਗਹਸ੍ਵਰਗ ਅਭੰਗ ॥ ਪੂਜੈ ਨਾਹ ਪਖਾਣ

---

*ਮਦਰਾ ਪੀਨ ਦੀ ਚਾਟ ਵਿਚ ਰੋਗ ਦੀ ਆੜ ਨਾਂ ਲੈ ਲਵੇ ਸਗੋਂ ਵਾਹ ਲਗਦੀ ਗੁਰ ਸਿਖ ਨੂੰ ਮੱਤ ਵਿਚ ਬਰਲ ਪਾਵਨ ਵਾਲੀ ਵਿਕਾਰਾ ਦੀ ਮੂਲ ਇਸ ਵਾਸਤੂ (ਮਦਰਾ) ਤੋਂ ਬਚਕੇ ਹੀ ਰਹਣਾ ਭਲਾ ਹੈ॥

Digitized by Panjab Digital Library | www.panjabdigilib.org

ਕੈ ਮੜ੍ਹੀ ਨ ਦੇਵਲ ਗੋਰ। ਭੇਖ ਭਰਮ ਮਤ ਨਹ ਭੂਲੈ ਪਰੈ ਨ ਨਰਕੈ ਘੋਰ ॥ ਸ੍ਰੀ ਅਕਾਲ ਮਾਨੈ ਏਕ ਦੂਸਰ ਭਾਵ ਤਿਆਗ। ਜਨਮ ਮਿਰਤ ਮੈਂ ਜੋ ਭਏ ਤਿਨ ਕੀ ਸਰਣਿ ਨ ਲਾਗ॥ ਸ੍ਰੀ ਗੁਰ ਦੂਸਰ ਮਾਨੀਐ ਜਿਹ ਤੇ ਪਿਖੈ ਅਕਾਲ। ਜਨਮ ਮਰਣ ਫਾਸੀ ਕਟੈ ਪੋਹੈ ਨਹ ਜਮ ਜਾਲ ॥ ਸਿਖ ਕੌ ਸਿਖ ਪੁਤ੍ਰੀ ਦਈ ਸੁਧਾ ਸੁਧਾ ਮਿਲ ਜਾਯ। ਦਈ ਭਾਵਨੀ ਕੋ ਸੁਤਾ ਅਹ ਮੁਖ ਅਮੀ ਚੁਆਏ ॥ ਯਿਨਾਂ ਸਿੰਘ ਸਿਖ ਦੈ ਸੁਤਾ ਅਜਾ ਕਸਾਈ ਸਾਕ। ਜਮ ਕਿੰਕਰ ਸੋ ਸਿਖ ਹੈ ਜਨਮ ਹੇਤ *ਸ੍ਰਤ ਕਾਕ ॥ ਧੂਮ੍ਰ ਪਾਨ ਛੁਹੈ ਹਾਥ ਸੋ †ਨਾਸ

*'ਮ੍ਰਿਤ' ਪਾਠ ਹੋਵੇ ਤਾਂ ਅਰਥ ਠੀਕ ਬਣ ਸਕਦਾ ਹੈ 'ਮਰਕੇ' ॥

†ਚੁਟਕੀ ਨਸਵਾਰ ਦੀ ॥

Digitized by Panjab Digital Library | www.panjabdigilib.org

ਕਾਨੜੀ ਲੇਤ । ਮਰੈ ਨਰਕ ਭੋਗੈ ਬ੍ਰਿਕਟ ਧਰਮ ਸਾਸਨਾ ਦੇਤ॥ ਭਗਨੀ ਪੁਤ੍ਰੀ ਕਾ ਦਰਬ ਲੈ ਖਾਵੈ ਸਿਖ ਜੋਇ॥ ਲੋਕ ਪ੍ਰਲੋਕ ਦੋਨੋ ਗਏ ਕਤਹੂੰ ਗਤਿ ਨਹ ਹੋਇ॥ ਅਤਿ ਹੀ ਪ੍ਰੀਤਿ ਕਰ ਸਿੰਘ ਕੋ ਅਸਨ ਬਸਤ੍ਰ ਪਹਰਾਇ॥ ਸੋ ਸੋਕੋ ਪ੍ਰਾਪਤ ਹੁਇ ਤਾਕੀ ਗਤਿ ਹ੍ਵੈ ਜਾਇ॥ ਪਲ †ਹਤ ਖਾਵੈ ਤੁਰਕ ਕੋ ਜਨਮ ਗੁਵਾਯੋ ਬਾਦ। ਕਰੈ ਬੇਸ੍ਵਾ ਗਾਮਨ ਜੋ ਭੋਗੈ ਨਰਕ ਬਿਖਾਦ॥ ਨਿਸਚਾ ਕਰੈ ਨ ਬਚਨ ਗੁਰ ਸਿਖ ਪਦ ਪੂਜੈ ਨਾਹਿ॥ ਤੁਰਕ ਬਿੰਦ ਸੋ ਜਾਨੀਐ ਨਰਕ ਘੋਰ ਮਰ ਜਾਹ॥ ਤੁਰਕ ਨਕੀ ਸੰਗਤ ਕਰੈ ਸਤ ਸੰਗਤ ਨਹ ਮੇਲ। ਅੰਤ ਕਾਲ ਜਮ ਦੰਡ ਦੈ ਘੋਰ ਨਰਕ ਪਰ ਖੇਲ।

---

†ਤੁਰਕ ਦਾ ਮਾਰਯਾ ਹੋਇਆ ਮਾਸ (ਕੁੱਠਾ)॥

Digitized by Panjab Digital Library | www.panjabdigilib.org

ਟੀਕਾ ॥ ਸਿੱਖ ਹੋਇ ਜੋ ਟੋਪੀ ਧਾਰੈ ਸੋ ਕੁਸ਼ਟੀ ਹੋਇ, ਚੌਪੜ ਨਾਂ ਖੇਲੈ ਜੌ ਖੇਲੈ ਤੌ ਸ੍ਵਾਨ ਜੋਨ ਹੋਇ, ‡ਸਿੱਖ ਕਾ ਮੁਖ ਨਾਂ ਤ੍ਰਿਸਕਾਰੈ ਅਤਿਥ ਕੌ ਨ ਪੂਜੈ ਗੁਰੂ ਬਚਨ ਤੇ ਟੂਟੇ। ਦਰਗਹਿ ਸਜਾਇ ਮਿਲੈ, ਬਿਨਾਂ ਅਕਾਲ, ਦੇਵੀ ਦੇਵਤਾ ਬਹੁ ਮਾਨੈ ਜਨਮ ਮਰਣ ਬਹੁ ਹੋਇ। ਪਾਹਨ ਪੂਜੇ ਪਖਾਨ ਕਾ ਜਨਮ ਹੋਇ, ਸਿਖਾਂ ਬਿਨਾਂ ਸੀਸ ਨਿਵਾਵੈ ਨਾਹੀ, ਜਿਨਾ ਕੌ ਗੁਰੂ *ਬਖਸ਼ੀਸ਼ ਕਰੀ ਹੈ ਤਿਨ ਕੋ ਮਾਨੈ ਤੌ ਸਭੁ ਕਿਛੁ ਪ੍ਰਾਪਤ ਹੋਇ ਭੇਟ

---

‡ਮਾਈਆਂ ਬੀਬੀਆਂ ਨੂੰ ਖਾਸ ਤੌਰ ਤੇ ਇਹ ਸਿੱਖਿਆ ਚੇਤੇ ਰੱਖਣੀ ਚਾਹੀਦੀ ਹੈ ਤੇ ਕੌੜੇ ਸੁਭਾਵ ਵਾਲੇ ਮਰਦਾਂ ਨੂੰ ਭੀ

*ਅਨੁਭਵ ਦੀ ਦਾਤ ਅਥਵਾ ਕੋਈ ਐਸਾ ਹੁਕਮ ਨਾਮਾਂ ॥

Digitized by Panjab Digital Library | www.panjabdigilib.org

ਕਰਤ ਚਿਤ ਮੈ ਭਰਮੈ ਨਾਹੀ । ਦੇਕਰ ਕਿੰਚਿਤ ਭੁਮਾਵੈ ਨਾਹੀ, ਅਸਵਾਰਾ ਗੁਰੂ ਗੋਬ ਜੀ ਸੀਸ ਉਠਾਯਾ ਚਾਲੇ ਜੇਤੇ ਕੇਸ ਤੇਤੇ ਵਰਖ ਸ੍ਵਰਗ ਭੋਗਾਹ। ਤ੍ਰਿਥ ਦਸਮੀ ਪੰਚਮੀ ਆਦ ਬ੍ਰਿਥਾ ਨ ਗੁਵਾਵੈ । ਜਥਾ ਸ਼ਕਤਿ ਗੁਰਪੁਰਬ ਕਰੈ, ਜੋ ਚਰਨ ਗੁਰ-ਸਿਖਾਂ ਕੇ ਤਜਾਗੈ ਔਰ ਖਟ ਦਰਸਨ ਸੋ ਪ੍ਰੀਤਿ ਕਰੈ ਵੈ ਗੁਰੂ ਕਾ ਚੋਰ ਹੋਵੈ। ਟੋਪੀ ਦੇਖ ਸੀਸ ਨਿਵਾਵੈ ਸੋ ਨਰਕ ਜਾਵੈ, ਤੁਰਕ ਦੇਖ ਮਾਥੈ ਹਾਥ ਧਰੈ ਸੋ ਮਹਾਂ ਨਰਕ ਭੋਗੈ, ਸਰਬ ਦੇਵ ਕੋ ਛਾਡਕੈ ਏਕ ਅਕਾਲ ਭਜੈ, ਜੋ ਦੇਵ ਤਾਕਾ ਮੰਤ੍ਰ ਹੈ ਸਭ ਕੇ ਆਦ ਓਅੰਕਾਰ ਹੈ- ਓਅੰਕਾਰ ਬਿਨਾਂ ਸਿਧ ਨਹੀਂ ਹੋਤਾ ਤਾਤੇ ਸਰਬ ਕਾ ਬੀਜ ਅਕਾਲ ਹੈ, ਤਾਂਤੇ ਉਸੀ ਕਾ

Digitized by Panjab Digital Library | www.panjabdigilib.org

ਧਿਆਨਕਰੈਜੋਸਰਬਦੇਵਕੋਸਿਧਦੇਣਹਾਰਾ ਹੈ ( ਐਸਾ ਕਰੈ)ਤੌ ਆਪ ਸਾਰਾ ਬੰਸ ਤਾਰੈ †ਲੰਗੋਟੀ ਧੋਤੀ ਧਬਲੀ ਕਟ ਬਾਂਧੈ ਕੇਸ ਨਗਨ ਰਾਖੈ ਸੋ ਨਰਕ ਭੋਗੈ । ਇਸਤ੍ਰੀ ਪੁਤ੍ਰੀ ਬੈਹਨ ਭਾਨਜੀ ਮਾਤਾ ਸਿਖ ਕੀ ਸੋ ਸੰਗ ਕਰੈ ਘੋਰ ਨਰਕ ਜਾਵੈ । ਗੁਰ ਕੀ ਜੋ ਨਿੰਦਾ ਕਰੈ ਤਾਕਾ ਸੀਸ ਕਾਟੈ । ਨਹੀਂ ਤਹਾਂ ਤੇ ਭਾਗ ਪਰੈ ਜੋ ਸਮਰਥ ਨ ਹੋਯ । ਅਪਨੇ ਧਰਮ ਕੀ ਪਾਲਨਾ ਕਰੈ ਕੁਲ ਵਧੈ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ

---

†ਨਿਰਮਲੇ ਸੰਤ ਤੇ ਸ਼ਹਰੀਏ ਗੁਰੂ ਕੇ ਸਿੱਖ ਅਰੁ ਗ੍ਰਾਮ ਵਾਸੀ ਜਿਮੀਂਦਾਰ ਸਿੰਘ ਇਸ ਰਹਤ ਵੱਲ ਵਿਸ਼ੇਸ਼ ਧਯਾਨ ਦੇਣ ਕਯੋਂਕਿ ਇਹ ਸਾਧਾਰਣ ਧਰਮ ਗੁਰਸਿਖ ਮਾਤ੍ਰ ਦਾ ਹੈ ॥

Digitized by Panjab Digital Library | www.panjabdigilib.org

# ਗੁਰਉਪਦੇਸ ਰਹਤ ਪ੍ਰਤਪਾਦਨੋ ਕਰਮ ਪ੍ਰਕਾਸ ਚਤੁਰਥੋ ਧਿਆਇ ॥ ੪ ॥

—o—

ਗੁਰੋ ਵਾਚ ॥ ਦੋਹਰਾ ॥

ਗੰਗਾ ਜਮਨਾ ਸੁਰਸ੍ਵਤੀ ਗਇਆ ਗਦਾਵਰੀ ਜਾਨ । ਸ੍ਰੀ ਅੰਮ੍ਰਿਤਸਰ ਤੁਲ ਸਭ ਜੋ ਕੋ ਕਰੈ ਸਨਾਨ ॥ ੧ ॥ *ਪਰਸੈ ਸ੍ਰੀ ਅਬਚਲ ਨਗਰ ਸ੍ਰੀ ਅਨੰਦਪੁਰ ਗ੍ਰਾਮ । ਜਗਨਨਾਥ ਬਦ੍ਰੀ ਕਿਦਾਰ ਕਾਂਸ਼ੀ ਤੁਲ ਸੁਧਾਮ ॥ ੨ ॥ ਗੁਰੂ ਗ੍ਰੰਥ ਜਿਹ ਥਾਪੀਐ ਸੋਊ ਮੁਕਤ ਕੋ ਦ੍ਵਾਰ । ਕਰੈ ਉਚਾਰਨ

---

*ਤੀਰਥ ਪਰਸਨ ਦੀ ਇੱਛਾ ਹੋਵੇ ਤਾਂ ਗੁਰ ਸਿੱਖ ਕੇਵਲ ਇਨਾਂ ਨੂੰ ਪਰਸੇ ਆਨ ਥਾਨ ਭਟਕਨ ਦੀ ਲੋੜ ਨਹੀਂ

Digitized by Panjab Digital Library | www.panjabdigilib.org

ਸਤਨਾਮ ਪਰੈ ਜਗਾਤ ਭਵ ਪਾਰ ॥ ੩ ॥
ਕਾਨ ਨਾਕ ਨਹ ਛੇਦੀਐ ਜਿਮ ਜਨਮਜੋ
ਤਿਮ ਰੂਪ । ਰਹੈ ਅਖੰਡਤ ਸੁਧ ਤਨ ਰਹਤ
ਕਰੈ ਸੁਰ ਭੂਪ ॥ ੪ ॥ ਬੇਦੀ ਭੱਲਾ ਸੋਢੀ
ਬੰਸ ਰਹਤ ਰਹੈ ਤਿਹ ਪੂਜ । ਟਰੈ ਧਰਮ
ਤੇ ਮਾਨੁ ਨਹ ਦਰਸਨ ਕੀਏ ਊਜ ॥ ੫ ॥
ਗੁਰੂ ਸੈਖ ਮਾਨੋ ਇਹੁ ਔਰ ਧਰਮ ਸਭ
ਤਜਾਤਾ । ਸਤਿਨਾਮ ਹਿਰਦੈ ਧਰੈ ਜਨਮ
ਮਰਣ ਦੁਖ ਜਾਤਾ । ਕਰਮ ਪਿੰਡ ਆਦਕ
ਤਜਹ ਸ੍ਰਾਧਾ ਕਰਮ ਨ ਪੂਜ । ਭੋਜਨ ਖਾਇ
ਜੁ ਨਗਨ ਸਿਰ ਜਨਮ ਮਰਣ ਲੇਊਜ ॥
੬ ॥ †ਕੋਊ ਵਰਣ ਮੈਂ ਪੁਰਖ ਜੋ ਅੰਮ੍ਰਿਤ

†ਸ਼ੁਧੀ ਦੇ ਵਿਰੋਧੀਆਂ ਨੂੰ ਇਹ ਆਗਜਾ ਵਿਚਾਰਨੀ ਚਾਹੀਦੀ ਹੈ ! ਉਹ ਜ਼ਰੂਰ ਕਹਿਣਗੇ ਕਿ ਚਾਰ ਵਰਨਾਂ ਦੀ

Digitized by Panjab Digital Library | www.panjabdigilib.org

ਪਾਨ ਕਰਾਯ। ਸੋ ਮਮ ਰੂਪ ਪਛਾਨੀਯੋ ਚਰਨ ਪੂਜ ਤਿਹ ਧਾਯ ॥ ੯ ॥ ਕਥਾ ਵਾਰਤਾ ਗ੍ਰੰਥ ਕੀ ਸਤਿਨਾਮ ਉਪਦੇਸ। ਔਰ ਨਿਰਾਰਥ ਵਚਨ ਸਭ ਵਾਹਗੁਰੂ ਬਿਨ ਲੇਸ ॥ ੧੦ ॥ *ਪਹਰੇ ਕਾਛ ਨਾਲੇ ਬਿਨਾ ਅਸਨ ਪਾਨ ਕ੍ਰਿਤ ਜੋਇ। ਕ੍ਰਿਮ ਬਿਸ੍ਟਾ ਕੇ ਤੁਲ ਹੈ ਅੰਤ ਨਰਕ ਭੁਜ ਸੋਇ॥ ੧੧ ॥ ਗੁਰੂ ਖਾਲਸਾ ਰੂਪ ਮਮ ਸੋ ਗੁਰ ਪ੍ਰਗਟ ਮਹਾਨ। ਮੇਰੋ ਮਿਲਬੋ ਚਹਤ ਸਿਖ

---

ਹਦੋਂ ਬਾਹਰ ਜੋ ਨੀਚ ਜਾਤਾਂ ਹਨ ਉਨ੍ਹਾਂ ਦੇ ਪ੍ਰਾਇਣ ਇਹ ਬਚਨ ਨਹੀਂ ਹੋ ਸਕਦਾ ਪਰ ਜੇਕਰ ਵਿਚਾਰਕੇ ਤੱਕਨ ਤਾਂ ਅਰਥ ਇਉਂ ਜਾਪਦੇ ਹਨ 'ਕਿਸੇ ਵਰਣ ਵਿਚ ਹੋਵੇ। ਜਿਹੜਾ ਪੁਰਖ ਹੋਵੇ, ਅੰਮ੍ਰਿਤਪਾਨ ਕਰਣ ਨਾਲ ਪੂਜਾ ਜੋਗ ਹੋ ਜਾਂਦਾ ਹੈ॥

*ਅੱਜ ਕੱਲ ਦੀਆਂ ਅੱਧੀਆਂ ਅੰਗ੍ਰੇਜ਼ੀ ਫੈਸ਼ਨ ਦੀਆਂ ਕੱਛਾਂ ਪੌਣ ਵਾਲੇ ਧਿਆਨ ਦੇਣ॥

Digitized by Panjab Digital Library | www.panjabdigilib.org

ਮਿਲੈ ਖਾਲਸੇ ਆਨ ॥ ੧੨ ॥ ਜੋਗੀ ਜੈਨੀ
ਮੌਨੀ ਤੁਰਕ ਖਟ ਦਰਸਨ ਤ੍ਰਿਯ ਰੂਪ ।
ਇਹ ਕੌ ਨਹ ਵਿਸ੍ਵਾਸ ਕਰ ਕਰੈ ਦੁਖੀ
ਹ੍ਵੈ ਭੂਪ ॥ ੧੩ ॥ ਬਿਨ ਗੁਰ ਬਾਣੀ ਹਿਤ
ਧਰੈ ਜਿਹਵਾ ਔਰ ਜਪਾਯ । ਸਤਿਨਾਮ
ਬਿਨ ਮੁਕ੍ਤ ਨਹਿ ਪਰੈ ਨਰਕ ਮੈਂ ਜਾਯ ॥
੧੪ ॥ ਮਤਿ ਧਾਰੇ ਖਟ ਦਰਸਨੀ ਮਿਥਿਆ
ਕਰੈ ਅਚਾਰ । ਆਪ ਡੁਬੈ ਕੁਲ ਡੋਬ ਦੈ
ਭੋਗੈ ਨਰਕ ਹਜਾਰ ॥ ੧੫ ॥ ਸੁਰ ਨਰ
ਭੂਤ ਗਣ ਗੰਧ੍ਰਵੀ ਦੇਵੀ ਦੇਵ ਮਹਾਨ ।
ਬਿਨ ਗੁਰ ਸਿਖ ਸਭ ਬਾਦ ਹੈ ਮਾਨੈ
ਨਰਕ ਪਯਾਨ ॥ ੧੬ ॥ ਮੂਰਤ ਪ੍ਰਗਟ
ਅਕਾਲ ਕੀ ਗੁਰੂ ਖਾਲਸਾ ਦੇਹ । ਐਸੇ
ਕਰ ਮਾਨੈ ਮੋਹਿ ਜਨਮ ਮਰਨ ਕਟ ਦੇਹ ॥

Digitized by Panjab Digital Library | www.panjabdigilib.org

੧੭ ॥ ਲੈਨ ਦੇਨ ਗੁਰ ਖਾਲਸੇ ਔਰ ਦੈਨ ਮਿਥਜਾਇ। ਜਸ ਬਾਰੂ ਕੀ ਮੂਠ ਹੈ ਪੂਰਣ ਕਬਹੂੰ ਨ ਥਾਇ॥ ੧੮ ॥ ਤਿਲਕ ਧਾਰ ਧਾਗਾ ਧਰੈ ਕੰਠ ਕਾਠ ਮਾਲਾਇ । ਔਰ ਨਰਕ ਮਹਿ ਸੋ ਪਰੈ ਆਪਨ ਧਰਮ ਬਿਸਰਾਯ ॥ ੧੯ ॥ ਸਤਨਾਮੁ ਆਪਨੋ ਮੰਤ੍ਰ ਵਾਹਗੁਰੂ ਮੁਖ ਜਾਪ। ਔਰ ਆਨ ਨਹ ਚਿਤ ਧਰੇ ਮੇਟੇ ਸਕਲ ਸੰਤਾਪ ॥ ੨੦ ॥ ਸ੍ਰੀ ਅਕਾਲ ਕੇ ਬਚਨ ਸੋਂ ਪ੍ਰਗਟਯੋ ਪੰਥ ਮਹਾਨ। ਗ੍ਰੰਥ ਪੰਥ ਗੁਰ ਮਾਨੀਐ ਤਾਰੈ ਸਕਲ ਕੁਲਾਨ ॥ ੨੧ ॥ ਥਾਪ ਚਲਾਯੋ ਪੰਥ ਜਗ ਤੁਰਕ ਬਿਦਾਰਣ ਕੇਤ। ਦੀਯੋ ਮੰਤ੍ਰ ਜਪ ਵਾਹਗੁਰੂ ਸਰਬ ਖਾਲਸੇ ਹੇਤ॥ ੨੨ ਬਸਤ੍ਰ ਉਢਾਵੈ ਸਿੰਘ ਕੋ ਦੈ

Digitized by Panjab Digital Library | www.panjabdigilib.org

ਭੂਖਣ ਸਾਇਆਹਿ । ਕੋਟ ਜਗ ਸਮ ਫਲ ਲਹੈ ਐਤੈ ਸ੍ਰਦਰਾ ਭੁਗਾਵ ॥ ੨੩ ॥ ਗੁਰ ਬਾਣੀ ਨਿਸਦਿਨ ਜਪਹ ਸਿਖਨ ਟਹਲ ਕਮਾਇ । ਚਰਨ ਮਲੈ ਚਾਪੀ ਕਰੈ ਮੁਕਤ ਪਦਾਰਥ ਪਾਇ ॥ ੨੪ ॥ ਸਿਖਨ ਕੋ ਭੁਗਤਾਈਐ ਭੋਜਨ ਅਨਿਕ ਪ੍ਰਕਾਰ । ਸੋਮੁਖ ਮੈਂ ਸੋ ਆ ਪਰੈ ਕ੍ਰਿਪਾ ਕਰੈ ਕਰਤਾਰ ॥ ੨੫ ॥ ਗੁਰ ਕੈ ਬਚਨ ਪ੍ਰਤੀਤ ਕ੍ਰਿਤ ਫਲ ਚਤਰ ਪ੍ਰਾਪਤ ਤਾਸ । ਗੁਰਮੂਰਤਿ ਹ੍ਰਿਦ ਮੈਂ ਧਰੈ ਮੁਕ੍ਤ ਭੁਕ੍ਤ ਵਲ ਤਾਸ ॥੨੬॥ ਧਰਮ ਆਪਨਾ ਚਿਤ ਧਰੈ ਗੁਰ ਸਿਖ ਪ੍ਰਗਟ ਕਹਾਇ । ਈਹਾਂ ਸੁਖੀ ਪਰਲੋਕ ਜੈ ਜਨਮ ਪਾਪ ਕਟ ਜਾਇ ॥ ੨੭ ॥ ਬਿਨ ਆਕਾਲ ਕੋ ਨਾਂ ਜਪੈ ਐਹੈ ਆਜ

Digitized by Panjab Digital Library | www.panjabdigilib.org

ਤਿਆਗ। ਜਨਮ ਮਰਨ ਦੁਖ ਤੇ ਟਰੈ ਪੂਰਨ ਉਦੈ ਸੁਭਾਗ ॥ ੨੮ ॥ ਸਤਿ ਸ੍ਰੀ ਆਕਾਲ ਜਪ, ਪੁਰਖ ਬੀਜ ਮੰਤ੍ਰਾਯ। ਮੁਕਤਿ ਭੁਗਤਿ ਦਾਤਾ ਵਹੈ ਸ੍ਰੀ ਮੁਖ ਦੀਓ ਬਤਾਯ ॥ ੨੯॥ ਪਿਤਾ ਸਿੰਘ ਸੁਤ ਨਾਂ ਕਰੈ ਪਰੈ ਨਰਕ ਮੈਂ ਜਾਯ। ਸਤਿਗੁਰ ਕਾ ਫਿਟਕਾਰਿਆ ਇਤ ਉਤ ਲਹੈ ਨ ਥਾਯ॥ ੩੦ ॥ ਪੁਤ੍ਰ ਸਿਖ ਨਹਿ ਪਿਤਾ ਤਿਸ ਕਰੈ ਪ੍ਰਬੋਧ ਸੁ ਤਾਤ। ਵੈ ਸੁਤ ਨਰਕਨ ਤੇ ਕਢੈ ਪਿਤਾ ਕਰਮ ਵਸ ਬਾਤ॥ ਧਰਮ ਛੋਡ ਛਪ ਜਾਹਿਗੇ ਕਸ਼ਟ ਸਹਿਤ ਤਿਹ ਭੁਖ। ਮੇਰੇ ਬਚਨ ਪਾਲੈ ਨਹੀਂ ਸੋ ਪਾਵਹਿ ਗਮ ਦੁਖ ॥ ੩੨ ॥ *ਵਰਨ ਚਾਰ ਸਿੰਘ

*ਮੇਰਾ ਰੂਪ ਸਿੰਘ ਹੋਕੇ ਭੀ ਜਿਹੜਾ ਚੌਹਾਂ ਵਰਨਾਂ ਵਿਚੋਂ ਕਿਸੇ ਵਰਨ ਵਾਲਾ ਬਣਦਾ ਹੈ,—ਇਹ ਅਰਥ ॥

Digitized by Panjab Digital Library | www.panjabdigilib.org

ਰੂਪ ਮੰਮ ਫਿਰੈ ਨਰਕ ਮੈਂ ਜਾਇ। ਧਰਮ ਛੁਟੈ ਧਨ ਤੇ ਛੁਟੈ ਜਮ ਪੁਰ ਅੰਤ ਬਸਾਇ ॥ ੩੩ ॥ ਸਰਣਿ ਪੜੇ ਜੋ ਗੁਰੋਂ ਕੀ ਲਾਗੈ ਨ ਜਮਕੇ ਬਾਣ। ਸ੍ਰੌਤ ਪੀਤ ਤੁਮ* ਪਟ ਧਰੈ ਮੁਕਤ ਸਤ ਚਿਤ ਜਾਨ ॥ ੩੪ ॥ ਵਿੱਦਯਾ ਪੜ੍ਹੈ ਪੜ੍ਹਾਵਨੀ ਔਰ ਨ ਕ੍ਰਿਤ ਉਪਦੇਸ਼। ਆਪ ਮੁਕਤ ਮੁਕਤੈ ਕਰੈ ਸਗਲੇ ਹਰੈ ਕਲੇਸ ॥ ੩੫ ॥ ਜੂਠ ਨ ਖਾਇ ਖਵਾਈਏ ਨਹ ਜਲ ਪਾਨ ਕਰਾਇ। ਕੰਕਨ ਚਕ੍ਰ ਲੋਹ ਧਰ ਕਰਦ ਭੇਦ ਭੁਖ ਪਾਇ ॥ ੩੬ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ ਵਿਧ ਤੀਰਥ ਸ਼ਨਾਨ ਦ੍ਵਾਰੇ ਪਰਸਨ ਰਹਤ

---

*ਸਰਜਾਮ ਰੰਗੀ

Digitized by Panjab Digital Library | www.panjabdigilib.org

ਭਾਖਨ ਪੰਚਮੋਂ ਧਿਆਇ ॥ ੫ ॥

ਤਨਖਾਹ ਉਪਦੇਸ਼ ॥ ਦੋਹਰਾ ॥ ਪੰਚ ਸਿੰਘ ਮਿਲ ਏਕਠੇ ਕਰੈ ਬਿਬੇਕ ਬਿਚਾਰ। ਤਨਖਾਹ ਰਹਿਤ ਉਪਦੇਸ਼ ਕਰ ਦੇਤ ਦੋਖ ਕੋ ਟਾਰ ॥ ੧ ॥ ਟੀਕਾ ॥ ਜੋ ਲਰਾਈ ਮੇਂ ਪਾਗ ਉਤਰੈ *ਟਕਾ ਪੱਕਾ । ਜੋ ਉਤਾਰੇ ਤੌ ਦੋ ਟਕੇ ਪੱਕੇ। ਜੋ ਮਾਰੈ ਤੌ ਦੋ ਟਕੇ ਪੱਕੇ ਜੋ ਕਰਮ ਜਨਮ ਮ੍ਰਿਤਾਦਿ ਕਰਾਵੇ ਤਾਗਾ ਗਲ ਪਾਵ, । ਧੋਤੀ ਤੇੜ ਬਾਧੇ ਤੌ ਸਵਾ ਰੁਪਈਆ। ਜੋ ਪੂਬਮੋ ਔਰ ਦੁਆਰੇ ਜਾਵੈ †ਜਗਨ ਨਾਥ ਆਦਿਕ ਸੋ ਪੀਛੈ ਅਣ-ਚਲਾ ਨਗਰ ਔਰ ਅਨੰਦ ਪੁਰ ਜੀ ਜਾਵੈ

---

*ਪੱਕਾ ਟਕਾ ਸਵਾਆਨਾ –।) ਤੋਂ ਭਾਵ ਹੈ।

†ਇਸਤੋਂ ਇਹ ਭਾਵ ਨਹੀਂ ਲੈਣਾ ਕਿ ਗੁਰਸਿਖ-

Digitized by Panjab Digital Library | www.panjabdigilib.org

ਤਿਸਕੌ ਰੁਪਈਏ )॥‡ ਜੇ ਅੰਮ੍ਰਿਤ ਛਕੇ ਅਨੰਦ ਪੁਰ ਦਾ ਕੇਸ ਗੜ੍ਹ ਜੀ ਦਾ ਮਾਕਾਲ ਬੂੰਗੇ ਸਵਾ ਰੁਪਈਆ ਨਾਂ ਦੇਵੈ ਵਡਾ ਤਨਖਾਹੀ ਹੈ। ਤੇ ਦਰਬਾਰ ਸਾਹਿਬ ਜਾਵੈ ਤੇ ਸਿਖਾ ਨੂੰ ਅਰਦਾਸਾ ਤੇ ਪ੍ਰਸਾਕਾ ਤੇ ਪ੍ਰਸਾਦਿ ਛਕਾਵੈ। ਜੇ ਵੇਸ੍ਵਾ ਦੇ ਜਾਯ ਤਾਂ ਵਡਾ(ਭਾਰਾ)ਤਨਖਾਹੀ ਹੈ ਗੁਰੂ

---

–ਪਹਿਲੋਂ ਜਗਨਨਾਥ ਆਦਿ ਨਾਂ ਜਾਏ ਤੇ ਪਿਛੋਂ ਜਰੂਰ ਜਾਯ ਬਲਕਿ ਇਸ ਖਯਾਲ ਨਾਲ ਅਗਾਊ ਸੂਚਨਾਂ ਗੁਰੂ ਸਾਹਬ ਨੇ ਕੀਤੀ ਹੈ ਕਿ ਚੂੰਕਿ ਰਾਹ ਵਿਚ ਹਜ਼ੂਰ ਸਾਹਬ ਆਦਿ ਜਾਂਦੇ ਕਈ ਤੀਰਥਾਂ ਦੇ ਪ੍ਰਸਿੱਧ ਮੁਕਾਮ ਆ ਜਾਂਦੇ ਹਨ ਜੇ ਗੁਰ ਸਿੱਖ ਓਨਾਂ ਦੀ ਰਚਨਾਂ ਭੀ ਸੁਭਾਵਕ ਦੇਖਣੀ ਚਾਹੇ ਤਾਂ ਪਿਛੋਂ ਦੇਖਨ ਦਾ ਖਯਾਲ ਕਰੇ । ਪਰ ਕਰਤੱਬ ਸਮਝਕੇ ਨਾਂ ਕਰੇ ਬਲਕਿ ਸੈਰ ਦੇ ਖਯਾਲ ਮਾਤ੍ਰ ਤੇ ॥

‡ ) ਗੰਥ ਅਸਲ ਵਿਚ ਰਕਮ ਭਰੀ ਨਹੀਂ ਹੋਈ ਸੀ.ਸੋ ਪੰਜਾਂ ਪਯਾਰਿਆਂ ਦੇ ਫੈਸਲੇ ਉਤੇ ਸਮਝਨੀ ਚਾਹੀਏ।

Digitized by Panjab Digital Library | www.panjabdigilib.org

ਬਖਸੇ-ਸਵਾ ਰੁਪਈਯਾ, ਮੋਹਰ ਯਾ ੧੦੦) ਸੌ ਰੁਪਈਯਾ ਵਾ ੧੦੦੦) ਹਜਾਰ ਵਾ ਲੱਖ ੧੦੦੦੦) ਆਗੈ ਕਦਰ ਮੂਜਬ। ਪੁਨਃ ਅੰਮ੍ਰਿਤ ਦੈ ਤਨਖਾਹ ਬਖਸਾਵੈ, ਪੁਨਃ ਅੰਮ੍ਰਿਤ ਛਕਾਵੈ।*ਜੂਏ ਚੋਰੀ ਕੀ ਮਦਰਾ ਕੀ ਐਸੀ ਕਹੀ ਹੈ-ਘਾਵ ਦੁਖ ਨਮਿਤ ਮਦਰਾ ਪੀਵੈ, ਪਲਖਾਯ ਅੰਤ ਹਛਾ ਹੋਯ ਤਨਖਾਹਿ ਬਖਸਾਵੈ ਜੇ ਪਰਤ੍ਰਿਯਾ ਭੋਗੇ ਲੁਕਕੇ ਤਾਂ ਸਵਾ ਰੁਪਈਆ, ਜੇ ਯਾਮਨੀ ਔਰ ਬ੍ਰਾਹਮਣੀ ਭੋਗੇ ਤੌ ਬਡਾ ਤਨਖਾਹੀ—ਕਦਰ ਮੂਜਬ । ਜੇ ਵੇਸਵਾ ਭੋਗੇ ਤਾਂ ਤਿਸੇ ਅੰਮ੍ਰਿਤ

---

*ਮਾਨੋ ਮਾਂਸ ਮਦਰਾ ਕਿਸੇ ਦੁਖ ਆਦੀ ਨਮਿਤ ਲੈਣ ਤੇ ਜੇ ਡਾਕਟਰ ਹਕੀਮ ਬਹੁਤ ਪ੍ਰੇਰਣਾ ਕਰੇ ਤਾਂ ਨਮਿਤ ਮਾਤ੍ਰ ਹੀ ਲੋੜੀਂਦੇ ਸਮੇਂ ਤਕ ਅੰਗੀਕਾਰ ਕਰੇ। ਸੁਸਥਾਤਾਂ

Digitized by Panjab Digital Library | www.panjabdigilib.org

ਛਕਾਈਇ ਬਡਾ ਤਨਖਾਹੀ ਹੈ ॥
ਕੁਲ ਪੁਤ੍ਰੀ ਬੈਹਨ ਆਦਕ ਭੋਗੈ ਸੋ ਤਨ
ਖਾਹ ਨ ਬਖਸੀਇ। ਕੁਲ ਪਾਪੀ ਕੋ ਹਜੂਰ
ਜੇ ਬਖਸ਼ੇ ਤਾਂ ਬਖਸ਼ੇ ॥ ਜੋ ਪ੍ਰਥਮੇ ਔਰ
ਤੀਰਥ ਨਾਵੈ, ਪੀਛੈ ਸ੍ਰੀ ਅੰਮ੍ਰਿਤਸਰ ਜੀ
ਨਾਵੈ ਤਾਂ ਸਵਾ ਰੁਪਈਆ- ਇਸਤੇ
ਜੁ ਪੀਛੇ ਸਨਾਨ ਕੀਓ ਤੇ ਜਾਣਕੇ ਕਰੈ
ਤੇ ਕਹੇ ਮੈ ਪਵਿਤ੍ਰ ਹੋਵਣੇ ਤੇ ਅੰਤ ਸਨਾਨ
ਕੀਓ ਤੇ ਜਾਣਕੇ ਕਰੇ ਤਾਂ ਕਹੇ ਮੈ ਪਵਿਤ੍ਰ
ਹੋਵਣੇ ਤੇ ਅੰਤ ਸਨਾਨ ਕੀਆ ਹੈ ਤਾਕੋ
ਤਨਖਾਹ ਨਹੀ। ਜੋ ਸਿਖ ਸ੍ਰੀ ਅੰਮ੍ਰਿਤਸਰ
ਜੀ ਸਨਾਨ ਬਿਨਾਂ ਹੈ ਸੋ ਐਸੇ ਹੈਂ ਜੈਸੇ

---

ਪ੍ਰਾਪਤ ਹੋਣ ਉਪਰੰਤ ਫਿਰ ਸੰਜਮੀ ਹੋ ਰਹੇ ਪਰ ਤਨਖਾਹ
ਬਖਸ਼ਾ ਕਰ ॥

Digitized by Panjab Digital Library | www.panjabdigilib.org

ਕੋਰਾ ਬਸਤ੍ਰ ਹੈ ਪਵਿਤ੍ਰ ਨਾਹੀਂ ॥ † ਸ੍ਰੀ ਅਨੰਦ ਪੁਰ ਦਰਸਨ ਬਿਨਾਂ ਕੇਸ ਗੜ੍ਹ ਜੀ ਕੇ - ਸਿਖੀ ਪ੍ਰਾਪਤ ਨਹੀ ਹੋਤੀ। ਵਾ ਅਕਾਲ ਬੁੰਗੇ ਦਰਸਨ ਕਰੇ, ਜੋ ਕਛੇ ਬਿਨਾ ਰਹੇ ਸਨਾਨ ਕਰੇ, ਪਾਗ ਬਨ੍ਹੀ ਬਿਨਾਂ ਖਾਵੇ ਸੀਸ ਕੇਸ ਨਾਹੇ ਰਹੈ ਤੌ ਉਸਕੋ ਸਵਾ ਰੁਪਈਆ ਤਨਖਾਹ ਹੈ। ਜੌ ਕੱਛੇ ਬਿਨਾ ਮ੍ਰਿਤ ਹੋਵਹ ਤੌ ਅਘਗਾਤ ਜਾਵੈ- ਉਸਕੀ ਗਤੀ ਮੁਕਤ ਮਾਰਗ ਤੇ ਦੇਖਕਰੇ। ਐਸੇ

---

† ਐਸੀਆਂ ਕਈ ਬਾਤਾਂ ਹਨ ਜਿਨਾਂ ਦੇ ਧਾਰਣ ਕੀਤੇ ਸਿਖੀ ਪ੍ਰਾਪਤ ਹੋਣੀ ਲਿਖੀ ਹੈ। ਅਸਲਵਿਚ ਜੋ ਸਚੇ ਮਨ ਨਾਲ ਹੋਈ ਭੀ ਪੂਰੀ ਆਗਜ਼ਾ ਪਾਲੀ ਗਈ ਤਾਂ ਸਿਖ ਪੂਰਾ ਹੋ ਗਿਆ ਹੋਰ ਸਭ ਪ੍ਰਭਾਵ ਨਿਰੂਪਣ ਖਾਤਰ ਹੁੰਦੀ ਹੈ। ਭਾਵ ਇਹ ਹੈ ਕਿ ਕਿਸੇ ਨਾ ਕਿਸੇ ਤਖਤ ਸਾਹਬ ਦੇ ਦਰਸਨ ਜ਼ਰੂਰੀ ਹਨ ॥

Digitized by Panjab Digital Library | www.panjabdigilib.org

ਕਹਾ ਹੈ ਜੁ ਏਕ ਪਾਂਵਚਾ ਨਿਚੋੜੈ ਦੂਸ-
ਰਾ ਪਾਵੈ। ਜੋ ਕਛ ਵਹੀ ਛਾਪ ਰਾਖੈ ਗੋੜੈ
ਸੋ ਤਨਖਾਹੀ ਹੈ। ਜੋ ਨਸਵਾਰ ਕਾਕੜੀ
ਔਰ ਕਸੁੰਭੀ ਬਸਤ੍ਰ ਪਹਿਰੈ ਸਿੱਖ ਸਿੱਖਨੀ
ਤੋ ਉਸਕੋ ਸਵਾ ਰੁਪਯਾ ਤਨਖਾਹ ਹੈ, ਜੋ
ਧੂੰਮਰ ਪਾਨ ਕਰੇ ਤਾਂ ਰੁਪਯੇ ੨੫) ਪੰਝੀ
ਤੇ, ਤਾੜਨਾਂ ਕਰੈ ਪੰਜਾਹ ੫੦ ਬੈਤ ਪੁਨਃ
ਅੰਮ੍ਰਿਤ ਛਕਾਵੈ। ਜੋ ਕੇਸਾਂਦੀ ਬਿਆਦਬੀ
ਕਰੈ ਤਾਂ ਤਨਖਾਹ ਪ੍ਰਾਣ ਅੰਤ ਹੈ ਜੇ ਗੁਰੂ
ਖਾਲਸਾ ਬਖਸੇ ੧੦੦) ਸੌ ਰੁਪਈਆ ਤੇ
ਪੰਜਾਹ ੫੦ ਹੰਡੇ ਮਾਰੈ ਤੇ ਪੂਰਬ ਉਕਤ
ਅੰਮ੍ਰਿਤ ਛਕਾਵੈ ਤੇ ਸੁਧਰਮ ਮਾਰਗ
ਗ੍ਰੰਥ ਸੁਣਾਵੈ ਤੇ ਜਪਜੀ ਕੇ ਅਣਗਿਣਤ
ਦਿਨ ੪੦ ਪਾਠ ਕਰਾਵੈ। ਜਨਮ

Digitized by Panjab Digital Library | www.panjabdigilib.org

ਵਿਵਾਹ ਮਰਣ ਅੰਤ ਕਰਮੋ ਮੈਂ ਸਵਾ ਰੁਪਯਾ ਤਖਨਾਹ ਜੋ ਗ੍ਰੰਥ ਜੀ ਕਾ ਪਾਠ ਬਿਧ ਸੋਂ ਕਰੇ ਵਾ ਕਰਾਵੈ ਮੁਕਤ ਮਾਰਗ ਕੀ ਬਿਧ ਸੋਂ ਤੌ ਤਨਖਾਹ ਨਾਹੀ। ਤਿਲਕ ਛਾਪਾ ਰਖ ਦਰਸ ਪਰਸ ਸਭ ਕਰਮੋਂ ਕੇ ਅੰਤ ਤਨਖਾਹ ਕਰੇ। ਮੜੀ ਗੋਰ ਦੇਵਲ ਕੋ ਸੀਸ ਨਿਵਾਵੈ ਅੰਤ ਤਨਖਾਹ ਕਰੇ ਟਕਾ ਪੱਕਾ। ਭੋਜਨ ਜਲ ਆਦ ਮੁੰਡਤ ਨਾਲ ਛਕੇ ਤਨਖਾਹੀ। ਭਾਦਨੀ ਕੁੜੀ ਮਾਰ ਧੀਰ-ਮਲੀਆ ੩ ਮਸੰਦੀਆ ੪ ਰਾਮਰਾਈਆਂ ੫ ਮੀਣੇਕਾ ੬ ਇਨਕੇ ‡ ਹਾਥਕਾ ਖਾਇ

‡ਹੱਥਾਂ ਵਿਚ ਮਿਕਨਾਤੀਸੀ ਸ਼ਕਤੀ ਦਾ ਨਿਵਾਸ ਰਹਿੰਦਾ ਹੈ ਜੋ ਵਸਤੂ ਦੇ ਗ੍ਰਹਣ ਤਯਾਗ ਸਮੇਂ ਭਾਵਨਾ ਅਨੁਸਾਰ ਪ੍ਰਭਾਵ ਪ੍ਰਗਟ ਕਰਯਾ ਕਰਦੇ ਹਨ ਇਹ ਗੁਰਦ੍ਰੋਹੀ ਲੋਗ ਦੂਖਿਤ

Digitized by Panjab Digital Library | www.panjabdigilib.org

ਤੌ ਸਵਾ ਰੁਪਈਯਾ। ਸੀਸ ਨਗਨ ਖਾਇ ਔਰ ਪ੍ਰਸਾਦ ਵਧ ਘਟ ਵਰਤਾਏ ਤਾਂ ਵਡਾ ਤਨਖਾਹੀਆ ਹੈ। ਕਰਦ ਕਾਚੂ ਬਿਨਾਂ ਕਿੱਲ ਤੋਂ ਵਰਤੇ ਸਰਬ ਲੋਹ ਕਾ। ਰੋਮ ਸਰੀਰ ਤੇ ਕਹੂੰ ਨ ਛੇਦੇ ਔਰ *ਨਖ ਕਾਟੈ ਕਿਉਂਜੁ ਭੋਜਨ ਮੇਂ ਮੈਲ ਨ ਪੜੈ। ਸਿਖਾਂ ਨੈ ਹਾਥ ਜੋੜ ਕੇ ਕਹਾ ਹੈ ਗੁਰੇ ਜੋ ਕਰਮ ਕਹੇ ਹੈ, ਜੇ ਭੂਲ ਚੂਕ ਹੋਇ ਜਾਵੈ ਤਾਂ ਕਿਆ ਕਰੈ ਤੌ ਸਤਿਗੁਰ ਨੈ ਇਹ ਤਨਖਾਹ

---

ਭਾਵਨਾ ਵਾਲੇ ਹੀ ਮੰਨੇ ਗਏ ਹਨ ਇਨਾਂ ਦੇ ਹਥੋਂ ਵਸਤੂ ਗ੍ਰਹਣ ਸਮੇਂ ਓਹ ਵਸਤੂ ਸੁਭਾਵ ਤੇ ਹੀ ਦੂਖਿਤ ਹੋਈ ਹੁੰਦੀ ਹੈ ਤੇ 'ਜੈਸਾ ਅੰਨ ਵੈਸਾ ਮਨ' ਅਸੂਲ ਮੁਤਾਬਕ ਦੂਖਿਤ ਵਸਤੂ ਅਹਾਰ ਕੀਤੀ ਚਿਤ ਨੂੰ ਅਵਸਜ ਦੂਖਿਤ ਕਰੇਗੀ। ਭਾਵ ਜੈਸੇ ਓਹ ਲੋਕ ਸ਼ਾਕਤ ਬੇਮੁਖ ਹੁੰਦੇ ਹਨ ਵੈਸੇ ਹੀ ਇਕ ਦਿਨ ਸਿਖ ਦੇ ਭੀ ਬਣ ਜਾਣ ਦੀ ਆਸ ਹੋ ਸਕਦੀ ਹੈ॥

*ਜਿਸ ਵਸਤੂ ਦੇ ਗ੍ਰਹਣ ਵਿਚ ਜ਼ਿੰਦਗੀ ਖਤਰੇ

Digitized by Panjab Digital Library | www.panjabdigilib.org

ਲਗਾਈ, ਆਗੇ ਜੈਸੀ ਤਨਖਾਹ ਹੋਇ ਤੈਸੀ ਗੁਰੂ ਖਾਲਸਾ ਲਗਾਵੈ ਪਰਮਾਨ ਹੈ। ਪੰਚ ਸਿਖ ਬੈਠ ਕੈ ਪ੍ਰਮਾਨ ਕਹੈਂ, ਵਿਦਿਆ ਪੜ੍ਹੈ ਗੁਰਾਂ ਤੈ, ਅਦਬ ਕਰੈ ਹਾਥ ਜੋੜ ਖੜਾ ਹੋਯ ਆਗਯਾ ਸੇ ਬੈਠੈ, ਆਗਯਾ ਸੇ ਜਾਯ, ਪੜਨ *ਸਮੈ ਪਾਂਯ ਪ੍ਰਸਾਦ ਰਾਖੈ, ਅੰਤ

---

ਵਿਚ ਪਵੇ ਉਸਨੂੰ ਸਿਖ ਜਰੂਰ ਤਯਾਗੇ ਬਾਕੀ ਕਿਸੇ ਭਾਂਤ ਭੀ ਕੁਦਰਤੀ ਰਚਨਾ ਤੋਂ ਵਿਰੁਧ ਹੋ ਨਾਂ ਵਰਤੇ ਇਹ ਭਾਵ ਹੈ। ਲੋਕ ਕਿੰਤੂ ਕਰਯਾ ਕਰਦੇ ਹਨ ਕਿ ਰੋਮ ਕੇਸ ਰਖਣ ਵਿਚ ਕੀਹ ਪਿਆ ਹੈ ਜੇਕਰ ਨੌਂਹ ਕਟੇ ਜਾਂਦੇ ਹਨ ਤਾਂ ਇਨਾਂ ਦੇ ਕਟਨ ਵਿਚ ਭੀ ਹਾਨੀ ਨਹੀਂ। ਓਹਨਾਂ ਬੇਸਮਝਾਂ ਨੂੰ ਪਤਾ ਰਹੇ ਕਿ ਰੋਮ ਕੇਸ ਹਰ ਤਰਾਂ ਨਾਲ ਰਖੇ ਹੀ ਲਾਭਦਾਇਕ ਹਨ ਤੇ ਨੌਂਹ ਕਟੇ ਦੀ ਬਾਬਤ ਇਹ ਕਿ ਜਿੰਨਾ ਹਿੱਸਾ ਵਧ ਜਾਂਦਾ ਹੈ ਮੁਰਦਾ ਹੋ ਜਾਂਦਾ ਹੈ ਜੀਕੂੰ ਮੁਰਦਾ ਮਾਸ ਅਸਲੀ ਚਮੜੀ ਨੂੰ ਖ੍ਰਾਬ ਕਰ ਸਿਟਦਾ ਹੈ ਐਸੇ ਹੀ ਨੌਂਹਾਂ ਦਾ ਮੁਰਦਾ ਹਿੱਸਾ ਵਧ ਜਾ ਰਹੇ ਤਾਂ ਨੁਕਸਾਨ ਪੁਚਾਂਦਾ ਹੈ।

*ਪੜ੍ਹਨ ਪਾਈਏ ਬਾਲ ਨੂੰ ਤਾਂ ਪ੍ਰਸਾਦ ਭੇਟ ਜਰੂਰ-

Digitized by Panjab Digital Library | www.panjabdigilib.org

ਧਨ ਪ੍ਰਸਾਦ ਪੜ੍ਹਕੈ ਰਾਖੈ ਵਿਦਯਾ ਸਫਲ ਹੋਇ। ਵਿਦਯਾ ਪੜ੍ਹਨ ਮੈਂ ਮ੍ਰਿਦੁਭਾਵ ਰਾਖੈ ਤੇ ਜਪੁ ਰਹਰਾਸ ਆਰਤੀ ਸੋਹਿਲਾ ਪੜ੍ਹੇ, ਗੁਰ ਬਾਨੀ ਸੋ ਹਿਤਕਰੇ ਪੜ੍ਹੇ ਔਪੜ੍ਹਾਵੈ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਤਨਖਾਹ ਪ੍ਰਤਪਾਦਨੋ
ਖਸ੍ਮੋ ਧਿਆਇ ॥੬॥

ਦੋਹਰਾ। ਭੋਜਨ ਵਿਧਃ। ਪਗ ਬਿਨ ਧੋਏ ਮੰਤ੍ਰ ਕੇ ਭੋਜਨ ਨਹ ਭੁਗਤਾਯ॥ਫੁਲੀਆਂ ਕਰ ਖਿਧਿ ਮੰਤ੍ਰ ਪੜ੍ਹ ਨੇਤ੍ਰ ਧੋਯ ਸੁਖ ਦਾਯ॥

ਟੀਕਾ। ਈਧਨ ਲਕੜੀ ਸੋ ਪਸਾਦ ਸਿਧ ਕਰੈ ਧੋਯਕੇ। ਪੁਨਾ ਮਿਟੀ ਕਾ ਚੌਂਕਾ

---

-ਰਖੇ। ਵਿਦਯਾ ਪ੍ਰਾਪਤ ਕਰ ਚੁਕਨ ਉਪਰ ਉਸਤਾਦ ਨੂੰ ਕੁਛ ਧਨ, ਭੇਟ ਯਥਾ ਸ਼ਕਤਿ ਕਰੇ॥

Digitized by Panjab Digital Library | www.panjabdigilib.org

ਦੇਯ ਕੜਾਹ ਕਰੈ ਸਨਾਨ ਕਰ ਵਾਹਗੁਰੂ ਮੰਤ੍ਰ ਪੜਤਾ ਰਹੈ ਕੋਰਾ ਕੁੰਭ ਜਲਕਾ ਭਰ ਰਾਖੈ ਤਯਾਰਕਰ, ਪੰਜ ਸਿਖ ਬੈਠ ਊਹਾਂ ਸਬਦ ਉਚਾਰਣ ਕਰੈ, ਪੁਨਃ ਅਰਦਾਸ ਕਰੈ, ਸਤਿਨਾਮ ਆਦ ਪੜੈ ਅੰਤ 'ਕਾਮ ਕ੍ਰੋਧ ਅਹੰਮੇਵਾਦਿ' ਪੜੈ ਅਰਦਾਸ ਕਰ ਜਲ ਨੇਤ੍ਰ ਪੈ ਫੇਰੈ, ਢੂਲਾ ਕਰੈ ਤਯਾਰ ਕਰ ਵਰਤਾਵੈ ਪ੍ਰਥਮੈ ਗੁਰੂ ਜੀ ਕੋ ਰਾਖੈ ਪੁਨਾ ਪੰਚ ਭੁਜੰਗੀਯੋ ਕੋ, ਪੁਨਾ ਸਿੰਘਾਂ ਕੋ ਛਕਾਵੇ ਵਿਧ ਸੋ ਕੜਾਹ ਗੁੜ ਕਾ ਨਾ ਕਰੈ ਔਰ ਗੁੜ ਵਰਤਾਯ ਦੇਵੈ, ਖੰਡ ਘ੍ਰਿਤ ਮੈਦਾ ਸਮ ਕਰਹ ਬਾਸਨ ਪਵਿਤਰ ਕੋਰੇ ਤਯਾਰ ਕਰ ਸਾਫਾ ਪਾਵੈ, ਚੌਕੀ ਪਰ ਰਾਖੈ, ਏਕ ਸਾ ਦੇਵੈ ਲੋਕ ਪਰਲੋਕ ਦੋ ਭੈ ਤੇ

Digitized by Panjab Digital Library | www.panjabdigilib.org

ਛੁਟੈ ॥ ਛਕਾਵਣੈ ਕੀ ਵਿਧਿਃ ਪ੍ਰਥਮੈ ਸਿਖਾਂ ਕੋ ਸਨਾਨ ਕੇਸੀ ਕਰਾਵੈ ਪੁਨਾ ਰਾਤਰੀ ਵਡੀ ਜਾਯਕੈ ਕਹੈ ਪਰਾਤ ਹਮਾਰੇ ਪਰਸਾਦ ਛਕਣਾ, ਔਰ ਆਇਕੈ ਪੂਰਬ ਜੁਗਤਿ ਮਿਟੀ ਕਾ ਚੌਕਾ* ਦੇਵੈ ਧਰਤ ਪੈ ਬਿਧ ਵਤ ਕੜਾਹ ਕਰੈ, ਪੁਨਾ ਭੂਰਜੋ ਕੀ ਤਾਣੀ ਵਿਛਾਵੈ ਫੇਰ ਸਿਖ ਸਰਬ ਸਨਾਨ ਕਰ ਆਵੈ, ਪੁਨਾ ਉਨਾਂ ਕੈ ਹਾਥ ਚਰਨ ਧੋਯਕੈ ਆਸਣ ਪੈ ਚਾਰ ਵਰਣ ਕੇ ਪਾਹੁਲੀਏ ਬੈਠਾਰੈ, ਪੁਨਾ ਸਬਦ ਉਚਾਰਣ ਕਰੈ, ਏਕੋ ਆਸਨ ਪੈ ਬੈਠ ਖਾਇ। ਜੋ ਵਰਤਾਵਣ ਵਾਲਾ ਹੋਇ ਸੋ ਮੋਢੇ ਪੈ ਸਾਫਾ ਰਾਖੈ, ਜਬ ਭੋਜਨ ਛਕ ਪਰਸੰਨ ਹੋਯ ਤੌ ਤਿਨਕੇ ਹਾਥ

*ਗੋਬਰੀ ਚੌਂਕਾ ਗੁਰਮਤ ਵਿਚ ਬਿਵਰਜਿਤ ਹੈ ॥

Digitized by Panjab Digital Library | www.panjabdigilib.org

ਧੁਲਾਵੈ, ਚੁਲਾ ਕਰਾਵੈ, ਅਰਦਾਸ ਕਰਾਵੈ ਖੜਾ ਹੋਇ ਕਰ । ਪ੍ਰਥਮੈ ਪਾਤਰ ਭਿੰਨ ੨ ਆਗੈ ਫੇਰ ਕੜਾਹ ਪਾਵਹ ਪੁਨ ਤਸਮਈ ਆਦ ਸਭ ਪਾਵਹ, ਜਲਪਾਤ੍ਰ ਭਿੰਨ ੨ ਰਾਖਹ, *ਇਕ ਕਾ ਜੂਠਾ ਦੂਸਰੇ ਕੋ ਨਾਂ ਦੇਵਹ, ਜੂਠ ਛਡੇ ਨਾਹੀਂ, ਜੂਠ ਚੁਕੇ ਭੀ ਨਾਹੀ ਜਲ ਪਾਤ੍ਰ ਮਹਿ ਦੇਵੈ ਤੌ ਸੁਚੇਤ ਕਰ ਲੇਵੈ। ਜੌ ਨਿਰਮਲੇ ਸਿੰਘ †ਸਾਧੂ ਭੋਜਨ ਪਾਵਨ ਬੈਠੇਂ ਤੌ ਭਿੰਨ ੨ ਆਸਨ ਪੈ ਬੈਠੇਂ । ਜਲ

---

†ਅੰਮ੍ਰਿਤੀਏ ਹੁੰਦੇ ਹੋਏ ਭੀ ਤੁਰਕਾਂ ਦੀ ਰੀਸੇ ਜੋ ਅਭੇਦ ਵਰਤਦੇ ਹਨ ਗੁਰਮਤ ਵਿਰੁਧ ਹੈ ॥

‡ਪੰਗਤ ਅੰਨ ਦੀ ਸੰਗਤ ਵਿਚ ਏਕਤਾ ਦਾ ਕਾਰਣ ਹੈ ਇਸ ਕਾਰਣ ਪਾਹੁਲੀਏ ਸਿੰਘਾਂ ਨੂੰ ਏਕਾਸਨ ਪ੍ਰਵਾਣ ਕੀਤਾ ਤੇ ਸਾਧੂ ਸਦੀਵ ਕਾਲ ਨਜਾਰਾ ਹੀ ਭਲਾ ਹੈ ਇਸ ਲਈ ਪੰਗਤ ਕਰਦਿਆਂ ਭੀ ਨਜਾਰੇ ੨ ਆਸਨ ਦਾ ਵਿਧਾਨ ਕੀਤਾ ॥

Digitized by Panjab Digital Library | www.panjabdigilib.org

ਪਾਤ੍ਰ ਭਿੰਨ ੨ ਰਾਖੈ। ਭੋਜਨ ਕਰੈਂ ਗਲ ਮੈਂ ਬਸਤਰ ਨਾ ਰਾਖੈ । ਜੌ ਪ੍ਰਸੰਨ ਹੋਯ ਤੋ ਛਕਾਵਣੇ ਵਾਲਾ ਕੁਲਾ ਕਰਾਵੈ ਤੇ ਕੁਲਾ ਕਰ ਪਛੈ ਅਰਦਾਸ ਕਰੈ। ਜੌ ਵੈ ਜਲ ਜੂਠਾ ਹੋਵੇ ਸੋ ਅਪਣੇ ਘਰ ਅੰਦਰ ਛਿੜਕੇ। ਸਿਖਾਂ ਨੂੰ ਮਾਯਾ ਬਸਤਰ ਦੇਵੇ ਤੇ ਖੁਸ਼ੀ ਲੇਵੈ। ਜਿਸ ਕਾਮਨਾ ਪਰ ਕਰੈ ਗੁਰੂ ਪੂਰੀ ਕਰੈ। ਜੇ ਪਰਸਾਦ ਵਰਤਾਵਣਾ ਹੋਵੇ ਤਾਂ ਪਤਾਸੇ ਵਾ ਗੁੜ ਕਾ ਵਰਤਾਵੈ, ਸਕਰ ਕਾ ਨਾਂ ਵਰਤਾਵੈ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਭੋਜਨ ਵਿਧ ਸਰਬ ਸੰਪੂਰਨ
ਸਪਤਮੋ ਧਿਆਯ ॥ ੭ ॥

—:o:—

Digitized by Panjab Digital Library | www.panjabdigilib.org

ਗੁਰੋ ਵਾਚ ॥ ਦੋਹਰਾ

ਕਰ ਅਸਨਾਨ ਸੁ ਨਾਮ ਜਪ ਚਿਤ ਉਦਾਰ ਕਰ ਦਾਨ। ਕਰਮ ਕ੍ਰਿਆ ਇਹ ਸਿੰਘ ਕੀ ਮਨ ਬਚ ਕ੍ਰਮ ਹ੍ਰਿਦ ਜਾਨ ॥

ਟੀਕਾ—ਤਪ ਭਜਨ ਕਰਣਾ ਹੋਇ ਤੌ ਗ੍ਰੰਥ ਆਦ ਕੀ ਬਾਣੀ ਕਾ, ਜੇ ਕਥਾ ਵਾਰਤਾ ਕਰਣੀ ਹੋਇ ਤੌ ਗ੍ਰੰਥ ਦਸਵੀਂ ਪਾਤਸ਼ਾਹੀ ਕੀ ਕਰੈ ਔਰ ਕਥਾ ਵਾਰਤਾ ਕਾ ਤਯਾਗ ਕਰੈ ॥ ਏਕ ਸਿੰਘ ਨੈ ਦਹੀ ਰਾਖਾ ਥਾ ਕੇਸੀ ਸਨਾਨ ਕੋ, ਤੌ ਬੀਚ ਕਾਕ ਨੈ ਚੁੰਚ ਮਾਰੀ ਤਾਂ ਗੁਰੂ ਜੀ ਪਾਸ ਸਿਖ ਆਏ ਕਹਾ:—ਮਹਾਰਾਜ ਦਹੀ ਖਰਾਬ ਹੂਆ ਹੈ। ਕਿਆ ਹੂਆ ? ਸਿਖ ਕਹਾ ਕਾਕ ਚੁੰਚ ਮਾਰਾ। ਤੌ ਕਹਾ ਜੌ ਮੈਨੇ ਇਹ ਜਾਨਾ ਥਾ

Digitized by Panjab Digital Library | www.panjabdigilib.org

ਜੁ ਕਿਸੂ ਹੁੱਕੇ ਫੂਕਨੇ ਵਾਲੇ ਕਾ ਹਾਥ ਲਾਗਾ ਹੈ, ਐਸੇ ਮੰਦ ਗੁਰੂ ਜੀ ਨੇ (ਧੂਮ੍ਰ ਪਾਨ) ਕਹਾ ਹੈ। ਤੌ ਰਾਜਿਆਂ ਨੇ ਜਨੇਊ ਸੁਗੰਦ ਕਰ ਦਗਾ ਕਰਾ ਥਾ ਤਾਂਤੇ ਉਨਕਾ ਇਤਬਾਰ ਨਾਹੀਂ ਇਸ ਤਾਗੇ ਮੈਂ ਸੈ ਹਮਾਰਾ ਕਿਛ ਕਾਮ ਨਾਹੀਂ ਸਰਤਾ ਤੌ ਪ੍ਰਯੋਜਨ ਇਹ ਥਾ ਜੋ ਪੰਥ ਭਿੰਨ ਰਚਨੇਕੇ ਨਮਿਤ ਤੋੜ ਡਾਰੇ ਦੇਹ ਅਭਮਾਨ ਉਤਾਰਨੇ ਨਮਿਤ ਪੰਥ ਮੁਕਤ ਤੇ ਸ੍ਰੀ ਸਾਹਬ ਕਾ ਜਨੇਊ ਗਲ ਪਾਇਆ ਆਗੇ ਬਚਨ ਕਹਾ ਜੋ ਗਲ ਮੈ ਧਾਗਾ ਪਾਵੇਗਾ ਤਿਸਕੋ ਜਨਮ ਜਨਮ ਕੁੰਭੀ ਨਰਕ ਮੈਂ ਪਾਵਾਂਗਾ ਜੋ ਕੱਛ ਬਿਨਾ ਨਾ ਰਹੇ ਕਰਦ ਵਾ ਚਕਰ ਕੜਾ ਛੱਲਾ ਛਾਪ ਸਰਬ ਲੋਹ ਕਾ ਰਾਖੈ॥ ਮਿਰਤ ਹੋਨੇ

Digitized by Panjab Digital Library | www.panjabdigilib.org

ਕੀਬਿਧਬਹੁਮੁਕਤਮਾਰਗਕਹੀ ਹੈ ਜੋ ਸਿਖ
ਕੁਰਹਤ ਰਹਹ ਤੈ ਪ੍ਰਾਣਾਂਤ ਦੁਖੀ ਹੋਵੇ ਤਾਂ
ਓਸਕੇ ਅੰਤ ਕਾਲ ਮੈਂ ਅੰਮ੍ਰਿਤ ਵਿਧਵਤ
ਛਕਾਵੈ ਰਹਿਤ ਕਾ ਉਪਦੇਸ ਦ੍ਰਿੜਾਵੈ ਗੁਰੂ
ਕੇ ਬਦਨ ਓਰ ਧਜਾਨ ਲਾਵੈ ਤਾ ਸਾਸ
ਸੁਖਾਲੇ ਜਾਵੈ ਸਿਰ ਸਾਫਾ ਬਾਧੈ ਏਕ ਸਾਫ
ਮੋਢੇ ਰਾਖੇ ਕਛ ਤੇੜ ਪਾਵੈ ਉਪਰ ਖਫਣ
ਜਪਜੀ ਪੜਤਾ ਰਹੈ ਮਰਣਾਂਤ ਅੰਤ ਏਹ
ਸਬਦ ਪੜਤਾ ਰਹੈ, ਮਰਣਾਂਤ ਅੰਤ ਏਹ

ੴ

ਸਬਦ ਪੜਤਾ ਜਾਵੈ ੧ ਓ ਮਹਲਾ ਪ ॥
'ਖੁਲਿਆ ਕਰਮ ਕ੍ਰਿਪਾ ਭਈ ਠਾਕੁਰ
ਕੀਰਤਨ ਹਰਿ ਹਰਿ ਗਾਈ' ਸਰਬ ਸਿਖ
ਏਹ ਸਬਦ ਪ੍ਰਾਣੀ ਪੇ ਸਾਥ ਉਚਾਰਤੇ

Digitized by Panjab Digital Library | www.panjabdigilib.org

ਜੋ ਵਹ ॥ ਤੇ ਪੰਜ ਸਿਖ ਸਬਦ ਪੜ੍ਹੈ ਸਸਕਾਰ ਕਰੈ ਪੁਨਾ ਕੜਾਹ ਪਸਾਦਿ ਕਰੈ ਅਰਦਾਸ ਕਰੈ ਸਿੱਖਾਂ ਨੂੰ ਦੇਵੈ ਅਰ ਵਿਧ ਮੁਕਤ ਮਾਰਗ ਦੇਖਕੇ ਕਰੈ ॥

ਇਤ ਸ੍ਰੀ ਸੁਧਰਮ ਮਾਰਗ ਗਰੰਥੇ, ਮ੍ਰਿਤ ਵਿਧੇ ਅਸਟਮੋ ਧਿਆਇ ॥੮॥

—:o:—

ਸਰਬ ਗਰਿਹਸਤੀ ਸਿੰਘੋ ਕੋ ਉਪ- ਦੇਸ ॥ ਗੁਰੋ ਵਾਕ ॥ ਦੋਹਰਾ ॥ ਪ੍ਰਾਤਾਕਾਲ ਸ਼ਨਾਨ ਕ੍ਰਿਤ ਸਤ ਸੰਗਤ ਮੈਂ ਜਾਇ ॥ ਨਿਮਸਕਾਰ ਗੁਰ ਗਰੰਥ ਕੋ ਚਰਣ ਸਿੰਘ ਪੂਜਾਇ ॥ ਕਥਾ ਕੀਰਤਨ ਸਤ ਸੰਗ ਮੈਂ

Digitized by Panjab Digital Library | www.panjabdigilib.org

ਜਾਵੈ ਚਿਤ ਭਰਮਾਯ । ਲੋਕ ਪ੍ਰਲੋਕ ਨਾ
ਥਾਂ ਮਿਲੈ ਅੰਤੇ ਨਰਕ ਭੁਗਾਯ ॥ ੨ ॥
ਕਥਾ ਕੀਰਤਨ ਹਰ ਜਸ ਕਹਤ ਬਾਤੈਂ
ਔਰ ਚਲਾਯ। ਜਮ ਕਿੰਕਰ ਕਾ ਦਾਸ ਹੈ
ਪਤ ਨਹ ਪਾਵੈ ਕਾਇ ॥੩॥ ਨਿਰਧਨ ਆ
ਦਰ ਨਹ ਕਰੈ ਸਬਦ ਗੁਰੂ ਬਿਨ ਬਾਤ
ਮਤਿ ਖੋਈ ਤਿਨ ਆਪਨੀ ਕਛੂ ਨ ਹਾਥ
ਲਗਾਤ ॥ ੪ ॥ ਪ੍ਰਾਤ ਸਨਾਨ ਗੁਰਮੰਤ੍ਰ
ਪੜ ਪੁਨ ਭੋਜਨ ਸਪਨਾਯ ॥ ਪੁਨ ਸੁਰੋਤ੍ਰ
ਤਨ ਨਜਾਸ ਕਰ ਸੰਧਿਆ ਮੰਤ੍ਰ ਗੁਰ
ਗਾਇ ॥ ਪ ॥ ਭੂਪਨ ਕੋ ਐਸੇ ਕਹੀ ਤੁਰਕ
ਵਧਾਵੈ ਨਾਯ ॥ ਨਹਿਹਤ ਦੁਸਟਤ ਪੁਰਖ
ਕੋ ਵੈ ਦੁਖ ਦਾਇਨ ਆਯ ॥ ੬ ॥ ਸਿੱਖਨ
ਕੋ ਸਭ ਸੌਪੀਏ ਖਾਇ ਤੁ ਵਹ ਗੁਣਕਾਰ।

Digitized by Panjab Digital Library | www.panjabdigilib.org

ਤੁਰਕਨ ਕੋ ਅਹ ਵਤ ਜਾਨੁ *ਮੁੰਡਤ ਸੋ ਨਹਿ ਪਿਆਰ ॥ ੭ ॥ ਮਨ ਤਨ ਧਨ ਗੁਰ ਸਿੰਘ ਕਾ ਲੋਕ ਪ੍ਰਲੋਕ ਸੁਖ ਦੇਤ ॥ ਔਰਨ ਸੋ ਹਿਤ ਤਿਆਗੀਐ ਗੁਰ ਸਿਖਨ ਮਹਿ ਹੇਤ ॥ ੮ ॥ ਨਿਕਟ ਤੁਰਕ ਜੋ ਰਾਖੀਐ ਅਹਿ ਵਤ ਡਸੈ ਜੁ ਆਯ। ਨਿਕਟ ਦੂਰ ਸਭ ਸਿਖ ਕੋ ਰਾਖੋ ਹਿਤ ਚਿਤ ਲਾਯ ॥ ੯ ॥ ਤੁਰਕਨ ਕੀ ਸੰਗਤ ਕਰੈ ਮੇਲ ਪ੍ਰਸਪਰ ਜਾਨ । ਸੋ ਬੀਰਜ ਮਲੇਛ ਕੋ ਬਿਗਤੀ ਮਰੈ ਸ੍ਵਾਨ ॥ ੧੦ ॥

---

*ਸਿਰ ਮੁੰਨਿਆਂ ਦੇ ਪਜਾਰ ਕਾਰਣ ਹੀ ਸਿੱਖ ਪਤਿਤ ਹੋ ਸਿਰ ਗੁੰਮ ਹੋਇਆ ਕਰਦੇ ਹਨ। ਐਸਾ ਮੇਲ ਮਹਾਂ ਵਿਵਰਜਿਤ ਹੈ। ਭਾਵ ਓਹਨਾਂ ਨਾਲ ਮਿਤ੍ਰਾਈ ਨਾਂ ਗੰਢੋ ॥

Digitized by Panjab Digital Library | www.panjabdigilib.org

ਅਪੂਠੇ *ਅਛਰ ਪਾਰਸੀ ਤਾਸੋਂ ਚਿਤ ਨ ਲਗਾਯ। ਸਭ ਕੀਜੈ ਵਿਚ ਗੁਰਮੁਖੀ ਦਫਤਰ ਆਦ ਬਨਾਯ ॥ ੧੧ ॥ ਨੀਤ ਕ੍ਰੈ ਬਾਢੈ ਧਰਮ ਤਾਂਤੈ ਸਭ ਹ੍ਵੈ ਸਿਧ। ਇਤ ਉਤ ਮੈਂ ਆਦਰ ਹੁਤੋ ਟਰੈ ਅਨੀਤ ਸੁ ਬਿਧ ॥ ੧੨ ॥ ਬਢੈ ਤੇਜ ਮਹਰਾਜ ਹ੍ਵੈ ਜਗ ਮੈਂ ਜਸ ਰਹੈ ਛਾਯ ॥ ਲਘ ਹੂੰ ਤੇ ਬਢਅਨ ਕਰੈ ਨੀਤ ਸੁ ਯਹੈ ਸੁਭਾਯ ॥ ੧੩ ॥ ਦੇਸ ਕਾਲ ਬੈਰੀ

---

*ਇਹ ਹੁਕਮ ਭੀ ਖਾਸਤੋਰ ਤੇ ਹੀ ਗੁਰ ਸਿਖਾਂ ਨੂੰ ਯਾਦ ਰਖਣ ਲੈਕ ਹੈ। ਐਸੀ ਵਿਦ੍ਯਾ ਪੜਨ ਦੀ ਲਾਲਸਾ ਵਿਚ ਮੁਲਾਂ ਮੁਲਾਣੇ ਲਭਨੇ ਪੈਂਦੇ ਹਨ ਤੇ ਲਭ ਪੈਣ ਪੁਰ ਵਿਦ੍ਯਾ ਜੇ ਪੜ ਭੀ ਲਈ ਤਾਂ ਪੜ੍ਹੋਨ ਵਾਲੇ ਦਾ ਆਦਰ ਅਵਸਯ ਕਰਨਾ ਪੈਂਦਾ ਹੈ ਪਰ ਚੂੰਕੇ ਇਸ ਵਿਦਿਆ ਵਾਲੇ ਦੀਨ ਦੇ ਡ੍ਰਾਵੇ ਸਰਈ ਹੁੰਦੇ ਹਨ ਜੋ ਓੜਕ ਨੂੰ ਪਤਿਤ ਕਰ ਮਾਰਦੇ ਹਨ ਇਸ ਲਈ ਮੂਲੋਂ ਹੀ ਨਿਖੇਧੀ ਕਰ ਦਿਤੀ॥

Digitized by Panjab Digital Library | www.panjabdigilib.org

ਹਿਤੂ ਕੌਨ ਮੋਹ ਸੁ ਬਿਚਾਰ । ਕਰੈ ਮਾਨ ਉਤ-
ਪਤ ਖਰਚੁ ਬਲੀ ਅਬਲੀ ਸੁਧਾਰ ॥ ੧੪ ॥
ਬਧੈ ਤਾਸ ਕੋ ਸਮਨ ਕਰ ਲਘੂਅਨ ਕਰ
ਪ੍ਰਤਿਪਾਰ॥ਠੌਰ ਲੇਤ ਫੂਲਤ ਜੋਉ ਸਘਨ ਹੋਤ
ਤਉ ਘਾਰ ॥ ੧੫ ॥ ਨੀਚੈ ਗਿਰੇ ਉਚੈ ਕਰੈ
ਬਢੈ ਕਾਟ ਕੈ ਤਾਸ ॥ ਰਾਜ ਨੀਤ ਇਤ
ਬਿਧ ਕਰੈ ਸੁਖ ਇਤ ਉਤ ਹ੍ਵੈ ਭਾਸ ॥੧੬।
ਬੈਰ ਅਰੰਭ ਕਰੈ ਨਹੀਂ ਧਰਮ ਜਾਸ ਤੇ
ਜਾਯ ॥ ਬਹੁ ਕਲੇਸ ਉਪਜੈ ਜਾਸ ਅਤ
ਲਧ ਭੀ ਤਜ ਜਾਯ ॥ ੧੭ ॥ ਲਾਭ ਖਰਚ
ਜਿਹ ਤੁੱਲ ਹ੍ਵੈ ਐਸੋ ਕਾਮ ਨ ਕੀਨ ॥ ਅਤ
ਰਿਸ ਨਾਹੀ ਕੀਜੀਐ ਅਤ ਹਨ ਹੋਤ ਅਧੀਨ
॥ ੧੮ ॥ ਵੱਢੀ ਰਿਸ਼ਵਤ ਨਾ ਲਵੇ ਲੇਹ ਤਿਠੈ
ਦੈ ਦੰਡ ॥ ਸਾਧ ਦੁਸਟ ਕੌ ਸਮਝੀਐ ਹੋਵਤ

Digitized by Panjab Digital Library | www.panjabdigilib.org

ਰਾਜ ਅਖੰਡ ॥ ੧੯ ॥ ਆਰਸ ਤੈ ਬੈਰੀ ਬਢੈ ਤੇਜ ਕਾਂਤ ਤੈ ਜਾਨ ॥ ਗਰਬ ਕਰੈ ਧਨ ਨਾ ਰਹੈ ਕੁਲ ਕੁਨਾਰਿ ਤੇ ਹਾਨ॥੨੦॥ ਜੋਗ ਜਾਯ ਸੁਕੁਸੰਗ ਤੈ ਪੂਤ ਲਡਾਇਏ ਜਾਇ ॥ ਚਿੰਤਾ ਤੈ ਤਨ ਨਾਸ ਹੈ ਕਪਟੁ ਧਰਮ ਕੋ ਘਾਯ॥੨੧॥ ਜਾਯ ਵਡਾਈ ਲੋਭ ਤੈ ਮਾਗਨ ਤੈ ਹਤ ਮਾਨ ਜਾਯ ਰਾਜ ਨ੍ਰਿਪ ਨੀਤ ਬਿਨ ਪ੍ਰਗਟ ਬਖਾਨਯੋ ਆਨ ॥ ੨੨ ॥ ਚਮੂੰ ਧਰੈ ਧਨ ਕੂ ਧਰੈ ਚਤਰ ਓਰ ਰਖ ਧਜਾਨ ॥ ਦੇਤ ਦਾਨ ਜਸ ਪ੍ਰਗਟ ਹੈ ਦਯਾ ਧਰਮ ਜਟਮਾਨ ॥ ੨੩ ॥ ਊਚੈ ਮਨ ਰਾਖੇ ਬਢੈ ਹਾਸੀ ਮੂਲ ਉਪਾਧ ਬੈਰੀ ਚਿਨਗ ਸਮਾਨ ਹੈ ਬਢੈ ਕਰੈ ਬਹੁ ਬਜਾਧ ॥ ੨੪ ॥ ਕਰੈ ਪ੍ਰਜਾ ਪ੍ਰਤਿਪਾ-ਲਨਾਂ ਸਾਧਨ ਕੀ ਮਤਿ ਸੇਵ। ਦੁਸਟਨ ਕੋ

Digitized by Panjab Digital Library | www.panjabdigilib.org

ਦੈ ਤਾੜਨਾ ਧਰਮ ਪਾਲਨਾ ਭੇਵ ॥ ੨੫॥
ਸ਼ਸਤ੍ਰ ਧਾਰ ਸਨਮੁਖ ਮਰੈ ਤੌ ਵੈ ਸ੍ਵਰਗ
ਸਿਧਾਯ। ਬਰੈ ਸੁ ਤਾਸ ਅਪਛਰਾ ਅੰਤ ਮੋਖ
ਫਲ ਪਾਯ ॥ ੨੬ ॥ ਪੀਠ ਦੇਤ ਭਾਗੈ
ਜੌਨ ਅਪਜਸ ਅੰਤੈ ਨਰਕ ॥ ਸ਼ਸਤ੍ਰ
ਉਤਾਰ ਔਰ ਕੋ ਦੇਤ ਉਤ ਇਤ ਠੌਰ ਨ
ਕਰਕ ॥ ੨੭ ॥ ਸ੍ਰੀ ਸਾਹਿਬ ਜਨੇਊ ਦੀਯੋ
ਗੁਰੂ ਖਾਲਸੇ ਪਾਯ ॥ ਤਜਾਗੇ ਧਰਮ ਸੁ
ਨਾਸ਼ ਹੈ ਮਰਮਰ ਨਰਕ ਸਿਧਾਯ ॥ ੨੮॥
ਸ੍ਵਰਣ ਰਜਤ ਮੋਤੀ ਰਤਨ ਆਦ ਪਹਰ
ਭੂਖਨਾਯ ॥ ਦੇਗ ਤੇਗ ਕਾ ਧਨੀ ਹੈ ਕਰਮ
ਵਿਖੇ ਸ੍ਰੇਸਟਾਯ ॥ ੨੯ ॥ ਪਾਤ੍ਰ ਸ੍ਵਰਣ
ਚਾਂਦੀ ਕਾਂਸ਼ੀ ਪੀਤਲਾਦ ਵਰਤਾਯ॥ ਸ਼ਾਲ
ਦੁਸ਼ਾਲਾ ਪਹਰ ਤਨ ਰੇਸਮੀਨ ਜ਼ਰਦਾਯ।

Digitized by Panjab Digital Library | www.panjabdigilib.org

੩੦ ॥ਹਸਤੀ ਘੋੜੇ ਪਾਲਕੀ ਰਥ ਆਦਕ ਅਸਵਾਰ॥ਰਹੈ ਆਪਨੇ ਧਰਮ ਮੇਂ ਤੌ ਨਹ ਹੋਤ ਬਿਕਾਰ ॥ ੩੧ ॥ ਧਰਮ ਪਾਲਨਾਂ ਬਹੁ ਕਰੈ ਗਊਅਨ ਰੱਛ ਕਰਾਇ ॥ ਕਰੈ ਨ ਸੰਗਤ ਤੁਰਕਨੀ ਅਪਨਾ ਧਰਮ ਸਹਾਇ । ॥ ੩੨ ॥ ਪੁਤ੍ਰੀ ਬੈਹਨ ਦੈ ਸਿੰਘ ਕਰ ਵਾਹਗੁਰੂ ਜਪ ਜਾਪ ॥ ਕੁਲ ਕੀ ਬਧੂ ਸੁਮਾਤ ਸਮ ਮਾਨੈ ਨਰਕ ਨ ਥਾਪ॥ ੩੩ ॥ ਮਾਤ ਪਿਤਾ ਗੁਰਦੇਵ ਸਮ ਸਾਧੂ ਸੰਗ ਕਰਾਯ॥ ਚਿਤ ਉਦਾਰ ਸਭ ਕਰਮ ਮੈ ਸੁਤਾ ਅਪਨੀ ਸਮ ਪੁਤ੍ਰੀ ਪਰਾਯ ॥ ੩੪ ॥ ਰਈਯਤ ਸੁਤ ਸਮ ਪਾਲਨਾ ਰਾਖੇ ਤਾੜਨ ਮਾਹਿ । ਦੰਡ ਦੇਤ ਅਪਰਾਧ ਮੈ ਸਿਖ ਪ੍ਰਿਤਪਾਲ ਕਰਾਇ ॥ ੩੫ ॥

Digitized by Panjab Digital Library | www.panjabdigilib.org

ਇਤਿਸ੍ਰੀ ਸਧਰਮ ਮਾਰਗ ਗ੍ਰਿਹੇ ਵਿਧ ਗ੍ਰਿਹਸਤੀ ਰਾਜਨ ਉਪਦੇਸ ਰਾਜਨੀਤ ਵਿਧ ਭੂਪ ਸਿੰਘ ਵਰਨਨੰ ਨਵਮੋ ਧਿਆਇ ॥ ੯ ॥

ਗੁਰੋਵਾਕ । ਨੀਤ ਵਿਧ ਸੁਨੋ । ਗੁਰੂ ਨ੍ਰਿਪ ਸੂਰਮਾ ਮਿਤ੍ਰ ਵੈਦ ਇਨ ਸੇ ਬੈਰ ਨ ਕਰੈ। ਪੰਡਤ ਕਵੀ ਪੁਤ੍ਰ ਇਸਤ੍ਰੀ ਰਾਜ ਦਰਬਾਰ ਕਾ ਪਵਰੀਆ ਪਰੋਸੀ ਭੋਜਨਪਾਕੀ ਇਨ ਸੇ ਹਿਤ ਰਾਖੈ। ਸ੍ਵਜਾਤੀ ਬੰਧਪ ਸਾਕ ਸਖਾ ਸੋਂ ਮੇਲ ਰਾਖੈ, ਜੋਤਸ ਸੁਨੈ ਨ ਪੂਛੈ ਕਿਉਂ ਮਨ ਮੈ ਭਰਮ ਪੜਤਾ ਹੈ, ਕਾਯਰ ਕੋ ਔਰ ਭਾਰਜਾ ਕੋ ਨ ਸਲਾਹੇ ਕਬਹੂੰ, ਜੋ ਕਾਰਜ ਹੋਕਾ ਪੁਜੈ ਨਾਹੀ ਤੋ ਮੁਖ ਤੇ ਨਾ ਕਹੈ, ਐਸਾ ਖਾਯਾ ਜੋ ਅਜੀਰਣ ਨ ਹੋਯ, ਗ੍ਰਿਹ

Digitized by Panjab Digital Library | www.panjabdigilib.org

ਮੈ ਸੁਖੀ ਰਹੈ, ਬਹੁ ਲੋਭ ਤਜਾਗੈ, ਵਿਦ੍ਵਾਨ ਗੁਰੈ ਮੈਂ ਪ੍ਰੀਤ ਰਾਖੈ, ਪ੍ਰਾਤ ਜਲ ਕੀ ਸੇਵਨਾ ਕਰੈ, ਜਾਗੀ ਭੂਖ ਭੋਜਨ ਕਰੈ, ਪਰ ਸ਼ਸਤ੍ਰ ਪਰਘੋੜਾ ਪਰ ਨਾਰੀ ਪਰਗ੍ਰੇਹ ਪਰ ਧਨ ਪਰ ਮਨ ਇਨ ਸੋ ਪ੍ਰੀਤ ਨ ਕਰੈ। ਧਰਤੀ ਗਊ ਸੋਨਾ ਨਾਰੀ ਮੰਦਰ ਪੁਸਤਕ ਅੰਨ ਦਾਨ—ਅੰਨ ਦਾਨ ਕੇ ਤੁਲ ਇਨਕੇ ਦਾਨ ਕੋਈ ਨਹੀ। ਨਰ ਜੂਨ ਤੇ ਅਧਿਕ ਨਾਹੀ, ਘਰ ਕੀ ਨਾਰ ਕਰਕਸਾ ਅੰਤਰ ਗਤਬੁਰੀ। ਮਰਣ ਜੀਵਣ ਕਰਣੀ ਬਿਨਾ ਬੁਰਾ। *ਸਸਤ੍ਰ ਬਿਨਾਂ ਛਤ੍ਰੀ

---

*ਕ੍ਰਿਪਾਨਾਂ ਬਿਨਾਂ ਰਹਿਣ ਵਾਲੇ ਸਿੰਘ ਆਪਣੀ ਗਤੀ ਦਾ ਫੈਸਲਾ ਜਰੂਰ ਪੜ੍ਹ ਲੈਣ ਤੇ ਚੇਤੇ ਰੱਖਣ ਕਜੋਂ ਜੋ ਗੁਰੂ ਜੀ ਨੇ ਖਾਲਸੇ ਨੂੰ ਛਤ੍ਰੀ ਪਦਵੀ ਦਿੱਤੀ ਹੋਈ ਹੈ॥

Digitized by Panjab Digital Library | www.panjabdigilib.org

ਬੁਰਾ। ਪੜ੍ਹੇ ਬਿਨਾਂ ਬ੍ਰਾਹਮਣ ਬੁਰਾ। ਵੈਸ਼ ਲੇਖੇ ਬਪਾਰ ਬਿਨਾਂ ਬੁਰਾ। ਸੂਦ ਪੜ੍ਹਿਆ ਬੁਰਾ। ਤਿਆਗੀ ਨਾਰ ਗਰੈਹਣ ਕਰਣੀ ਬੁਰੀ। ਮੰਤ੍ਰ ਜੰਤਰ ਤੰਤਰ ਪਰੇਤ ਕਾ ਬੁਰਾ। ਸੇਵਕੀ ਨਾਰਿ ਨ ਗ੍ਰਹੈ। ਬਾਲ ਕੀ ਪ੍ਰੀਤ ਬੁਰੀ। ਬਹੁ ਖਾਣਾ ਬਹੁ ਬਾਤਾਂ ਅਮਲ ਖਾਣੇ ਬੂਠ ਏ ਬੁਰੇ ਹੈ। ਨਾਰੀ ਕੀ ਨਾ ਮਾਨੈ। ਬਾਲ ਮਿਤਰ ਨ ਕਰੈ। ਜੁਧ ਮੈ ਮਨ ਨਾ ਡੁਲਾਵੈ। ਫਲ ਨ ਬੇਚੈ। ਅੰਨ ਕਾ ਬਪਾਰ ਨ ਕਰੈ। ਤ੍ਰਿਣ ਕਾਸ੍ਰ ਚਰਮ ਕਾ ਨਾ ਬਾਪਾਰ ਕਰੈ। ਕਰਜ ਨੀਚ ਕੌ ਨ ਦੇਵੈ। ਨ ਕੰਜਰੀ ਕੌ ਦੇਵੈ। ਬਹੁ ਝਗਰਾ ਨ ਕਰੈ। ਆਪਨੀ ਰਹਤ ਨਾ ਛਾਡੈ। ਦੁਰਜਨ ਸੋ ਪ੍ਰੀਤ ਨਾਂ ਕਰੈ। ਰਿਦੇ ਰੋਸ ਕਰਿ ਕਾਮ ਨਾਂ

Digitized by Panjab Digital Library | www.panjabdigilib.org

ਕਰੈ। ਭਾਈ ਨਾਈ ਖਤ੍ਰੀ ਦਲਿਦ੍ਰੀ ਪੜੇ ਬਿਨਾਂ ਇਸਤ੍ਰੀ ਧੇਨ ਬਾਲਕ ਕਾਯਰ ਏਹਨਾਂ ਦੀ ਮੱਧ ਤਜਾਰੋ ਮੁਖਤਯਾਰੀ ਹਛੀ ਨਹੀਂ। ਮਤੇਈ ਕੁੱਤੀ ਮੁਖ ਮੂਹ ਲਾਵਣੀ ਹਛੀ ਨਹੀਂ, ਖਤਰੀ ਘੋੜੀ ਨ ਚੜ੍ਹੈ। ਬਿਪਰ ਬੈਲ ਨ ਚੜ੍ਹੈ। ਸੰਨਯਾਸੀ ਘੋੜੇ ਨ ਚੜ੍ਹੈ। ਬੈਲ ਨਪੁੰਸਕ ਨ ਕਰੈ। ਪਾਪੀ ਕਾ ਸੰਗ ਨ ਕਰੈ-ਤਿਸਕਾ ਧ੍ਰਿਗ ਜੀਵਣਾ ਹੈ। ਰਹਤ-ਵਾਨ ਦੇਖ ਕੈ ਪੁਤ੍ਰੀ ਦੇਵੈ। ਦੇਣਾ ਲੈਣਾ ਪਰੀਤ ਕਰ ਕਰੈ, ਦਗਾ ਕਰੈ ਤਾਂ ਠੌਰ ਨ ਪਾਵੈ। ਵੈਰਾਗਵਾਨ ਰਹੈ। ਪਰਦੇਸੀ ਵਤ ਬੁਧਿ ਇਸਥਿਰ ਰਾਖੈ। ਪੁਤ੍ਰੀ †ਬਾਲੀ ਬਯਾਹੈ।

---

†'ਪੁਤ੍ਰੀ ਬਾਲੀ ਬਿਆਹੈ' ਇਹ ਅੱਖਰ ਸੁਣਕੇ ਪਾਠਕ ਹਰਾਨ ਹੋਣਗੇ। ਕਯੋਂਕਿ ਅੱਜ ਕੱਲ ਹਰ ਪਾਸੇ ਹੀ-

Digitized by Panjab Digital Library | www.panjabdigilib.org

ਦਸਵੰਧ ਦੇਵੈ, ਪਰ ਨਾਰੀ ਤਜੈ। ਸਿਖ ਹੋਇ
ਕੈ ਭਾਦਨ ਕਾ ਨਾਮ ਨ ਲੇਵੈ। ਬਰਨ ਆਸ੍ਰਮ

---

–ਇਹ ਖਜਾਲ ਪ੍ਰੌਢਤਾ ਪਾ ਰਿਹਾ ਹੈ, ਕਿ ਵਿਆਹ ਵਡੀ ਉਮਰ ਵਿਚ ਹੋਨੇ ਚਾਹੀਦੇ ਹਨ ਜੋ ਰਾਜਨੈਤਿਕ ਉੱਨਤੀ ਦੇ ਨੁਕਤੇ ਵਲੋਂ ਬਿਲ ਕੁਲ ਠੀਕ ਹੈ ਇਸ ਵਿਚ ਬੱਚਯਾਂ ਦੀ ਉਮਰਾ, ਸਸ੍ਥਤਾ ਤਥਾ ਹੋਣ ਵਾਲੀ ਸੰਤਾਨ ਦਾ ਸਕਤੀਵਾਨ ਪ੍ਰਗਟ ਹੋਣਾ ਅਰ ਵਿੱਦਯਾ ਪੜਨ ਆਦ ਤੋਂ ਕਈ ਲਾਭ ਤਕੇ ਜਾਂਦੇ ਹਨ। ਪਰ ਜੇ ਨਰੋਲ ਧਾਰਮਿਕ ਦ੍ਰਿਸ਼ਟੀ ਨਾਲ ਤਕੀਏ ਤਾਂ ਪੁਰਾਨੀ ਚਾਲ ਠੀਕ ਸੀ, ਉਸ ਵਿਚ ਇਹ ਕਾਰਣ ਹੈ, ਕਿ ਕੁਦਰਤ ਨੇ ਇਸਤ੍ਰੀ ਜਾਤੀ ਦੇ ਸਰੀਰ ਹੀ ਐਸੇ ਘੜੇ ਹਨ ਜੋ ਬਾਰਵੇਂ ਵਰ੍ਹੇ ਦੇ ਪ੍ਰਵੇਸ਼ ਵਿਚ ਬਾਲੀ ਅਵਸਥਾ ਦੇ ਧਰਮਾਂ ਨੂੰ ਤਯਾਗ ਦੇਣ ਦੀਆਂ ਨਿਸ਼ਾਨੀਆਂ ਪ੍ਰਗਟ ਕਰ ਦਿੰਦੇ ਹਨ ਅਰਥਾਤ ਬਾਰਵੇਂ ਵਰ੍ਹੇ ਲੜਕੀਆਂ ਵਿਚ ਇਸਤ੍ਰੀਆਂ ਦਾ ਧਰਮ ਰਜਸੂਲਾ ਹੋਣ ਲਗ ਪੈਣਾਂ ਵਰਤ ਪੈਂਦਾ ਹੈ ਜਦਕਿ ਓਹ ਬਾਲੀ ਕਹਲਾਨ ਦੀਆਂ ਅਧਿਕਾਰਣਾਂ ਹੀ ਨਹੀਂ ਰਿਹਾ ਕਰਦੀਆਂ। ਜਿਸ ਕਰਕੇ ਵਿਵਾਹ ਕਾਰਜ ਜੋ ਸ਼ਾਸਤ੍ਰ ਦ੍ਰਿਸ਼ਟੀ ਨਾਲ ਕਲੂਕਾਲ ਵਿਚ ਮਹਾਂ ਯਗਯ ਮੰਨਿਆ ਗਿਆ ਹੈ, ਉਸਦੀ ਸਫਲਤਾ ਨਹੀਂ ਹੋ ਸਕਦੀ। ਕਯੋਂ ਜੋ ਜਦ ਓਹ ਬਾਲਕੀ (ਕੰਨਯਾ) ਰਹਿੰਦੀ ਨਹੀਂ–

Digitized by Panjab Digital Library | www.panjabdigilib.org

ਕਾ ਭੇਦ ਨ ਜਾਨੈ, ਚਾਰ ਵਰਣ ਕੇ ਸਿੰਘ ਕੋ ਛਤ੍ਰੀ ਰੂਪ ਜਾਣੈ ਮੂਏ ਕਉ ਰੋਵੈ ਨਾਹੀ ॥ ਬੁਰੇ ਕਰਮ ਤੇ ਬਚੇ, ਕੁਟੰਬ ਕੋ ਸ਼ੁਭ ਮਾਰਗ ਮੈਂ ਪਾਵੈ, ਚੌਰਾਹੇ ਮੈਂ ਬੈਠੇ ਨਾਹੀਂ, (ਫਟਿਆ)

---

—ਤਾਂ 'ਕੰਨਜਾ ਦਾਨ ਰੂਪ ਕੰਨਜਾ ਯਗਯ' ਵਿਖੇ ਓਹ ਦਾਨ ਕੀਤੀ ਹੀ ਕਿਸਤਰਾਂ ਜਾਂ ਸਕਦੀ ਹੈ ॥ ਨਾਲ ਹੀ ਇਕ ਹੋਰ ਭੀ ਵਿਘਨ ਅੱਖਾਂ ਸਾਹਮਣੇ ਪ੍ਰਤੀਤ ਹੁੰਦਾ ਰਹਿੰਦਾ ਹੈ ਕਿ ਮਤਾਂ ਕੰਨਜਾ ਦਾਨ ਕਰਣ ਦੇ ਐਨ ਵੇਲੇ ਸਿਰ ਹੀ ਕ੍ਰਿਤੇ ਉਹ ਇਸਤ੍ਰੀ ਧਰਮਨ ਨਾਂ ਹੋ ਜਾਵੇ, ਜਿਸਦਾ ਹੋ ਜਾਨਾ ਸ਼ੁਭ ਨਹੀਂ ਮੰਨਿਆ । ਸੋ ਐਸੀਆਂ ਗੱਲਾਂ ਨੂੰ ਧਯਾਨ ਵਿਚ ਰੱਖਕੇ ਯਾਰਵੇਂ ਵਰ੍ਹੇ ਅਰਥਾਤ ਬਾਰਵੇਂ ਬਰਸ ਦੇ ਅਰੰਭ ਹੋਣ ਤੋਂ ਪਹਿਲੇ ੨ ਹੀ ਲੜਕੀਆਂ ਨੂੰ ਵਿਆਹ ਦਿੱਤਾ ਜਾਯਾ ਕਰਦਾ ਸੀ, ਤੇ ਜੋ ਉਪ੍ਰੋਕਤ ਲਾਭ ਅੱਜ ਕੱਲ ਬੀਬੀਆਂ ਨੂੰ ਵੱਡੀ ਉਮਰਾ ਵਿਚ ਵਿਔਹਨ ਤੋਂ ਤਕੇ ਜਾਂਦੇ ਹਨ ਓਹ ਤਦੋਂ ਵਿਆਹ ਉਪ੍ਰੰਤ ਤਿੰਨ ਯਾ ਛੀ ਬਰਸ ਤਕ ਪੇਤ੍ਰਕੇ ਹੀ ਲੜਕੀਆਂ ਨੂੰ ਰੱਖਕੇ ਮੁੜ ਮੁਕਲਾਵੇ ਰਾਹੀਂ ਸੌਹਰੇ ਤਰ।ਆਂ ਜਾਂਦੀਆਂ ਸਨ, ਜਦਕਿ ਇਸ ਵਿਚਾਲ ਸਮੇਂ ਅੰਦਰ ਓਹ ਗੁਣ ਸਿੱਖਣ ਤੇ ਲੋੜ ਮਾਤ੍ਰ ਵਿੱਦਯਾ-

Digitized by Panjab Digital Library | www.panjabdigilib.org

ਬਸਤ੍ਰ ਟੁੱਟਾ ਮੰਜਾ ਭਾਂਡਾ ਦਾਤਨ ਟੂਟੀ ਰੇਤ
ਕੀ ਨ ਕਰੈ, ਖਾਵਤ ਹਸੈ ਨਾਹੀਂ ਰੋਵੈ
ਨਾਹੀਂ, ਦਲਿਦ੍ਰੀ ਕਾ ਸੰਗ ਨ ਕਰੈ ॥
ਰਾਹ ਮੈਂ ਸੌਣਾ ਨਾ। ਤੁਰਤੇ ਖਾਨਾ ਨਾ ॥
ਮਲਮੂਤ੍ਰ ਮਾਰਗ ਮੈਂ ਨਾਂ ਤਜਾਗਣਾ ॥

---

–ਹਾਸਲ ਕਰਣ ਆਦ ਦੇ ਘਾਟੇ ਨੂੰ ਪੂਰਾ ਕਰ ਲੈਂਦੀਆਂ ਸਨ ਮਾਨੋ ਵਿਆਹ ਇਕ ਕੰਨਯਾ ਦਾਨ ਦੀ ਰਸਮ ਹੁੰਦੀ ਸੀ ਕਿੰਤੂ ਅਸਲ ਵਜਾਹ ਮੁਕਲਾਵਾ ਹੁੰਦਾ ਸੀ, ਲੋਕਾਂ ਨੇ ਬਾਲੀ ਵਿਆਹਨ ਤੋਂ ਉਲਟਾ ਮਤਲਬ ਸਮਝਕੇ ਤਿੰਨਾਂ ਪੰਜਾਂ ਸੱਤਾਂ ਬਰਸਾਂ ਦੀਆਂ ਵਿਆਹਨੀਆਂ ਸ਼ੁਰੂ ਕਰ ਦਿੱਤੀਆਂ ਇਥੋਂ ਤੱਕ ਕਿ ਵਰ੍ਹੇ ਡੇਢ ਵਰ੍ਹੇ ਦੀਆਂ ਵਿਆਹੀਆਂ ਜਾਣ ਲਗ ਪਈਆਂ ਜੋ ਭਾਰੇ ਅਨਰਥਾਂ ਦਾ ਕਾਰਣ ਹੋਯਾ ਸੋ ਸੋਧਨਾਂ ਹੋਣੀ ਇਸ ਅਨਰਥ ਦੀ ਚਾਹਦੀ ਸੀ ਕਿ ੧੧ ਸਾਲ ਤੋਂ ਅੱਗੇ ਕੋਈ ਬੀਬੀ ਲੜਕੀ ਨਹੀਂ ਬਿਆਹੀ ਜਾਵੇ, ਇਹ ਕੰਨਯਾ ਦਾਨ ਇਕ ਭਾਂਤ ਦਾ ਯਗਯ ਹੁੰਦਾ ਹੈ ਤੇ ਯਗਯ ਵਿਚ ਸ਼ਕਤੀ ਆਯਾ ਕਰਦੀ ਹੈ ਅਰ ਯਗਯ ਕਰਮ ਸਦੀਵ ਫਲਦਾ ਹੈ ਜੇਕਰ ਠੀਕ ਸਮੇਂ ਸਿਰ ਕੀਤਾ ਜਾਵੇ ਸ ਉਕਤ ਬਚਨ ਦਾ ਆਸ਼ਯ ਇਉਂ ਕਰਕੇ ਜਾਪਦਾ ਹੈ ॥

Digitized by Panjab Digital Library | www.panjabdigilib.org

*ਗਊ ਬਿਪ੍ਰ ਕੇ ਪਾਇ ਨ ਛੂਵੇ, ਅੰਨ ਖਾਇ ਨ ਨਿੰਦਹ, ਛਿਤਵਨੀ ਗਿਨਤੀ ਨ ਰਾਖੈ ਪਰ ਨਾਰੀ ਬੁਰੀ ਪਾਮਰ ਹੈ ਸੰਗ ਨ ਕਰੈ, ਰਾਜ ਦੂਤ ਸੋ ਮੈਤ੍ਰੀ ਛੁਰੀ ਸਮਾਂ॥ ਰਾਤ੍ਰ ਸਾਰੀ ਨ ਜਾਗਹ, ਮੈਥੁਨ ਅਧਿਕ ਨ ਕਰੈ, ਸਿਥਲ ਦੂਤ ਨ ਕਰੈ॥ ਅਭਿਆਸੀ ਸਿਖ ਕਰੈ॥ ਕਾਚਾ ਸੂਖਾ ਮਾਸ ਤਜੈ, ਪਰ ਰਮਤੀ ਨਾਰੀ ਤਿਆਗੈ, ਦੰਭ ਸਨਾਸਤ ਮਤਸਰ ਤਜੈ, ਨਿੰਦਾ ਚਿੰਤਾ ਨਾਂ ਕਰੈ॥ ਬ੍ਰਿਛਵਤ ਜਗ ਮੈਂ ਰਹਣਾ ਜਾਣੈ॥ ਵਿਰਾਗ ਕਰ ਜ਼ਗਤ ਅਸਾਰ

---

*ਸਭਨਾਂ ਚਾਰ ਪਾਏ ਪਸੂਆ ਵਿਚੋਂ ਗਊ ਡਾਢਾ ਹੀ ਦੀਨ ਹਲੀਮ (Meager) ਸੁਭਾਵ ਵਾਲਾ ਜਾਨਵਰ ਹੈ। ਸੋ ਜਿਹੜੀ ਅਗੇ ਹੀ ਅਤਜੰਤ ਕਰਕੇ ਐਡੀ ਦੀਨ ਹੋਵੇ ਓਸਨੂੰ ਪੈਰਕ ਹੀ ਲੈਣਾ। ਅਰੁ ਬਿਪਰ ਲੋਗ ਭੀ ਅਕਸਰ ਮੰਗਤੇ ਹੁੰਦੇ ਹਨ ਤੇ 'ਮੰਗਨ ਗਏ ਸੋ ਮਰ ਰਹੇ' ਇਸ ਲਈ ਐਸਿਆਂ ਮੋਏ ਹੋਏ ਹਨ ਸੋ ਮੋਇਆਂ ਮਾਰਿਆਂ ਨੂੰ ਕਾਹ ਪੈਰ ਲੈਨੇ ਕਯੋਂ ਕਿ ਆਗੇ ਹੀ–

Digitized by Panjab Digital Library | www.panjabdigilib.org

ਜਾਨੈ, ਗ੍ਰੰਥ ਜੀ ਸੁਨਕਰ ਗਰਬ ਹਰੈ ਧੀਰਜ ਸੋ ਵਿਵਹਾਰ ਘਟਾਵੈ, ਪ੍ਰਾਣ *ਅਪਾਨ ਕੀ ਵਾਤ ਕੋ ਸੋਧੈ, ਬਡੇ ਬੇਰ ਪ੍ਰਾਤ ਜਾਗੈ॥ ਪ੍ਰਾਤ ਭੋਜਨ ਨਾਂ ਖਾਵੈ, ਮਾਨ ਵਡਿਆਈ ਨਾਂ ਕਰੈ॥ ਮੂਰਖ ਮੱਲ ਨਟ–ਇਨਕੀ ਸੰਗਤ ਪੁਤ੍ਰ ਕੋ ਨਾ ਕਰਾਵੈ, ਦੇਵ ਗੁਰ ਭਵਨ ਮੈਂ ਚਿਰ ਕਾਲ ਨ ਰਹੈ। ਕਰਨੀ ਭੇਦ ਨ ਭਾਖੈ ਨਜਾਇ ਕਪਟ ਸੋ ਨਾ ਕਰੈ, ਹਾਰਵਿਹਾਰ ਮੈ ਸੁਧਾ ਖਾਨ ਪਾਨ ਹੋਇ ਖਿਤ ਕਰੈ॥

ਇਤਿਸ੍ਰੀਸੁਧ੍ਰਮਮਾਰਗਗ੍ਰੰਥੇਵਿਧਰਾਜਨੀਤਉਪਦੇਸ਼ਦਸਮੋਧਜਾ।

---

–ਮੋਏ ਪਏ ਹਨ। ਦੂਸਰਾ ਭਾਵ ਇਹ ਕਿ ਹਿੰਦੂਆਂ ਦੀ ਤਰਾਂ ਪੈਰ ਨਹੀ ਛੋਹਣੇ॥

*ਸ੍ਵਾਸ ੨ ਭਜਨ ਕੀ ਤਾਰ ਮੋਰਹੇ ਅਥਵਾ ਸ੍ਵਾਸਾ ਧਜਾਨ ਮੇਂ ਤ੍ਤਪਰ ਰਹੇ॥

Digitized by Panjab Digital Library | www.panjabdigilib.org

ਅਬ ਧਰਮ ਪ੍ਰਤਿਪਾਦਨ ਕਥਤੇ । ਗੁਰੋ ਵ੍ਵਾਕ ।

੧ ਓ ਸਤਿ ਨਾਮ ਪ ਅਖਰ ਪੜੈ- ਵ੍ਵਾਤ ਪਿਤ ਕਫ ਨਾਸ ਕਰੇ । ਮੁਕਤ ਕਰੈ॥ ਭੋਜਨ ਪੈ ਰਿਧ ਸਿਧ ਹੋਯ ॥ ਧਨ ਦੇਯ ॥ ਭੋਜਪਤ੍ਰ ਪੈ ਲਿਖੈ ਵਿਧ ਨਾਰੀ ਪ੍ਰਤ੍ਰ।ਮੋਹਨੀ ਬਸੀ ੧੦੦੦੦ ਦਸ ਹਜਾਰ ! ਦ੍ਰਿੜ ਪੜੈ ਹੋਮ ੧੦੦੦ ਕਰੈ ਦ੍ਰਿਸ਼ਟ ਦੇਵ ਭੂਤ ਡਾਕ਼ਣੀ ਸਿਧ ਹੋਇ ॥ ਅਨੰਦ ਭਇਆਂ ਤ, ਏਹ ਤੁਕ ਮੜ੍ਹਾ ਰਖਣੀ ਸ੍ਰੀਵਾਹਗੁਰੂ ॥

੧ ਓ ਸਤਿ ਨਾਮੁ ਕਰਤਾ ਪੁਰਖ ਸ੍ਰੀ

Digitized by Panjab Digital Library | www.panjabdigilib.org

ਗੁਰ ਦੇਵ ਜੀ ਸ੍ਰੀ ਅੰਮ੍ਰਿਤਸਰ ਜੀ, ਰਾਮ-ਦਾਸ ਪੁਰ ਜੀ। ਸ੍ਰੀ ਹਰ ਜੀ । ਭੈ ਸਰਬ ਜਾਇ। ਮੜ੍ਹੀ ਮਸਾਣ ਨ ਮਾਨੈ। ਜਿਸ ਖੇਤੀ ਮੈਂ *ਤਮਾਕੂ ਉਪਜੈ ਸੋ ਖੇਤੀ ਭ੍ਰਸ਼ਟ।

---

*ਤਮਾਕੂ ਗੁਰੂ ਘਰ ਵਿਚ ਵਿਸੇਸ਼ ਇਸ ਲਈ ਕਰਕੇ ਨਿੰਦ ਹੈ ਕਿ ਚਾਰ ਜੁਗਾਂ ਦੇ ਧਰਮ ਨਿਰੂਪਨ ਕਰਦਿਆਂ ਹੋਇਆਂ ਕਲੂਕਾਲ ਦਾ ਧਰਮ ਸ਼ਾਸਤ੍ਰਾਂ ਪੁਰਾਣਾਂ ਵਿਚ 'ਨਾਮ' ਦਸਿਆ ਗਿਆ ਹੈ ਜੈਸਾ ਕਿ ਬ੍ਰਹਮਾ ਪਾਸੋਂ ਨਾਰਦ ਨੇ ਪੁਛਿਆ ਕਿ ਨਾਮ ਤੋਂ ਐਡੀ ਸਸਤੀ ਮੋਖ ਜੋ ਕਲਿਜੁਗ ਵਿਚ ਹੋ ਗਈ ਤਾਂ ਨਰਕ ਕਾਸ ਨਾਲ ਭਰੀਨਗੇ ? ਤਾਂ ਉਤਰ ਮਿਲਿਆ ਕਿ ਹੇ ਨਾਰਦ ! 'ਮੈਂ ਇਕ ਤਮਾਲ (ਤਮਾਕੂ) ਨਾਮ ਦੀ ਬੂਟੀ ਭੀ ਨਾਲ ਹੀ ਰਚ ਦਿੱਤੀ ਹੈ, ਜਿਸ ਨੂੰ ਲੋਗ ਅੰਗੀਕਾਰ ਨ ਵਿਚ ਦੇਖਾ ਦੇਖੀ ਪ੍ਰਵਿਰਤ ਹੋ ਜਾਣਗੇ ਤੇ ਬਸ ਓਹੋ ਹੀ ਨਰਕ ਭਰਨਗੇ। ਭਾਵ ਇਹ ਕਿ ਹੋਰ ਐਸੀ ਵਸਤੂ ਸੰਸਾਰ ਵਿਚ ਕੋਈ ਨਹੀਂ ਜੋ ਨਾਮ ਦੇ ਮਹਾਤਮ ਨੂੰ ਨਸ਼ਟ ਕਰ ਸਕੇ ਐਸਾ ਇਕ ਤਮਾਕੂ ਹੀ ਹੈ ॥ ਚੂੰਕਿ ਗੁਰੂ ਮਹਾਰਾਜ ਜੀ ਨੇ ਨਾਮ ਜਪੌਣ ਲਈ ਕਲੂਕਾਲ ਵਿਚ ਅਵਤਾਰ ਲਿਆ ਸੀ ਤੇ ਜੇਕਰ ਅਪਣੇ ਸੇਵਕਾਂ ਸੰਪ੍ਰਦਾਈਆਂ ਨੂੰ ਤਮਾਕੂ-

Digitized by Panjab Digital Library | www.panjabdigilib.org

ਜੋ ਤਮਾਕੂ ਕੌ ਛੂਵੈ ਤਾਂ *ਸ੍ਰੀ ਗੰਗਾ ਜੀ ਵਾ ਸ੍ਰੀ ਅੰਮਿਰਤਸਰ ਜੀ ਨਾਵੈ ਤੌ ਸੁਧ ਹੋਯ ਜੋ ਚਾਬ ਖਾਵੈ ਤੋ ਤਪ ਜਪ ਕੀਯੇ ਨਸ਼ਟ ਹੋਯ। ਤਮਾਕੂ ਪੀਨ ਵਾਲੇ ਕੇ ਹਾਥ ਕਾ ਪਾਣੀ ਪੀਵੈ ਸੋ ਮਦਰਾ ਕੇ ਤੁਲ ਹੈ ਮਦਰਾ ਸਤ ਕੁਲਾਂ ਦਾਹ ਦੇਵੈ। ਭੰਗ ਤੀਨ ਕੁਲਾਂ ਦਾਹ ਦੇਵੈ। ਝੂਠ ਦਸ ਕੁਲਾਂ ਦਾਹ ਦੇਵੈ ॥

—ਵਲੋ ਨਾ ਹੋੜਦੇ ਤਾਂ ਓਨਾਂ ਦੇ ਔਣ ਦਾ ਪ੍ਰਯੋਜਨ ਜੋ ਸੰਸਾਰ ਵਿੱਚ ਹੈਸੀ ਅਕਾਰਥ ਜਾਂਦਾ। ਫੇਰ ਇਸ ਤਮਾਲ ਬੂਟੀ ਦੀ ਉਤਪਤੀ ਗਊ ਦੇ ਕੰਨ ਤੋਂ ਹੋਈ ਲਿਖੀ ਹੈ ਜਦ ਵਿਸਵਾਮਿਤ੍ਰ ਰਾਜਾ ਨੇ ਵਾਸ਼ਸ਼ਟ ਜੀ ਤੋਂ ਕਾਮਧੇਨ ਖੋਹਣ ਦਾ ਜਤਨ ਕੀਤਾ ਸੀ ਤੇ ਗਊ ਅਕਾਸ਼ ਨੂੰ ਚੜ੍ਹ ਗਈ ਸੀ ਉਸ ਸਮੇ ਤੀਰ ਮਾਰਜਾਂ ਗਊ ਦਾ ਕੰਨ ਕਟੀਅਕੇ ਧਰਤ ਵਿਚ ਆਨ ਧਸਿਆ ਸੀ ਜੋ ਉਗਕੇ ਤਮਾਲ ਬੂਟੀ ਰੂਪ ਕਹਾਇਆ ਐਸਾ ਨਿੰਦ ਇਹ ਤਮਾਕੂ ਦਸਿਆ ਹੈ ॥

*ਇਸ ਦਾ ਭਾਵ ਗੰਗਾ ਮਹਤ੍ਵ ਉਪਰ ਨਹੀਂ ਸਮਝਣਾ ਬਲਕਿ (ਤਮਾਕੂ) ਦੀ ਨਿਖੇਧੀ ਹਿੰਦੂਆਂ ਲਈ ਭੀ ਸੂਚਨ—

Digitized by Panjab Digital Library | www.panjabdigilib.org

ਨਿੰਦਿਆ ਅਨੇਕ ਕੁਲਾਂ ਦਾਹ ਦੇਵੈ । ਨਿਜ ਗੋੜੇ ਪੈ ਪਗੜੀ ਨ ਰਾਖੈ । ਬਿਨਾਂ ਬੁਲਾਏ ਬੋਲੇ ਨਾਹੀਂ । ਰਣ ਮੈਂ ਸਤਰ ਕੈ ਸਾਮਨੇ ਟੰਕਾਰ ਕਰੈ । ਰਿਤ ਆਈ ਇਸਤਰੀ ਸੋ ਸੰਗ ਨ ਕਰੈ । ਬਿਆਹੀ ਬਿਨਾ ਇਸਤਰੀ ਔ ਬਾਲਕੀ ਰੋਗਨੀ ਤਿਆਗੈ ਪੰਥ ਰਚਜੋ ਧਰਮ ਹਿਤ *ਪੂਜਾ ਨਾ ਖਾਵੈ,

—ਕਰਾਈ ਹੈ । ਤੇ ਨਾਂ ਹੀ ਕੋਈ ਇਹ ਸਮਝ ਲਵੇ ਕਿ ਗੰਗਾ ਦੇ ਕੰਢੇ ਵਸਨ ਵਾਲਿਆਂ ਨੂੰ ਤਮਾਕੂ ਸਪਰਸ਼ ਅਰ ਪਾਨ ਦਾ ਅਪ੍ਰਾਧ ਨਹੀਂ ਗਲ ਸਕੇਗਾ । ਜੀਕੂੰ ਤੀਰਥ ਅਪ੍ਰਾਧ ਨਿਵਿਰਤੀ ਦਾ ਕਾਰਣ ਹੁੰਦੇ ਹਨ ਪਰ ਕਿਨਾਰਾ ਵਾਸੀਆਂ ਦੇ ਜਾਣ ਬੁਝਕੇ ਪਾਪ ਕਰਨ ਕਰਕੇ ਉਲਟਾ ਬਜ੍ਰ ਪਾਪ ਦਾ ਅਪ੍ਰਾਧੀ ਭੀ ਏਹੋ ਹੀ ਓਨਾਂ ਲੋਕਾਂ ਨੂੰ ਬਨਿਆ ਕਰਦੇ ਹਨ ਤਾਕੂੰ ਹੀ ਇਨਾਂ ਤੀਰਥਾਂ ਤੇ ਧੂਮ੍ਰਪਾਨ ਆਦ ਦਾ ਬਜ੍ਰ ਪਾਪ ਲੋਕਾਂ ਨੂੰ ਲਗਦਾ ਹੈ ।

*ਗ੍ਰੰਥ, ਮੂਰਤੀ ਤਥਾ ਮੰਦਰ ਅਗੇ ਚੜ੍ਹਿਆ ਪਦਾਰਥ ਪੂਜਾ ਦਾ ਪਦਾਰਥ ਮੰਨਿਆ ਹੈ, ਜੋ ਗੁਰ ਸਿੱਖਾਂ ਨੂੰ ਕਦਾਚਿਤ ਭੀ ਪ੍ਰਵਾਣ ਨਹੀਂ ।

Digitized by Panjab Digital Library | www.panjabdigilib.org

ਲੋਭ ਕਰੈ ਸੂਕਰ ਜੋਨੀ ਪਰੈ, ਗੁਰ ਚਰਨ ਧਯਾਨ ਰਖੇ ਔਰ ਜੋ ਮੰਤ੍ਰ ਮੈ ਗੁਣ ਹੈ ਤਿਨ ਮੈ ਮੰਤ੍ਰ ਜਪੁ ਬਹੁ ਆਸ੍ਰੇ †ਮੋਨਮੁਖ ਪੜੈ, ਗੁਣ ਜਗਤ ਕਾ ਨਾਮ ਅਧਾਰ ਤਰਨ ਤਾਰਨ, ਪਰ ਅੰਸੀ ਤਯਾਗੈ, ਤਵ ਪ੍ਰਸਾਦ ਕਰ ਭੋਜਨ ਜਲ ਪਾਵੇ, ਚੁਲਾ ਪੜੈ, ਘੋੜੇ ਸਸਤ੍ਰ ਦੀ ਖਬਰ ਰਖੇ, ਤੁਰਕ ਪਹਾੜੀ ਸੇ ਨਾਂ ਖ਼ਿਤ੍ਰਾਈ ਕਰੈ, ਸਿਖਾਂ ਕੀ ਸੇਵ; ਜੋ ਸਿਖਾਂ ਨੂੰ ਪ੍ਰਸ਼ਾਦ ਛਕਾਉਂਦਾ ਉਠਾਵੇ, ਨਿਉਂਦਾ ਕ਼ਹਨਾਂ ਹਟਾਵੇ, ਖਾਯ ਲੋਭ ਕਰੇ,

---

† ਜਪ ਮੰਤ੍ਰ ਦਾ ਉਚਾਰਣ ਵਿਚ ਇਕ ਗੁਣਾ ਫਲ ਹੈ ਤੇ ਮੌਨ ਰੂਪ ਮੰਤ੍ਰ ਦਾ ਅਰਾਧਨ ਹਜਾਰ ਵ ਲਖ ਗੁਣਾ ਫਲ ਮਹਾਤਮ ਵਾਲਾ ਹੁੰਦਾ ਹੈ ਜਿਸਨੂੰ ਅਸੀਂ ਸੁਖ ਯੋਗ ਨਾਮੀ ਗ੍ਰੰਥ ਵਿਚ ਵਿਸਤਾਰ ਨਾਲ ਕਹਿ ਚੁਕੇ ਹਾਂ ॥

Digitized by Panjab Digital Library | www.panjabdigilib.org

ਮੰਦ ਨਜਰ ਕਰੇ ਸੋ ਕਰੋੜ ਨਰਕ ਭੋਗੈ ।
ਪ੍ਰਸ਼ਾਦ ਨ ਨਿੰਦੈ, ਸਿਖ ਭੁਖੇ ਛਕਾਵੈ ਸੋ
ਜਗ ਕਾ ਫਲ । ਪਰ ਏਹ ਹੈ ਜੁ ਸਬਦ ਕੇ
ਅਧੀਨ ਰਹੈ, ਦਮਦਮਾ ਗੁਰੂ ਕੀ ਕਾਸੀ ਹੈ,
ਸੁਰਗ ਇਹ ਜੁ ਮਰਣਾ ਚਿਤ ਰਖਣਾ ।
ਜੋ ਮੁਸਲਮਾਨੀ ਸਾਥ ਸੰਗ ਕਰੇ ਸੋ ਸਿਖ
ਨਾਹੀ । ਜੋ ਪਰ ਇਸਤ੍ਰੀ ਸੰਗ ਕਰ ਪ੍ਰਾਚਤ
ਕਰੈ ਕਿਆ ਤਨਖਾਹ ਬਖਸਾਵੈ । ਤੀਰਥ
ਜਾਤ੍ਰਾ ਕਹੂੰ ਮੇਲੇ ਜਾਵੈ ਤਾਂ ਬਰਹਮਚ ਰਜ
ਧਾਰੇ ਤਾ ਪਾਪ ਨਾ ਲਾਗੈ । ਜੋ ਕੁਕਰਮ
ਕਰੇ ਅਰ ਨਹਕ ਪੜੈ ਤੌ ਤਿਸਕੌ ਪੜਨਾ
ਤਾਰੈ ਨਾਹੀ ਰਿਦੇ ਸੁਧ ਹੋਇ ਪੜੈ ਤੌ
ਆਪਣਾ ਕੀਤਾ ਤਾਰਦਾ ਹੈ ਕਲਜੁਗ ਵਿਚ
ਧਰਮ ਰਖਣੇ ਵਾਸਤੇ ਪੰਥ ਖੜਾ ਕੀਆ ਹੈ

Digitized by Panjab Digital Library | www.panjabdigilib.org

*ਪੂਜਾ ਹਰ ਥਾਨ ਕੀ ਨਾਂ ਖਾਵੈ। ਭਜਨ ਬਿਨਾਂ ਖਾਵੈ ਤਾਂ ਨਰਕ ਜਾਵੈ। ਸਿਖ ਹਿੰਦੂ ਕੋ ਬਨਾਵਣਾ। †ਸਾਡੇ ਵੈਰੀ ਤੁਰਕ ਸੋ ਮਾਰਣੇ ਖੰਡੇ ਸਾਥ। ਸਿਦਕ ਸਾਥ। ਸਿਦਕ ਸਭ ਕਿਛੁ ਦੇਵੈ। ਹੜ ਪਵਿਤਰ ਹੋਵੈ ਹਥੀ

---

*ਪੂਜਾ ਦੇ ਅਧਿਕਾਰੀ ਸਿੱਖਾਂ ਨੂੰ ਹੋਰ ਕਿਸੇ ਦੇਵੀ ਦੇਵਾਲਯ ਆਦ ਦੀ ਪੂਜਾ ਦਾ ਅੰਸ ਖਾਣੋਂ ਹੋੜਿਆ ਹੈ ਕਿਉਂਕਿ ਜਿਸਦਾ ਅੰਸ ਖਾਧਾ ਜਾਂਦਾ ਹੈ ਚਿਤ ਤੇ ਓਸਦਾ ਅਸਰ ਜਰੂਰ ਪੈਂਦਾ ਹੈ, ਤਦੇ ਹੀ ਹਨੂਮਾਨ ਆਦਕਾਂ ਦਾ ਲਡੂ ਸੀਰਣੀ ਆਦ ਖਾਣੇ ਗੁਰਮਤ ਵਿਚ ਸਖਤ ਬੰਦ ਹਨ॥

†ਤੁਰਕ ਚਾਹੇ ਕੁਝ ਭੀ (ਪ੍ਰੇਮ) ਕਰੇ ਸਿਖ ਨਹੀਂ ਬਨੌਣਾ ਅਰਥਾਤ ਸੁਧ ਨਹੀਂ ਬਨਾਨਾ, ਜਦ ਕਦ ਕਪਟ ਕਰੇਗਾ, ਲੋਹਾ ਜੋ ਪਾਰਸ ਨਾਲ ਸੋਨਾ ਬਣਦਾ ਹੈ ਉਹ ਸਮਾਂ ਚਿਰ ਪਾਕੇ ਮੁੜ ਲੋਹਾ ਬਣ ਜਾਂਦਾ ਹੈ ਕਯੋਂਕਿ ਅਸਲਾ ਅਸਲ ਨਹੀਂ ਤਿਆਗਯਾ ਕਰਦਾ ਜੋ ਮੈਲੇ ਜੂਠੇ ਨਾਲ ਲਗਕੇ ਅਸਪਰਸ਼ ਸਪਰਸ਼ ਕਰਕੇ ਮਲੀਨ ਹੋਇਆ (ਮੁਸਲਮਾਨ) ਹੋਵੇ ਉਸ ਨੂੰ ਸੁਧ ਕਰਣਾ ਮਨਾਹੀ ਨਹੀਂ। ਭਾਵ ਪਤਿਤ ਹੋਏ ਨੂੰ ਸੋਧਨ ਧਰਮ ਹੈ॥

Digitized by Panjab Digital Library | www.panjabdigilib.org

ਟਹਲ ਗੁਰ ਖਾਲਸੇ ਦੀ ਕਰੀਏ। ਚਰਣ ਪਵਿਤਰ ਤਾਂ ਜਾਂ ਗੁਰਦਰਬਾਰ ਸਾਧੂ ਦਰਸਨ ਤੀਰਥ ਜਾਤਰਾ ਕਰੀਏ। ਦੇਹ ਇੰਦ੍ਰੀਆਂ ਤਦ ਪਵਿਤਰ ਹੋਯ ਜੇ ਸੁਭ ਕਰਮ ਕਰੀਏ। ਮਨ ਤਦ ਪਵਿਤਰ ਹੋਯ ਜੋ ਖੋਟੇ ਕਰਮ ਛਲ ਨਾਂ ਕਰੀਏ। ਬਚਨ ਤਦ ਪਵਿਤਰ ਹੋਯ ਜੋ ਸਤ ਬੋਲੈ। ਗੁਰੂ ਬਾਣੀ ਪੜ੍ਹੈ। ਸਾਧ ਇਕਲਾ ਸੁਧ। ਮਨ ਬੁਧ ਯੁਗਤ ਗ੍ਰਿਹਸਤੀ ਬਹੁਤੇ ਬਾਲ ਸੋ ਘਰ ਸੁਧ। †ਖੰਡੇ ਕੀ ਪਾਹੁਲ ਬਿਨਾਂ ਕੇਸ ਰਾਖੇ ਸੋ

---

†ਐਸੇ ਬਹੁਤ ਸਾਂਗੀ ਸਿੰਘ ਅਸਾਂ ਨੂੰ ਦੇਖਣ ਦਾ ਅਉਸਰ ਮਿਲਿਆ ਹੈ। ਜਿਨਾਂ ਨੂੰ ਬਹੁਤ ਹਠ ਹੈ ਤੇ ਅੰਮ੍ਰਿਤ ਦੀ ਲੋੜ ਨਹੀਂ ਦੱਸਦੇ ਸਿੰਘਾਂ ਦਾ ਇਕ ਐਸਾ ਪੜਤਾਲੀਆ ਜੱਥਾ ਹੋਣਾ ਚਾਹੀਦਾ ਹੈ ਜੋ ਗੁਰੂ ਸਾਹਬ ਦੇ ਏਸ ਹੁਕਮ ਦੀ

Digitized by Panjab Digital Library | www.panjabdigilib.org

ਭੇਖੀ ਸੇ ਪਾਪੀ ਦੋਊ ਜਹਾਨ ਮੈ ਨ ਰਹੈ। ਪਹਰ ਰਾਤ ਰਹਤੀ ਸਨਾਨ ਕਰੇ। ਬਾਣੀ ਗੁਰੂ ਕੀ ਕਾ ਪਾਠ ਕਰੈ। ਗੁਰਮੁਖੀ ਅਖਰ ਪੜੈ। ਅਰਬੀ ਪਾਰਸੀ ਸਾਸਤ੍ਰੀ ਨ ਪੜੈ। §ਤੁਰਕ ਸੋ ਨਾਂ ਮੇਲ ਰਾਖੈ। ਬਰਾਹਮਣ ਸੇ ਬਹੁਤ ਗੋਸ੍ਰ ਨਾਂ ਕਰੈ। ਲੋਭੀ ਸੇ ਨਾਂ ਪਰੀਤ ਧਾਰੈ। ਪਹਾੜੀ ਸੋ ਪਰਤੀਤ ਨਾਂ ਕਰੈ। ਚਾਰ ਬਰਣ ਸੋ ਬਰਤੇ ਪਰ ਜਿਨੋ ਅੰਮ੍ਰਿਤ ਛਕਾ ਹੋਯ ਤਿਨ ਸੋ ਸਰਵਰੀ। ਪਖੀਰ।

---

–ਪਾਬੰਦੀ ਵਿਚ ਵਰਤੀਂਦੇ ਅਤੇ ਨਾਮਧਰੀਕ ਤੇ ਭੇਖੀ ਸਿੰਘਾਂ ਦੀ ਪੜਤਾਲਕਰਦਾ ਰਿਹਾ ਕਰੇ। ਕਿਉਂ ਜੁ ਐਹੋ ਜੇਹੇ ਭੇਖੀ ਸਾਂਗੀ ਲੋਕ ਹੀ ਧੋਖੇ ਵਿਚ ਪੰਥ ਨੂੰ ਪਾਯਾ ਕਰਦੇ ਹਨ॥

§ਕਲਕਾਲ ਵਿਚ ਮੈਲ ਬਹੁਤ ਵਧਦੀ ਹੈ, ਮੈਲੇ ਸਿਸਕਾਰਾਂ ਵਾਲਿਆਂ ਦਾ ਪਸਾਰਾ ਬਹੁਤ ਪਸਰਦਾ ਹੈ, ਇਸ ਕਰਕੇ ਧੋਖੇ ਵਿਚ ਪੈਣ ਦੇ ਡਰ ਤੋਂ ਮਲੇਛਾਂ ਦੀ ਸੰਗਤ ਕਰਣੋਂ ਹੀ ਦੂਰ ਰਹੇ॥

Digitized by Panjab Digital Library | www.panjabdigilib.org

*ਬ੍ਰਾਮਨ ਇਨ ਸੋ ਨ ਮਿਲੇ। ਪਿੰਡ ਪਿਤਰ ਕਰਮ ਨਾਂ ਕਰੈ॥

ਸਰਾਧ ਖਿਆਹ ਨ ਕਰੈ, ਸਿਖਾਂ ਕੋ ਪ੍ਰਸਾਕਾ ਧਨ ਭੋਜਨ ਦੇਇ। ਔਰ ਪੰਥ ਨ ਪੂਜੈ। †ਬ੍ਰਾਹਮਣ ਕੇਸ ਪਾਹੁਲ ਬਿਨਾਂ ਹੋਯ ਤਿਸਕੇ ਹਾਥ ਕਾ ਨਾਂ ਖਾਵੈ। ਧਨ ਨਾਂ ਦੇਵੈ-ਜੋ ਰਿਖ ਸਮਾਨ (ਭੀ) ਹੋਏ। ਜਟਾ ਪਾਹੁਲੀਆ ਤਿਸਕੇ ਚਰਣ ਪੂਜੇ। ਜਹਾਂ ਕਹਾਂ ਕਾ ਭੋਜਨ ਨਾਂ ਖਾਵੈ।‡ਸੀਤਲਾ ਭੇਖੀ

---

*ਬ੍ਰਮਨ ਦੇ ਮੰਨਣ ਵਾਲੇ॥

†ਜਿਹੜੇ ਲੋਕ ਘਰਾਂ ਵਿਚ ਐਸੇ ਨੌਕਰ ਰੱਖਦੇ ਹਨ ਵਿਚਾਰਕ ਦੇਖਣ ਕਿ ਕਿਤਨੀ ਕੂ ਆਗਜਾ ਉਹ ਮੰਨ ਰਹੇ ਹਨ॥

‡ਸੀਤਲਾ ਦਾ ਭਗਤ ਚਾਹੇ ਜਟਾ ਜੂਟੀ ਬ੍ਰਾਹਮਣ ਭੀ ਹੋਵੇ ਤਾਂ ਨਹੀਂ ਸਤਕਾਰਨਾਂ। (ਗੁਰੂ ਸਾਹਬਨੇ ਦੇਵੀ ਪੂਜੀ ਮੰਨਣ ਵਾਲੇ ਜਰਾ ਤੱਕਨ॥

Digitized by Panjab Digital Library | www.panjabdigilib.org

ਕੋ ਨ ਮਾਨੈ ਜੋ ਮਾਨੈ ਸੋ ਮੇਰੋ ਸਿਖ ਨਹੀ। ਸਿਖ ਗੁਰ ਦੁਆਰੇ ਤੀਰਥ ਜਾਯ। ਅਤਿਥ ਸਿਖ ਕੋ ਭੋਜਨ ਬਸਤ੍ਰ ਮਾਯਾ ਦੇਵੈ ਪਰਥ ਮੈਂ ਗੁਰਦੁਆਰੇ ਮੈਂ। ਪ੍ਰੀਤਿ ਪਾਂਡੇ ਸੋ ਨਾਂ ਕਰੈ, ਸਿਖਾਂ ਨੂੰ ਦੇਵੇ ਭੋਗ ‡ ਪਟ ਕੇਸ * ਵਾਲਾ ਅੰਮ੍ਰਿਤੀ ਮੇਰਾ ਸਿਖ ਹੈ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰਿੰਥੇ ਧਰਮ ਪ੍ਰਤਿ ਪਾਦਨੋ ਇਕਾਦਸੋ ਧਿਆਇ ॥ ੧੧ ॥

ਗੁਰੋ ਵਾਕ ॥ ਕੰਨਯਾ ਸਿਖ ਕੋ ਦੇਵੈ ਬਿਨਾਂ ਦਾਮ ਸੋ ਮੇਰ ਧਾਮ ਪ੍ਰਾਪਤਿ ਹੋਯ ॥ ਪੀਰ

---

‡ਭੋਜਨ ਬਸਤ੍ਰ

§ਅੰਮ੍ਰਿਤ ਜੇ ਨਹੀਂ ਛਕਿਆ ਹੋਵੇ ਪਰ ਕੇਸਾ ਧਾਰੀ ਹੈ ਓਸਨੂੰ ਸਿੱਖ ਨਹੀਂ ਸਮਝਨਾ ਚਾਹੀਏ, ਅਲਬੱਤਾ ਦੂਜਿਆਂ ਨਾਲੋਂ ਸਿੱਖੀ ਦਾ ਅਧਿਕ ਅਧਿਕਾਰੀ ਓਹ ਹੁੰਦਾ ਹੈ॥

Digitized by Panjab Digital Library | www.panjabdigilib.org

ਸਰਵਰ ਸੀਤਲਾ ਜੋਗੀ ਭੂਤ ਇਨ ਕੋ ਨ ਸੇਵੈ। ਗੁਰੂ ਦਸਾਂ ਅਵਤਾਰਾਂ ਕੇ ਸੇਵੈ ਮੁਕਤ ਹੋਯ। ਅਨੰਦ ਜਪੁ ਨਿਤ ਪੜ੍ਹੈ ਪ ਪੜ੍ਹੀ ਵਾ ਸਾਨਾ। ਆਰਤੀ ਸਬਦ ਕੀਰਤਨ ਸੁਨੈ। ਸਿਖ ਸਿਖਣੀ ਮਿਲ ਚਰਚਾ ਕਰੈ, ਭਜਨ ਬਾਣੀ ਪੁਤ੍ਰ ਪੁਤ੍ਰੀ ਕਉ ਸਿਖਾਵਹ, ਖਤ੍ਰੀ ਅਦਿ ਸਿਖ ਸਰਾਧ ਕਰੇ ਕਰਾਵੈ ਨਾਹੀ। ਸਿਖ ਕੋ ਭੋਜਨ ਖੁਲਾਯ ਦੇਯ ਮੈਨੂੰ ਜਾਣਕੈ ਸੋ ਮੈ ਗ੍ਰਹਣ ਕਰੌ ਭਰੋਸਾ ਗੁਰੂ ਕਾ ਕਰੈ, ਗਯਾਨ ਧਯਾਨ ਕੋ ਸਮਝ ਕੈ ਕਰੈ। ਜੋ ਪਰ ਨਾਰੀ ਭੋਗੈ *ਪਾਰਸੀ ਪੜ੍ਹਨਾਂ ਉਹ

---

*ਡਿੰਗੇ ਅੱਖਰਾਂ ਦਾ ਅਸਰ ਅਵਸਯ ਚਿੱਤ ਉਪਰ, ਜਰੂਰ ਡਿੰਗੀ ਚਾਲ ਵਾਲਾ ਪਿਆ ਹੁੰਦਾ ਹੈ, ਇਸ ਵਿਚ ਅਨੁਭਵ ਪ੍ਰਮਾਨ ਹੀ ਸਮਝ॥

Digitized by Panjab Digital Library | www.panjabdigilib.org

ਮੇਰਾ ਨਾ ਮੈ ਉਸਕਾ, ਉਸ ਸਿਖਕੇ ਹਾਥ ਕਾ ਜਲ ਨਾਂ ਪੀਵੈ, ਪਾਰਸੀ ਪੜੇ ਕਾ ਵਿਸਾਹ ਨਾਂ ਕਰੈ ਨਾਂ ਅੰਨ ਉਸਕਾ ਖਾਵੈ। ਜੋ *ਅੰਮ੍ਰਿਤੀ ਸਰਾਧ ਵਿਵਾਹ ਬ੍ਰਹਮਣ ਥੀ ਕਰਾਵੈ ਭੇਖੀ ਪਾਪੀ ਗ੍ਰਹਪੂਜਾ ਗਾਇਤ੍ਰੀ ਤਿਲਕ ਜਨੇਊ ਧਾਰੈ †ਮਾਲਾ ਸੋ ਪਾਖੰਡੀ ਨਰਕ ਮੈਂ ਪਾਵੇਗਾਂ। ਤਰਪਣ ਸੰਧਜਾ ਕੰਨਜਾ ਧਨ ਗ੍ਰਹਣ ਧਨ ਦੇਵ ਪੂਜਾ, ਪਾਖਾਣ ਪੂਜਾ ਜੋ ਖਾਵੈ ਸੋ ਨਰਕ ਜਾਵੈ, ਗੋਰ੍ਹੀ ਪੂਜਾ ਅਰਦਾਸ ਨਹ ਲਵੇ ‡ਲਿਖਾਰੀ

---

*ਅੰਮ੍ਰਿਤਧਾਰੀ ਹੋਕੇ ਜੋ ਐਸਾ ਕਰੇ ਇਹ ਭਾਵ ਹੈ॥

†ਮਾਲਾ ਤੋਂ ਭਾਵ ਗੁਪਤੀ ਮਾਲਾ ਜੋ ਗਾਯਤ੍ਰੀ ਜਪ ਆਦ ਵੇਲੇ ਕਰਮਕਾਂਡੀ ਫੇਰਿਆ ਕਰਦੇ ਹਨ ਅਥਵਾ ਕਾਠ ਤੁਲਸੀ ਮਾਲਾ॥

‡ਜਿਸਦੀ ਲਿਖਿਤ ਸਰਕਾਰੇ ਦਰਬਾਰੇ ਪ੍ਰਵਾਣ ਹੋਵੇ॥

Digitized by Panjab Digital Library | www.panjabdigilib.org

ਝੂਠੀਚੁਗਲੀ ਕਰੇ ਸੋ ਮੇਰਾ ਸਿੰਘ ਨਾਹੀ ਮੁਸਲਮਾਨ ਕੀ ਆਨ ਹਿੰਦੂ ਕੀ ਆਨ ਮੇਟੈ *ਪਰਗ੍ਰਹ ਸੋਂ ਨ ਛੁਹੈ ਸੋ ਮੇਰਾ ਸਿੰਘ॥ਇਕਾ-ਦਸੀ ਆਦ ਵਰਤ ਨਾਂ ਧਾਰੇ। ਸਸਤ੍ਰ ਧਾਰਕੇ ਖਾਣਾਂ ਏਹ ਛਤ੍ਰੀਆਂ ਕਾ ਧਰਮ ਹੈ॥ ਹਮਾਰੇ ਕੋ ਭੇਖ ਵਰਣ ਪਿਆਰਾ ਨਾਹੀ, †ਰਹਤ ਪਿਆਰੀ ਹੈ ਰਹਣੀ ਰਹੈ ਤਾਂ ਮੁਕਤ ਮਿਲੈ। ਬ੍ਰਾਹਮਣ ਮਾਸ ਮਦਰਾ ਪਾਨ ਕਰੈ ਸੋ ਚੰਡਾਲ, ਸੁਆਮੀ ਕਾ ਨੌਵਤਾ ਨ ਖਾਵੈ, ਵੈਰਾਗੀ ਰਹੈ ਬਚਨ ਪਾਲੈ, ਨੀਚ ਸੰਗ ਨ ਕਰੈ, ਝੂਠ ਨਾਂ ਬੋਲੈ ਸੁਭ ਕਰੈ

---

*ਪਤਿਗ੍ਰਹ, ਪਰਧਨ ਪਰ ਨਾਰ॥

†ਸਿੰਘਾਂ ਵਾਲਾ ਸੁਭਾਵ ਅੰਦਰਲੀ ਬਾਹਰਲੀ ਕਰਣੀ ਵਿਚ ਪੂਰਾ ਜਿਉਂ ਕਾ ਤਿਉਂ ਵਰਤਨਾ ਜੈਸੀ ਆਗਯਾ ਹੈ॥

Digitized by Panjab Digital Library | www.panjabdigilib.org

ਅਸੁਰ ਭੂਤ ਕੀ ਸੇਵਾ ਤਜੇ ਪਾਹਨ
ਕੋ ਨਾਂ ਪੂਜੈ । ਮੜੀ ਮਸਾਣ ਨ ਪੂਜੈ
ਡਿੰਭ ਨ ਕਰੈ ਨਾਕ ਮੂੰਦੇ ਕਪਟੀ ਜਪਨੀ
ਫੇਰੇ ਝੂਠਾ ਹੈ ਤੀਰਥ ਭ੍ਰਮ (ਨ) *ਕੀਰਤ ਪੂਜਨ
† ਗੰਗਾ ਜਲ, ਸਭ ਥੀਂ ਸ੍ਰੇਸ਼ਟ ਵਾਹਗੁਰੂ

---

*ਠਾਕੁਰ ਦਵਾਰੇ ਬਿਸਨ ਪਦੇ ਗੌਂਦਿਆਂ ਤਥਾ ਦੇਵੀ ਦਵਾਰੇ ਭੇਟਾਂ ਆਦ ਗਾਂਵਦਿਆਂ ਰਾਤ੍ਰੀ ਸਮੇਂ ਜਗਰਾਤਾ ਕਰਣ ਤੋਂ ਭਾਵ ਹੈ, ਅਥਵਾ ਰਾਸ ਰਾਮ ਲੀਲਾ ਪ੍ਰਵੇਨੀ ਹਿੰਦੂ ਮਤ ਵਿਚ ਇਹ ਪਵਿਤ੍ਰ ਕੰਮ ਹਨ ਪਰ ਵਾਹਗੁਰੂ ਜਪ ਅਗੇ ਤੁਛ ਹਨ ਗੁਰਸਿਖ ਉਨਾਂ ਵਿਚ ਹਿੱਸਾ ਨਾਂ ਲਵੇ ॥

†ਗੰਗਾ ਜਲ ਭੀ ਬੜਾ ਪਵਿਤ੍ਰ ਮੰਨਿਆ ਹੈ ਤੇ ਕਈ ਸਿਖ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਬਚਨ ਉਪਰ ਸਰਧਾ ਧਾਰਦੇ ਗੰਗਾ ਜੀ ਦਾ ਬਹੁਤ ਸਤਕਾਰ ਪਾਲਦੇ ਹਨ "ਗੰਗਾ ਜਲ ਗੁਰ ਗੋਬਿੰਦ ਨਾਮ । ਜੋ ਸਿਮਰੈ ਤਿਸਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ।" ਇਸ ਬਚਨ ਦੇ ਅਰਥ ਉਹ ਇਉਂ ਕਰਦਾ ਕਰਦੇ ਹਨ—"ਗੰਗਾ ਜਲ ਪੀਵਤਿ ਬਹੁੜਿ ਨ ਜੋਨਿ ਭ੍ਰਮਾਮ (ਤੇ) ਗੁਰ ਗੋਬਿੰਦ ਨਾਮ-

Digitized by Panjab Digital Library | www.panjabdigilib.org

## ਜਪੈ ਮੁਕਤ ਹੋਯ ਝੂਠੀ ਸੌਂਹ ਖਾਵੈ ਨਰਕ

-ਜੋ ਜਿਮਰੈ ਤਿਸਕੀ ਗਤਿਹੋਵੈ-ਅਰਥਾਤ ਜੇਹੜਾ ਕੋਈ ਗੰਗਾ ਜਲ ਪਾਨ ਕਰੇ ਉਹ ਮੁੜ ਮਾਤਾ ਦੀ ਜੋਨ ਵਿਚ ਨਹੀਂ ਭਟ-ਕਦਾ ਅਤੇ ਜਿਹੜਾ ਗੁਰੂ ਦਾ ਦਿਤਾ ਹੋਯਾ ਗੋਬਿੰਦ (ਪਰਮਾਤਮਾ) ਦਾ ਨਾਮ ਸਿਮਰਣ ਕਰੇ ਓਸਦੀ ਗਤੀ ਹੋ ਜਾਂਦੀ ਹੈ"-ਭਾਵ ਦੋਹਾਂ ਦਾ ਮਹਾਤਮ ਇਕ ਸਮਾਨ ਉਹ ਗੁਰੂ ਬਚਨ ਤੋਂ ਸਿਧ ਕਰਦੇ ਹਨ । ਤੇ ਬੜਾ ਪੱਖ ਇਸ ਬਾਤ ਦਾ ਲਈ ਰਖਦੇ ਹਨ। ਅਸਾਡੇ ਸੰਤ ਲੋਕ ਭੀ ਬਹੁਤ ਏਸ ਸਰਧਾ ਵਾਲੇ ਹਨ। ਅਸੀਂ ਦੱਸ ਦਿੰਦੇ ਹਾਂ ਕਿ ਇਹ ਉਨਾਂ ਦੇ ਅਨ੍ਰਜ ਵਿਤ੍ਰੇਕ ਤਥਾ ਸਮਾਨ ਭਾਵੀ ਅਰਥ ਬੋਧਕ ਵੀਚਾਰ ਗਲਤ ਹਨ। ਗੁਰੂ ਮਹਾਰਾਜ ਜੀ ਦਾ ਮਤਲਬ ਆਮ ਸਰਧਾ ਪਾਤ੍ਰ ਪ੍ਰਚਲਿਤ ਵਿਸ਼੍ਵਾਸ ਗੰਗਾ ਜਲ ਦੀ ਪਵਿ-ਤ੍ਰਤਾ ਦੇ ਦ੍ਰਿਸ਼ਟਾਂਤ ਤੋਂ ਵਾਹਗੁਰੂ ਭਜਨ ਵਿਚ ਹੀ ਜੁੜਨ ਮਾਤ੍ਰ ਦੀ ਸਿਖਯਾ ਦੇਣ ਦਾ ਹੈ, ਜਿਸ ਬਚਨ ਦੇ ਅਧਾਰ ਤੇ ਹੀ ਕਲਗੀਧਰ ਪਿਤਾ ਦੇ ਟੀਕਾ ਕਾਰ ਲਾਡਲੇ ਨੇ ਇਸ ਬਾਤ ਨੂੰ ਇਥੇ ਸਪਸ਼੍ਟ ਅਖਰਾਂ ਵਿਚ ਸਾਫ ਕੀਤਾ ਹੈ । ਇਸ ਉਪਰ ਅਧਿਕ ਚਾਨਣਾ ਪਾਵਣ ਲਈ ਅਸੀਂ ਇਥੇ ਹੋਰ ਭੀ ਵਿਸ਼ੇਸ਼ ਵਿਚਾਰ ਕਰਦੇ ਹਾਂ:-ਜਿਹੜੀ ਬਾਤ ਕੱਲ ਹੋਣੀ ਹੋਵੇ ਯਾ ਘੰਟੇ ਨੂੰ ਹੀ ਵਾਪਰਣੀ ਹੋਵੇ ਓਸਦੇ ਨਿਸ਼ਾਨ ਅੱਜ ਹੀ ਯਾ ਘੰਟਾ ਪਹਿਲੇ ਭਾਸਨ ਲਗ ਪੈਂਦੇ ਹਨ, ਹਨੇਰਾ-

Digitized by Panjab Digital Library | www.panjabdigilib.org

†ਚਰਨ ਪਾਹੁਲੀਆ ਪੁਤ੍ਰੀ ਦੇ ਖੰਡੇ ਕੇ ਪਾਹੁਲੀਏ ਕੋ, ਖੰਡੇ ਕਾ ਪਾਹੁਲੀਆ ਚਰਨ ਪਾਹੁਲੀਏ ਕੋ ਪੁਤ੍ਰੀ ਨਾਂ ਦੇਵੈ, ਕਰਜ ਨਾ ਲੇਵੈ, ਜੇ ਲੇਵੈ ਤਾਂ ਦੇ ਦੇਵੈ, ਝੂਠ ਦਾ ਹਿਤ ਨਾਂ

---

ਸਮਾਨ ਫਲ ਕਿਸ ਪ੍ਰਕਾਰ ਨਿਰੂਪਣ ਕਰ ਸਕਦੇ-ਇਸਵਾਸਤੇ ਪ੍ਰਚਲਿਤ ਵਿਸ੍ਵਾਸ ਗੰਗਾ ਜਲ ਦੇ ਪਵਿਤ੍ਰ ਤਥਾ ਸ੍ਰੇਸ਼ਟਗਤੀ ਪ੍ਰਦਾਤੇ ਹੋਣ ਕਾਰਣ ਇਸ ਨੂੰ ਦ੍ਰਿਸ਼੍ਟਾਂਤਰੂਪ ਤੇ ਨਿਰੂਪਿਆ ਹੈ ਤੇ "ਗੁਰੂ ਗੋਬਿੰਦ ਨਾਮ। ਵਾਹਗੁਰੂ ਸਬਦ ਨੂੰ ਦਾਰਸ੍ਰਿਤ ਰੂਪ ਰਖਿਆਹੈ–ਇਤ੍ਰੇ ਅਰਥ ਇਸਤਰਾਂ ਬਨਦੇ ਹਨ ਕਿ 'ਵਾਹਗੁਰੂ ਨਾਮ ਰੂਪੀ ਗੰਗਾ ਜਲ ਪਾਨ ਕਰਣ (ਸਮਰਣ) ਕਰਣ ਕਰਕੇ ਐਸੀ ਗਤੀ ਨੂੰ ਪ੍ਰਾਪਤ (ਸਿਮਰਣ ਹਾਰਾ) ਹੁੰਦਾ ਹੈ ਕਿ ਮੁੜ ਮਾਤਾ ਦੀ ਜੂਨ ਵਿਚ ਔਣ ਲਈ ਕਿਸੇ ਪ੍ਰਕਾਰ ਭੀ ਨਹੀ ਭਟਕ ਸਕਦਾ–ਅਰਥਾਤ ਸਦਾ ਲਈ ਜਨਮ ਮਰਣ ਤੋਂ ਰਹਤ ਹੋਜਾਂਦਾ ਹੈ॥ ਇਹ ਖਿਚੋਤਾਣ ਨਾਲ ਅਰਥ ਨਹੀਂ ਸਮਝਨੇ ਬਲਕਿ ਸਤਗ੍ਯਤਾ ਤੇ ਨਿਰਪਖੱਤਾ ਉਪਰ ਨਿਰਭਰ। ਅਧਿਕ ਗੁੰਜੈਸ਼ ਨਾਂ ਹੋਣ ਕਰਕੇ ਸੰਖੇਪ ਵਿਚ ਵਰਣਨ ਕੀਤਾ ਹੈ॥

†ਚਰਨ ਪਹੁਲੀਆਂ ਭੀ ਗੁਰ ਸਿਖ ਹੋ ਸਕਦਾ ਹੈ ਕਿੰਤੂ ਖੰਡੇ ਅੰਮ੍ਰਿਤਧਾਰੀ ਤੋਂ ਦਰਜਾ ਹੇਠ ਜਰੂਰ॥

Digitized by Panjab Digital Library | www.panjabdigilib.org

ਕਰੈ ਜੂਠਾ ਨਾਂ ਖਾਵੈ, ਭੋਜਨ ਵੰਡ ਖਾਵੈ। ਨੰਗੇ ਕੋ ਬਸਤ੍ਰ ਦੇਵੈ ਨੰਗੀ ਇਸਤ੍ਰੀ ਨ ਦੇਖੈ ਖੋਤੇ ਆਦ ਨਾਂ ਛੁਹੇ ਨੀਚ ਜਾਤ ਤੇ ਦੂਰ ਰਹੇ, ਕੁਠਾ ਅਰ ਸੂਰ ਪਾਲਿਆ ਨਾਂ ਖਾਵੈ, ਮਦ ਨਾਂ ਪੀਵੈ, ਘ੍ਰਿਤ ਪੀਛੈ ਜਲ ਨਾਂ ਪੀਵੈ, ਮਲ ਤਜਾਗੈ ਮ੍ਰਿਤ ਕਾ ਜਲ ਸੌਂ ਸੋਚ ਕਰੇ। ਪ੍ਰਸ਼ਾਦ ਵੰਡ ਖਾਵੇ, ਸੁਰਮਾ ਦਿਨੇ ਨ ਪਾਵੈ, ਨੰਗਾ ਰਾਤੀ ਨਾਂ ਸਵੇਂ, ਗੁਰ ਸਿਖਾ ਕਾ ਭੋਜਨ ਖਾਵੇ, ਕੰਨਿਆ ਸਿਖ ਨੂੰ ਦੇਵੇ, ਗੁਰਮੰਤ੍ਰ ਜਪ ਪੜੈ। ਪੂਜਾ ਕਾ ਨਾ ਖਾਵੇ। ਕੜਾਹ ਭੀ ਤੁਛ ਖਾਵੈ। ਪ੍ਰਸ਼ਾਦ ਏਕ ਜੈਸਾ ਨਾਂ ਵਰਤਾਵੇ ਜਮ ਕਾ ਕੰਕਰ ਹੋਯ। ਆਧਾ ਨਾਮ ਸਿਖ ਕਾ ਲੇ ਸੋ ਤਨਖਾਹੀ। ਜਿਸ

Digitized by Panjab Digital Library | www.panjabdigilib.org

ਜਲ ਮਹਿ ਹਾਥ ਪਾਯਾ ਸੋ ਨਾਂ ਪੀਵੇ। ਅਨੰਦ ਪੜੇ ਬਿਨਾਂ ਵਿਵਾਹ ਬਿਨਾਂ ਭੋਗੇ ਇਸਤ੍ਰੀ ਸੋ ਸਿਖ ਨਾਹੀ। ਸਾਂਝ ਪ੍ਰਾਤ ਨ ਭੋਗ ਸੇਵੈ। ਪ੍ਰਾਤ ਸਾਂਝ ਸੋਵੈ ਭੀ ਨਾਹੀਂ। ਖੁਲੇ ਕੇਸੀ ਔਰ ਜੂੜੇ ਕਰ ਭੋਜਨ ਨਾਂ ਕਰੈ। ਦੋਯ ਗੋਤ੍ਰ ਕੰਨਯਾ ਕੋ ਤਜੈ ਨਾਨਕ ਦਾਦਕ। ਮੂਏ ਸਿਖ ਕੋ ਰੋਵੈ ਨਾਹੀ, ਅਨੰਦ ਪੜ ਕੜਾਹ ਵਰਤਾਵੈ *ਬੇਦ ਰੀਤ ਨਾਂ ਕਰੈ। ਗੁਰ ਕੀ ਰੀਤ ਕਰੈ। ਜੋ ਸਿਖ ਪੁਤ੍ਰ ਬਾਂਧਵ ਕੋ ਅੰਮ੍ਰਿਤ ਨਾਂ ਛਕਾਵੈ ਸੋ ਮਰ ਪ੍ਰੇਤ ਹੋਵੈ। ਪਾਰਸੀ ਪੜੇ ਤੁਰਕ ਮਿਤ੍ਰ ਕਰੇ, ਮਿਰਤ, ਵਿਵਾਹ ਮੈ, ਸੁਤ ਜਨਮੁ ਮਰਨ ਮੈ, ਜੋ ਤਨਖਾਹਿ

---

*ਸਨਾਤਨੀ ਸਿੱਖ ਜੇਹੜੇ ਹਨ ਇਨਾਂ ਅਖਰਾ ਨੂੰ ਚੇਤੇ ਰਖਣ॥ ਅਤੇ ਗੁਰ ਰੀਤੀ ਅਗੇ ਲਈ ਕਰਨ ਦਾ ਪ੍ਰਨ ਕਰਣ।

Digitized by Panjab Digital Library | www.panjabdigilib.org

ਨ ਬਖਸਾਵੈ ਸੋ ਨਰਕ ਪਾਵੇ। ਸਿਲਾ ਔਰ ਬਰਣ, ਆਸਰਮ ਕੌ ਨ ਪੂਜੈ। ਸੰਕਰਾਦ ਰਾਮਾਨੁਜ, ਗੋਰਖ ਮਹੰਮਦ ਇਨਕੌ ਪੂਜੈ ਘੋਰ ਨਰਕ ਮੈ ਪੜੈ। ਜੇ ਮੁਕਤਸਰ ਨਾਵੇ ਤੌ ਮੁਕਤ ਹੋਯ। *ਬਾਣੀ ਸੁਧ ਪੜੈ ਅਠੀ ਦਿਨੀ ਬਾਣੀ ਸੋਧ ਲੇਯ। ਮੁਸ਼ਲਮਾਨ ਮਤਰੇਈ ਮਖੀ ਮਨ ਇਨਕਾ ਵਿਸ੍ਵਾਸ ਨ ਕਰੈ। ਸਿਖੀ ਭੀ ਪੰਜ ਤਰਾਂ ਦੀ ਹੈ ਇਕ ਧੰਦੇ ਦੀ ਜੋ ਲੋਕ ਨਿਗੁਰਾ ਨਾਂ ਕਹੈ; ਦੂਸਰੀ

---

*ਸੁਧ ਬਾਣੀ ਪੜਨੀ ਔਖੀ ਜਾਨਕੇ ਅਸੁਧ ਪੜਨੋਂ ਪਰੇ ਰਹਿੰਦੇ ਹਨ-ਓਹ ਭੁਲੇਖੇ ਵਿਚ ਹਨ। ਬਾਣੀ ਜਰੂਰ ਪੜੇ-ਨਿਤਨੇਮ ਪਾਲੇ ਚਾਹੇ ਅਸੁਧ ਹੀ ਹੋਵੇ ਅਸੁਧ ਪੜ੍ਹਦਿਆਂ ਹੀ ਸੁਧ ਹੋਣੀਹੈ। ਤੋਤਲੀਆਂ ਬੋਲੀਆਂ ਮਾਪਿਆਂ ਨਾਲ ਬੋਲਦੇ ੨ ਹੀ ਸੁਬਚਨ ਬੋਲਨਹਾਰੇ ਪੰਡਿਤ ਬਨ ਜਾਈਦਾ ਹੈ॥

Digitized by Panjab Digital Library | www.panjabdigilib.org

ਦੇਖਾ ਦੇਖੀ ਜੋ ਪਦਾਰਥ ਬਹੁਤ ਹੋਣ ਵਾਸਤੇ, ਤੀਸਰੀ ਹਿਰਸੀ, ਬਹੁਤੇ ਜੋ ਕਰਨ ਸੋ ਕਰਨਾ, ਰਹਨ ਨ ਮੇਲ, ਪਾਹਨ ਭੇਦ ਨ ਜਾਨਣਾਂ, ਪੰਜਵੀਂ ਸਿਦਕ ਦੀ ਭਾਵ ਦੀ ਗੁਰੂ ਪੂਰਣ ਥੀਂ ਪੂਰਣ ਜਾਨਣਾਂ ਆਸ ਬਾਣੀ ਭਜਨ ਕਰਣਾਂ ਰਿਦੇ ਸੁਧ ਰਖਣਾਂ ॥

ਇਤਿਸ੍ਰੀ ਸੁਧਰਮ ਮਾਰਗ ਗ੍ਰੰਥੇ
ਧਰਮ ਬਹੁ ਬਿਧ ਪ੍ਰਤਪਾਦਨ
ਦੁਆਦਸ ਧਿਆਇ ॥ ੧੨ ॥

—:o:—

ਦਯਾ ਸਿੰਘੋਵਾਚ। ਸਤਿਗੁਰ ਅਕਾਲੀ ਕਉਨ ਹੈ ਯਹਿ ਸੰਸਾ ਮਨ ਮਾਹਿ। ਕਿਰਪਾ ਕਰਕੈ ਉਤਰ ਕਹੋ ਜਾਕਰ ਸੰਸਾ ਨਸਾਹਿ ॥

ਦੋਹਰਾ। ਗੁਰੋਵਾਕ। ਸੋਊ ਅਕਾਲੀ

Digitized by Panjab Digital Library | www.panjabdigilib.org

ਰੂਪ ਹੈ ਨੀਲ ਬਸਤ੍ਰ ਪਹਿਰਾਯ । ਜਪੈ ਜਾਪ ਗੁਰ ਬਰ ਅਕਾਲ ਸਰਬ ਲੋਹ ਪਹਰਾਯ ॥ ੧॥ ਮਾਲਾ ਕੰਕਨ ਸਰਬ ਲੋਹ ਚੱਕ੍ਰ ਕਰਦ ਛਲਾਦਿ। ਬੀਧੈ ਕਾਨ ਨ ਨਾਕ ਕੋ ਸਤਿਗੁਰ ਕਹ ਮ੍ਰਿਜਾਦਿ ॥੨॥ ਪੰਚ ਸਸਤ੍ਰ ਧਾਰੇ ਦੇਹ ਕ੍ਰਿਪਾਨ ਗਾਤ੍ਰ ਰਾਖ। ਕਰਦ ਭੇਦ ਬਿਨ ਪਾਨ ਨਹ *ਅਕਾਲ ਭਾਵ ਸਤ ਭਾਖ ॥ ੩ ॥ ਸੁਰਮਾਦਿਕ ਸਿੰਗਾਰ †ਪਰ ਤ੍ਰਿਯਾ ਤੁਰਕਨੀ ਸੰਗ। ਜਥਾ ਰਥ ‡ਇਸਤ੍ਰੀ ਕਾ ਤਿਆਗ ਗੁਰ ਕੋ ਧਯਾਂਨ

---

* ਸਤਿ ਸ੍ਰੀ ਅਕਾਲ ਉਚਾਰਨ ਕਰੈ ॥

† ਪਰੇ ਰਹੈ ।

‡ ਜੈਸੇ ਤੁਰਕਨੀ ਤਥਾ ਪਰ ਇਸਤ੍ਰੀ ਤੈਸੇ ਹੀ ਅਪਨੀ ਕਾ ਪ੍ਰੇਮ ਭੀ ਤਿਆਗੇ ਕਯੋਂਕਿ ਇਸਤ੍ਰੀ ਪ੍ਰੇਮ ਮੇਂ ਗੁਰੂ ਪ੍ਰੇਮ ਸਿਥਲ ਹ ਜਾਂਦਾ ਹੈ ॥

Digitized by Panjab Digital Library | www.panjabdigilib.org

ਅਭੰਗ ॥ ੪ ॥ ਪਾਤ੍ਰ ਸਰਬ ਸੁ ਲੋਹ ਕੇ ਭੁਗਤੈ ਅਸਨ ਸੁਆਦ ॥ ਲਕੜੀ ਭੋਜਨ ਸਿਧ ਭਖ ਨੀਲ ਬਸਤ੍ਰ ਮ੍ਰਿਜਾਦ ॥ ੫ ॥ ਕਾਛ ਸ੍ਵੇਤ ਐ ਨੀਲ ਪਟ ਮੁਖ ਜਪ ਜਾਪ ਅਪਾਰ। ਸ੍ਰੀ ਅਕਾਲ ਉਸਤਤ ਪਠੈ ਚੰਡੀ ਕੰਠ ਸੁਧਾਰ ॥ ੭ ॥ ਰੋਮ ਸਰਬ ਤਨ ਮੈਂ ਧਰੈ ਕ੍ਰਿਆ ਪਿੰਡ ਕਰਮ ਤਿਆਗ। ਗੁਰੂ ਗ੍ਰੰਥ ਮੈਂ ਪ੍ਰੀਤ ਕਰ ਪੰਚ ਜਨਾਂ ਤੇ ਭਾਗ। ॥ ੮ ॥ ਗੁਰ ਨਿੰਦਕ ਪਰਹਾਰ ਕ੍ਰਿਤ ਤੁਰਕ ਸਥਾਨ ਨ ਜਾਇ। ਮੜੀ ਗੋਰ ਦੇਵਲ ਤਜੈ ਔਰ ਨ ਪੰਥ ਪੁਜਾਇ ॥ ੯ ॥ ਕਰੇ ਕੇਸ ਕੋ *ਕਲਪ ਨਹ ਕਾਮ ਕ੍ਰੋਧ ਦੇ

---

*ਕਾਲਾ ਰੰਗ = ਕਲਫ ਲੌਣਾ ॥

ਤਿਆਗ । ਯੁਧ ਕਰੈ ਤਾਂਸੋ ਰਾਰ ਦੀਨ ਪ੍ਰਤਿਪਾਲਾ ਲਾਗ ॥ ੧੦ ॥ ਕਾਛ ਅਢਾਈ ਗਜ ਮਾਨ ਸਾਫਾ ਭੀ ਤੁਲ ਤਾਸ ॥ ਤੀਨ ਕਾਲ ਤ੍ਰੈ ਨਾਮ ਜਪ ਜਨਮ ਮਰਣ ਕਟ ਪਾਸ ॥ ੧੧ ॥ ਕਰਮ ਜਨਮ ਮ੍ਰਿਤ ਆਦ ਕੇ ਵਿਵਾਹ ਸੁ ਅੰਮ੍ਰਿਤ ਪਾਨ । ਕਰਮ ਸਰਬ ਏ ਸਿੰਘ ਕੈ ਕਰੈ ਅਕਾਲੀ ਮਾਨ ॥ ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ ਵਿਧ ਅਕਾਲੀ ਓਪਦੇਸ਼ ਧਰਮ ਪ੍ਰਤਪਾਦਨੋ ਨਾਮ ਤ੍ਰਿਦਸੋ ਧਿਆਇ ॥ ੧੩ ॥

ਦੋਹਰਾ॥ਉਚਾ ਬੁੰਗਾ ਜੋ ਸਜੈ ਨਾਮ ਨਿਹੰਗ ਸੁ ਜਾਨ । ਕਰਮ ਅਕਾਲੀ ਸਮ ਕਹੈ ਸੁਨੋ ਸਿਖ ਧਰ ਧਿਆਨ ॥ ੧ ॥ ਨਿਹੰਗ ਹੰਕਾਰ ਤੇ ਰਹਤ ਹੈ ਧਰਮ ਵਿਖੇ ਨਿਸਚਾਯ ।

Digitized by Panjab Digital Library | www.panjabdigilib.org

ਸਸਤ੍ਰ ਧਰੇ ਤਨ ਮੈਂ ਸਰਬ ਚੱਕ੍ਰ ਸੀਸ ਧਰਾਯ ॥ ੨ ॥ ਬਿਨਾਂ ਮਜਾਨ ਤੇਗਾ ਹਾਥ ਰਾਖੇ ਨਿਸਦਿਨ ਹੇਤ । ਭੈ ਸਤਰੂ ਕਾ ਨਹ ਕਰੇ ਮਰਣ ਜਨਮ ਨਹ ਚੇਤਿ ॥ ੩ ॥ ਕ੍ਰਿਪਾਨ ਹਾਥ ਮੈਂ ਰਾਖਕੈ ਖੁੰਗਾ ਊਚਾ ਧਾਰ । ਧਰੈ ਸੁ ਕਲਗੀ ਪੰਥ ਸਿਰ ਸਤਿਗੁਰ ਹੋਯ ਦਤਾਰ ॥ ੪ ॥ ਲੋਹ ਪਾਤ੍ਰ ਪੀਤਲ ਕਾਸਰ ਧਾ ਮੇਂ ਅਸਨ ਪਾਨਾਦਿ । ਨੀਲ ਪੀਤ ਧਾਰੇ ਬਸਨ ਭੂਖਨ ਲੋਹ ਮਾਲਾਦਿ ॥ ੫ ॥ ਧਰੈ ਨਿਸਾਨ ਨਿਗਾਰਾ ਦੀ ਜਪੈ ਜਾਪ ਗੁਰਦੇਵ । ਤੀਨ ਕਾਲ ਤ੍ਰੈ ਧਰਮ ਜਪ ਸਰਣਿ ਸਤਿਗੁਰੂ ਲੇਵ ॥ ੬ ॥ ਸਬਦ ਭੇਟਾ ਕੇ ਅੰਤ ਮੈਂ ਸੀਸ ਨਿਵਾਵੈ ਜੌਨ । ਕਿਰਪਾ ਹੋਇ ਅਕਾਲ ਕੀ ਮਿਲੈ ਪਰਮ ਪਦ ਭੌਨ ॥ ੭ ॥ ਜੋ ਬਾਟੈ ਪਰਸਾਦ

Digitized by Panjab Digital Library | www.panjabdigilib.org

ਕੋ ਮਨ ਮੈਂ ਲੋਭ ਜੁ ਧਾਰ। ਕਿਸ ਥੋੜਾ ਕਿਸਹੂੰ ਬਹੁਤ ਸਦਾ ਦ੍ਰਿਦਰੀ ਭਾਰ ॥੮॥ ਕਰੈ ਕੜਾਹ ਤ੍ਰਿਭਾਵ ਕੌ ਵਿਧਵਤ ਸੁਧ ਬਨਾਯ। ਜਪੈ ਵਾਹ-ਗੁਰੂ ਮੰਤ੍ਰ ਕੌ ਕੀਰਤਨ ਕਰ ਸੁਖ ਪਾਯ॥ ੯ ॥ ਮੁਹਰ ਤੁਰਕ ਕੀ ਪਾਰਸੀ ਧਰੈ ਜੀਸ ਸਿਖ ਹੋਯ। *ਲੋਹਾ ਚਰਣ ਲਗਾਵਈ ਜਨਮ ਮਰਨ ਬਹੁ ਹੋਯ ॥ ੧੦ ॥ ਲਹੈ ਦੀਵਾਨ ਨ ਜਾਵਈ ਰਹਤ ਬਿਨਾਂ ਪਰਸਾਦ ।, ਜੋ ਵਰ-ਤਾਵੈ ਸਿਖ ਸੁਨ ਤਿਹ ਨਾਮ ਕਰੈ ਬਿਖਾਦ ॥ †ਪੁਤ੍ਰੀ ਭੁਗਨੀ ਮਾਤ ਕਾ ਸਤ੍ਰਸੰਗਤ ਜੋ

---

*ਜਿਸ ਪਦਾਰਥ ਤੋਂ ਰਖਿਆ ਹੁੰਦੀ ਹੋਵੇ ਓਸ ਦਾ ਨਿਰਾਦਰ ਕਰਣਾਂ ਉਲਟੇ ਨਿਰਾਦਰ ਦਾ ਹੀ ਹੇਤੂ ਹੁੰਦਾ ਹੈ ॥

†ਇਸਤ੍ਰੀਆਂ ਨੂੰ ਸਤਸੰਗ ਵਿਚ ਔਣ ਦੀ ਆਗਿਆ ਹੈ ਪਰ ਸਤਸੰਗ ਦੇ ਅਧਿਸ਼੍ਟਾਤਾ ਤਥਾ ਸਤਸੰਗੀਆਂ ਨੂੰ ਉਨਾਂ ਵੱਲ ਸਦਾ ਸੁਭ ਭਾਵ ਧਾਰੇ ਰੱਖਣ ਦੀ ਸਖਤ ਤਾਕੀਦ ਹੈ॥

Digitized by Panjab Digital Library | www.panjabdigilib.org

ਆਇ । ਦ੍ਰਿਸ਼ਟ ਬੁਰੀ ਦੇਖੇ ਪੁਰਖ ਘੋਰ ਨਰਕ ਮਹਿ ਜਾਇ॥੧੧॥ਅਤਿ ਪ੍ਰਸੰਨ ਸਿਖ ਰਿਤ ਰਹੈ ਅਤਿ ਕਠੋਰ ਕ੍ਰਿਤ ਨਾਹ। ਕੰਨਯਾ ਕਾ ਸਿਖ ਦਰਬ ਲੈ ਘੋਰ ਨਰਕ ਮੈਂ ਜਾਹ ॥ ੧੨ ॥ ਭਗਨੀ ਕਾ ਧਨ ਸੁਤਾ ਕਾ ਲੈ ਜਮ ਕਿੰਕਰ ਹੋਇ। ਬਿਨਾ *ਸਿੰਧ ਲੋਹੇ ਫਿਰਹ ਅਪਨਾ ਧਰਮ ਸੁ ਖੋਇ॥ ੧੩ ॥ ਤੁਰਕ ਦੇਖ ਸਿਰ ਕਰ ਧਰਹ ਗੋਰ ਦੇਖ ਨਿਵ ਜਾਇ। ਮੜ੍ਹੀ ਮਸਾਣ ਪਖਾਣ ਕੋ ਪੂਜੈ ਜਨਮ ਗਵਾਇ ॥ ੧੪ ॥ †ਤਿਥੀ

*ਇਹ ਆਗਯਾ ਭੀ ਖਾਸ ਤੌਰ ਤੋਂ ਹੀ ਸਮਰਣ ਲੈਕ ਹੈ ॥

†ਸ੍ਰਾਧ ਖਜਾਹ ਦੇ ਖਿਆਲ ਨਾਲ ਐਸਾ ਕਰਣ ਦੀ ਆਗਯਾ ਨਹੀਂ ਬਲਕਿ ਓਸ ਸਿੱਖ ਦੀ ਗੁਰਪੁਰੀ ਸਿਧਾਰਣ ਦੇ ਮੁਬਾਰਕ ਦਿਨ ਦੀ ਯਾਦ ਵਾਸਤੇ ਐਸਾ ਕਰਨਾ ਪ੍ਰਵਾਨ ਹੈ। ਤਾਂ ਹੀ ਨਾਲ ਮੂਰਤ ਦੀ ਪੂਜਾ ਨਿਖੇਧ ਦਿਤੀ ਹੈ ॥

Digitized by Panjab Digital Library | www.panjabdigilib.org

ਸਿਖ ਕੀ ਸਿਖ ਭੁਗਤਿ ਪਟ ਭੂਖਣ ਦੈ ਪਹਰਾਯ। ਦੀਏ ਅੰਨ ਸਾ ਮੂੜ੍ਹ ਕੋ ਘੋਰ ਨਰਕ ਲੈ ਜਾਯ॥ ੧੫ ॥ †ਕੋਟ ਸੁ ਰੰਗਾ ਤੁੱਲ ਹੈ ਸ੍ਰੀ ਅੰਮ੍ਰਿਤਸਰ ਨ੍ਹਾਯ। ਸੀਤਲ ਜਲ ਸੁਖ ਦਾਇਨੀ ਪੜ੍ਹੈ ਮੰਤ੍ਰ ਗੁਰ ਭਾਯ ॥ ੧੬ ॥ ਨੀਤ ਭੂਪ ਕੋ ਵਰਨੀਐ ਸਾਮ ਦਾਮ ਦੰਡ ਭੇਦ। ਐਸੇ ਜੇਕਰ ਵਰਤ ਹੈ ਤਾਹ ਨ ਉਪਜੈ ਖੇਦ॥ ੧੭ ॥ ਜੈਸਾ ਦੇਖੇ ਦੋਖ ਕੋ ਤੈਸਾ ਦੰਡ ਸੁ ਦੇਇ। ਸਾਧੂ ਜਨ ਸੋਂ ਹਿਤ ਕਰਤ ਤਸਕਰ ਕੋ ਭੈ ਦੇਯ॥੧੮ ॥ਤੁਰਕ ਦਿਵਾਨ ਨ ਕੀਜੀਐ ਨਹ ਕੀਜੈ ਸਿਰਦਾਰ। ਕਾਮ ਨ ਕੋਊ ਸੌਪੀਐ ਦੇਯ

---

†ਪੰਨਾ ੧੬੪ ਵਾਲਾ ਦੂਜਾ ਨੋਟ ਦੇਖੋ॥

Digitized by Panjab Digital Library | www.panjabdigilib.org

ਤ ਹੋਇ ਖੁਆਰ ॥ ੧੯ ॥ *ਮਜ਼ਬੀ ਕੋ
ਗੁਰ ਬਖਸ ਮੈਂ ਰਹੈ ਸੁਧਰਮ ਪ੍ਰਕਾਰ । ਜੋ
ਸਨਮੁਖ ਗੁਰ ਕੈ ਰਹੈ ਈਹਾਂ ਊਹਾਂ ਜੈਕਾਰ
॥ ੨੦ ॥ ਮੁਖ ਤੇ ਕਹੈ ਸਿੰਘਾਂ ਚਰਨ ਧੋਵੋ
ਧੋਵਹ ਨਾਹਿ । ਸੋ ਸਾਤਕ ਨਰਕੈ ਪਰੈ ਮਰ
ਮਰ ਜਨਮੈ ਜਾਹਿ ॥ ਬਸਤਰ ਭੂਖਨ
ਪਹਰਨ ਲਗੈ ਸਿਖ ਗੁਰ ਚਰਣ ਛੁਵਾਯ।
ਗੁਰੂ ਰੀਝ ਕੇ ਚਰਣ ਛੁਵ ਸਭੀ ਵਸਤੁ
ਸੁਖਦਾਯ ॥ ੨੩ ॥ ਸ੍ਰੀ ਅਕਾਲ ਜਪ
ਮੁਕਤ ਹੈ ਸਤਿਨਾਮ ਉਪਦੇਸ਼ । ਚਰਣ
ਸਰਣ ਗੁਰ ਸਿਖ ਭਜ ਤਿਹ ਸਭ ਹਰੈ

---

*ਗੁਰਸਿਖੀ ਧਰਮ ਵਿਚ ਪੂਰਨ ਰੀਤੀ ਨਾਲ ਰੈਹਣ ਵਾਲੇ ਮਜ਼ਬੀ ਨੂੰ ਸਨਮੁਖਤਾ ਬਖਸ਼ੀ ਹੈ ॥

Digitized by Panjab Digital Library | www.panjabdigilib.org

ਕਲੇਸ ॥ ੨੪ ॥ ਗੁਰੂ ਰੀਬ ਜੀ ਥਾਨ ਸਰ ਨਵੇਂ ਬਨਾਵੈ ਜੋਯ। ਲਹੈ ਸ੍ਵਰਗ ਮੈਂ ਗ੍ਰੇਹ ਵਹੁ ਸੁੰਦਰ ਸੁਭਗ ਜੁ ਹੋਯ ॥ ੨੫ ॥ ਚੁਗਲੀ ਕਰ ਪਰ ਕਾਜ ਕੋ ਬਿਗਾਰੈ ਧ੍ਰਿਗ ਜਨਮਾਇ । ਬਚਨ ਨ ਪਾਲੈ ਆਪਕਾ ਦਰਗਹ ਮਿਲੈ ਸਜਾਇ ॥ ੨੬ ॥ ਭਖੇ ਤੁਰਕ ਤੇ ਮਾਸ ਲੇ ਜਨਮ ਅਕਾਰਥ ਖੋਯ। *ਬਿਨ ਗੁਰ ਬਚਨ ਜੋ ਗਾਵਹੀ ਗੀਤ ਮੁਕਤਿ ਨਹਿ ਹੋਯ॥ ੨੭ ॥ ਵੇਸ੍ਵਾ ਗਾਇਨ ਪ੍ਰੀਤ ਕਰ ਸੁਨੈ ਸੁ ਜਮਪੁਰ ਜਾਯ। ਚਲੈ ਕਾਮ ਅਰਦਾਸ ਬਿਨ ਸਿਧ ਨ ਕੋਈ

---

*ਜਦੋਂ ਭੀ ਗਾਇਨ ਕਰਣ ਨੂੰ ਜੀ ਕਰੇ ਯਾ ਔਸਰ ਬਣੇ ਗੁਰ ਸ਼ਬਦ ਹੀ ਗਾਵੇ । ਬੀਬੀਆਂ ਭੁਜੰਗਣਾਂ ਖਾਸ ਤੌਰ ਤੇ ਇਹ ਗੱਲ ਚੇਤੇ ਰੱਖਣ ॥

Digitized by Panjab Digital Library | www.panjabdigilib.org

ਬਾਯ ॥ ੨੮ ॥ ਭੇਦ ਕਰਦ ਬਿਨ ਨਹ ਭਖੈ *ਤ੍ਯਾਗੀ ਨਹ ਗ੍ਰਹਨਾਯ। ਬਿਨ ਸ੍ਵੈ ਤ੍ਰੀਯ ਨਹ ਸੇਜ ਰਮ, ਤਿਸ ਸਦ ਧਰਮ ਸਹਾਯ ॥ ੨੯ ॥ ਅਤਿਥ ਦੇਖਿ ਦੇਵੈ ਦਾਨ ਦਰਗਹ ਹ੍ਵੈ ਤਿਹ ਮਾਨ। ਕਥਾ ਕੀਰਤਨ ਮਨ ਧਰੇ ਈਹਾਂ ਊਹਾਂ ਕਲ੍ਯਾਨ ॥ ੩੦ ॥ ਪਰਤ੍ਰਿਯ ਸੋ ਜੋ ਨੇਹ ਕ੍ਰਿਤ ਮਹਾਂ ਪਤਿਤ ਸੋ ਜਾਨ। ਈਹਾ ਭੰਡ ਨ੍ਰਿਪ ਅਪਜਸੀ ਮ੍ਰਿਤੁ ਹ੍ਵੈ ਨਰਕ ਪਯਾਨ ॥ ੩੧ ॥ ਮੰਦ ਬਚਨ ਸਿਖ ਸਾਧਕੋ ਨਿੰਦਾ ਭੂਗਲਿ ਕਰਾਯ। ਪਰ ਧਨ ਜੂਐ ਸੋ ਹਰੈ

---

*ਤਜੀ ਵਸਤੂ ਅੰਗੀਕਾਰ ਨਹੀਂ ਕਰੇ ॥

Digitized by Panjab Digital Library | www.panjabdigilib.org

ਘੋਰ ਨਰਕ ਮਹਿ ਜਾਇ ॥ ੩੨ ॥ ਸੂਣਟੀ ਗੁਰ ਨਿੰਦਾ ਕਰੈ ਜੋ ਤਿਸ ਭੇਦ ਕ੍ਰਿਪਾਨ । ਨਹ ਸਕਤੀ ਤੌ ਭਾਜ ਪਰ ਜਾਨੈ ਗੁਰੂ ਸੁਜਾਨ ॥ ੩੩ ॥ ਫੂਕ ਨ ਬੁਝਾਈਐ ਦੀਪ ਕੋ ਗੁਰ ਸੋ ਕਪਟ ਨ ਕੀਨ । ਅਗਨਿ ਬੁਝਾਈ ਜੂਠ ਜਲ ਤੌ *ਸੁਖ ਜਗ ਮੈ ਲੀਨ ॥ ੩੪ ॥ ਵਾਹਗੁਰੂ ਮੁਖ ਬਿਨ ਕਹੇ ਭ੍ਰੋਗੈ †ਅਸਨ ਜੁ ਕੋਇ। ਭੂਤ ਸੰਗ ਤਿਹ ਅਚਵਤੇ ਮਨ ਸੰਤੁਸ੍ਟ ਨ ਹੋਇ ॥ ੩੫ ॥ ਵੈਸਾਖੀ ਕ੍ਰਿਤ ਸੁਧਾਸਰ ਦੀਪ ਮਾਲ ਭੀ ਤਾਂਹ।

---

*'ਸੁਖ' ਪਾਠ ਲਿਖਾਰੀ ਦੀ ਗਲਤੀ ਪ੍ਰਤੀਤ ਹੁੰਦੀ ਹੈ ਅਸਲ ਪਾਠ 'ਦੁਖ' ਹੋਣਾ ਚਾਹੀਏ ॥

†ਵਾਹਗੁਰੂ ਉਚਾਰਣ ਕੀਤੇ ਬਿਨਾਂ ਪ੍ਰਸਾਦ ਨ ਛਕੇ॥

Digitized by Panjab Digital Library | www.panjabdigilib.org

ਹੋਲਾ ਕਰੈ ਅਨੰਦ ਪੁਰ ਮੁਕਤਿ ਪਦਾਰਥ
ਪਾਂਹਿ ॥ ੩੬ ॥ ਜਾਧਾ ਅਬਿਚਲਾ ਨਗਰ
ਮੈਂ ਤੁਲ ਸਮੂਹ ਦੈ ਭਾਰ । ਔਰ ਸਰਬ
ਗੁਰਦੁਆਰ ਕੋ ਪਰਸੈ ਨਰਕ ਨ ਧਾਰ
॥ ੩੭ ॥ ਟਹਲ ਕਰੈ ਪ੍ਰਕਾਰ ਤ੍ਰੈ ਤਨ ਮਨ
ਧਨ ਕਰ ਜਾਨ । ਗੁਰ ਸਿੰਘਨ ਸੰਗਤਿ
ਭਜੈ ਇਤ ਉਤ ਹ੍ਵੈ ਕਲਿਆਨ ॥ ੩੮ ॥
ਮੂਠੀ ਚਾਪੀ ਪੰਥ ਕ੍ਰਿਤ ਚਰਨ ਪਖਾਰ
ਮਲਾਯ । ਨਮਸਕਾਰ ਗੁਰ ਸਿਖ ਚਰਣ
ਇਤ ਉਤ ਕਰ ਸੁਖ ਪਾਯ ॥ ੩੯ ॥
ਪ੍ਰਾਤਕਾਲ ਉਠਿ ਕੀਜੀਐ ਗੁਰ ਕੋ ਸਤਿ
ਪ੍ਰਨਾਮ । ਦਰਸਨ ਕਰ ਗੁਰੂ ਗ੍ਰੰਥ ਕੇ ਸੋਗ
ਰੋਗ ਸਭ ਖਾਮ ॥ ੪੦ ॥ ਭੂਪਨ ਕੌ
ਇਹ ਬਰਨੀਐ ਦੰਡ ਦੁਸ਼ਟ ਕੋ ਦੇਤ ।

Digitized by Panjab Digital Library | www.panjabdigilib.org

ਸਾਧਨ ਕੀ ਰੱਖਯਾ ਕਰੈ ਛਲ ਨਹੀਂ ਖਾਵੈ ਹੇਤ ॥ ੪੧ ॥ ਜੈਸੇ ਕੁਕ੍ਰਿਤ ਦੇਖ ਹੈ ਤੈਸਾ ਚਿੰਤ ਸੁ ਦੇਤ । ਕਰ ਨਯਾਜ ਨੀਤਕ ਧਰਮ ਜਰ ਪ੍ਰਲੋਕ ਰੱਖ ਹੇਤ ॥ ੪੨ ॥ ਰਖੇ ਆਪ ਚੈਤੰਨਤਾ ਸਭ ਮੈਂ ਦ੍ਰਿਸਟਿ ਸਮਾਨ । ਵਧਨ ਨ ਕਾਹੂੰ ਦੀਜੀਐ ਸਭ ਮਾਨੈ ਭੈਆਨ॥੪੩॥ਪਰ ਤ੍ਰਿਯਸੋਂ ਨੇਹਕ੍ਰਿਤ ਜੋ ਵੇਸਵਾ ਭੋਗ ਸੁਭਾਯ । *ਸ੍ਵੈ ਗੁਰ ਤਜ ਵਰ ਅਵਰ ਪੈ ਮਾਂਗੈ ਨਰਕ ਸੁਜਾਯ॥੪੪॥

---

*ਗੁਰੂ ਕਾ ਸਿੱਖ ਸ੍ਰੀ ਮ੍ਰਿਤਧਾਰੀ ਤੇ ਸਮਰਥ ਗੁਰੂ ਦਾ ਨਾਮ ਲੇਵਾ ਹੁੰਦਾ ਹੋਇਆ ਜਿਹੜਾ ਅਪਣੇ ਸਤਿਗੁਰਾਂ ਤੋਂ ਛੁਟ ਕਿਸੇ ਹੋਰਸ ਸਾਧ ਫਕੀਰ ਯਾ ਕਰਣੀ ਵਾਲੇ ਦੇ ਬੂਹੇ ਮੰਗਨ ਜਾਂਦਾ ਹੈ ਤੇ ਤਾਗਿਆਂ ਤਵੀਤਾਂ ਵਾਲਿਆਂ ਦੀ ਸਰਣ ਤਕਦਾ ਹੈ ਓਹ ਨਰਕ ਲਈ ਸਿਧਾ ਰਾਹ ਹੀ ਮਾਨੋ ਬਣੌਂਦਾ ਹੈ ॥

Digitized by Panjab Digital Library | www.panjabdigilib.org

ਕਟ ਨਾਂਗੇ ਨਿੰਦ੍ਰਾ ਭਜੈ ਨਗਨ ਭੇਹਾ ਜਲ ਨਾਥ। ਨਗਨ ਸੀਸ ਖਾਵੈ ਅਸਨ ਘਟ ਪ੍ਰਸ਼ਾਦ ਦੁਖ ਦਾਥ ॥ ੪੫ ॥ ਤੁਰਕਨ ਕੀ ਸੰਗਤਿ ਕਰੈ *ਬੀਜ ਤੁਰਕ ਕੌ ਜਾਨ। ਅਹ ਕੀ ਮਿਤ੍ਰਾਈ ਬੁਰੀ ਵਿਖ ਦੈ ਮਾਰ ਗਿਰਾਨ॥ ॥ ੪੬ ॥ †ਨਿੰਦਾ ਤਿਆਗੈ ਖਾਲਸਾ ਲੜੈ

---

*ਤੁਖਮ ਦੀ ਤਾਸੀਰ ਅਨੁਸਾਰ ਹੀ ਸੁਭਾਵ ਹੁੰਦਾ ਹੈ। ਇਸ ਅਸੂਲ ਮੂਜਬ ਜਿਸਦੀ ਰੁਚੀ ਸੁਭਾਵਕ ਹੀ ਐਸੇ ਮੇਲ ਨੂੰ ਪਸਿੰਦ ਕਰੇ ਤਾਂ ਇਸਤੋਂ ਨਿਸਚਾ ਹੁੰਦਾ ਹੈ ਕਿ ਓਹ ਤੁਰਕ ਵੱਲੇ ਖਿਚੀਂਦਾ ਹੈ ਤਾਂ ਉਸਦਾ ਅਸਲਾ ਤੁਰਕ ਹੈ। ਵਾਸਤਵ ਵਿਚ ਇਹ ਗੁਰੂ ਸਾਹਬ ਨੇ ਸੋਂਹ ਪਾਈ ਹੈ ਤੇ ਇਕ ਤਰਾਂ ਗਾਲ ਕੱਢੀ ਹੈ, ਸੋ ਅਣਖ ਵਾਲਿਆਂ ਹਿੰਦੂਆਂ ਤੇ ਸਿੱਖਾਂ ਨੂੰ ਤੁਰਕਾਂ ਦੀ ਮਿਤ੍ਰਤਾ ਕਦੀ ਸੁਪਨੇ ਵਿਚ ਭੀ ਨਹੀਂ ਕੀਤਾ ਲੋੜੀਏ, ਇਹ ਭਾਵ ਹੈ ॥

†ਮਤਲਬ ਇਹ ਕਿ ਕਿਸੇ ਨੂੰ ਭੀ ਬੁਰਾ ਕਹਣਾ ਭਲਾ ਨਹੀਂ ਬਲਕਿ ਬੁਰਾਈ ਦਾ ਬੀਜ ਹੀ ਮਿਟਾਨ ਲਈ ਅਮਲੀ ਮੈਦਾਨ ਵਿਚ ਉਤਰੇ ਰਹਣਾ ਖਾਲਸੇ ਦਾ ਧਰਮ ਹੈ ॥

Digitized by Panjab Digital Library | www.panjabdigilib.org

ਸੁ ਆਗੈ ਜਾਇ। ਚਿਤ ਉਦਾਰ ਹੈ ਦਾਨ ਮੈਂ ਮਾਰੈ ਤੁਰਕ ਸਿਧਾਇ ॥ ੪੭ ॥ ਪੰਦੈ ਮਾਰ ਪ੍ਰਧਾਨ ਹੈ ਕਰਮ ਸਕਲ ਦੈ ਜਾਰ। ਆਨ ਨ ਤਜਾਰੈ ਚਿਤ ਹੈ ਅਨਦਿਨ ਨਿੰਦਾ ਛਾਰ ॥ ੪੮ ॥ ਗੁਰ ਬਾਨੀ ਮਨ ਮਹ ਧਰਹ ਸਨਮੁਖ ਸਸਤ੍ਰ ਸੁ ਖਾਇ। ਦੌਰ ਪਰੈ ਰਣ ਮੈਂ ਧਾਇ ਪੀਠ ਨ ਦੇਤ ਦਿਖਾਇ ॥੪੯॥ ਨਿਰਧਨ ਕੀ ਪਾਲਨ ਕਰੈ ਤੁਰਕ ਦੁਸਟ ਕੌ ਘਾਇ। ਨਾਮ ਜਾਪ ਗੁਰ ਕੌ ਜਪੇ ਚੜ੍ਹੈ ਬਲੀ ਪਰ ਧਾਇ॥ ੫੦ ॥ ਜੋੜੈ ਚਿਤ ਗੁਰ ਸਬਦ ਸੋ ਬੰਧਨ ਸਰਬ ਤੁੜਾਇ। ਚੜ੍ਹ ਤੁਰੰਗ ਮਾਰੈ ਤੁਰਕ ਸਸਤ੍ਰ ਧਾਰ § ਪੰਚਾਇ

§ ਪੰਜੇ ਸਸਤ੍ਰ ਪਿਛੇ ਦੱਸੇ ਜਾ ਚੁਕੇ ਹਨ ॥

Digitized by Panjab Digital Library | www.panjabdigilib.org

॥ ੫੧ ॥ ਕਰੈ ਧਰਮ ਪ੍ਰਿਤ ਪਾਲਨਾ ਛਤ੍ਰ
ਸੀਸ ਦੈ ਨਾਰ । ਮਰੈ ਜੁਧ ਮੈਂ ਮੁਕਤ
ਹ੍ਵੈ ਸਾਖੀ ਆਪ ਅਕਾਲ ॥ ੫੨ ॥ ਭੁਗੈ
ਤੁਰਕ ਰਾਜੇ ਡਰੈਂ ਦੋਹੀ ਫਿਰੀ ਅਕਾਲ ।
ਨਿੰਦਾ ਕਰੈ ਨ ਕੋਈ ਜਨ ਧਰਮ ਰਖੈ
ਪ੍ਰਤਿਪਾਲ ॥ ੫੩ ॥ ਪ੍ਰਗਟ ਹੋਇ ਗੁਰੂ
ਖਾਲਸਾ ਚਤਰ ਵਰਣ ਮਮ ਰੂਪ । ਵਾਹਗੁਰੂ
ਅਕਾਲ ਕੋ ਜਪੈ ਜਾਪ ਹ੍ਵੈ ਭੂਪ ॥ ੫੪ ॥
ਰਾਜ ਤੇਜ ਪਰਗਟ ਕਰੂ ਚੜ ਤੁਰੰਗ ਲੇ
ਬਾਜ । ਤੁਰਕ ਦੇਖ ਭਾਜੈ ਦੂਰ ਉਠੈ ਸਿੰਘ
ਤਬ ਗਾਜ ॥ ੫੫ ॥ ਦੁਆਰ ਦੁਆਰ ਨੌਬਤ
ਬਜੈ ਝੂਲੈ ਹਸਤੀਬਾਰ । ਧਰਮ ਧਰੈ ਤੌ
ਜੈ ਹੁਵੈ ਨਹਿ ਤੇ ਹੋਇ ਖੁਆਰ ॥ ੫੬ ॥
ਰਹੈ ਸਿੰਘ ਹ੍ਵੈ ਧਰਮ ਮਹ ਕਰਮ ਕਰਹ

Digitized by Panjab Digital Library | www.panjabdigilib.org

ਗੁਰਬਾਨ । ਤਬੀ ਰਾਜ ਬਲਵਾਨ ਹ੍ਵੈ ਧਰਮ ਬਿਨਾਂ ਹੈ ਹਾਨ ॥ ੫੭ ॥ *ਸੰਤਨ ਕੀ ਸੇਵਾ ਕਰੈ ਬਾਣੀ ਭਜਨ ਬਿਹਾਰ । ਅਤਿਥ ਸਿਖ ਪੂਜੈ ਰੀਧ ਨਹਤੌ ਹੋਯ ਖੁਆਰ॥੫੮॥ ਰਹਤ ਰਹੈ ਮਮ ਸਿਖ ਜੋ ਸੋ ਮੇਰੋ ਭ੍ਰਪਾਯ। ਵਾਮੈ ਮੋਮੈ ਭੇਦ ਨਹ ਮਮ ਸਰੂਪ ਸੋ ਪਾਯ ॥ ੫੯ ॥ ਸਿਖਨ ਪੁਤ੍ਰੀ ਜਾਯ ਜੋ ਮੂੰਡਨ ਕੇ ਗ੍ਰਿਹ ਮਾਹਿ । ਭ੍ਰਰਤਾ ਕੌ ਉਪਦੇਸ਼ ਨਿਤ ਕਰੈ ਸਿਖ ਹ੍ਵੈ ਜਾਇ ॥ ੬੦ ॥ ਜਾਤ ਜਰਮ ਨਹ ਮਾਨੀਐ ਕਰਮ ਮਾਨੀਐ ਜਾਨ । ਕਰਮ ਲੋਕ ਮੈ ਸੋਭੁਤੇ ਨਰਕ ਸੂਰਗ ਭੋਗਾਨ

---

*ਨਿਰਮਲਿਆਂ ਦੇ ਬਾਰੇ ਵਿਖੇ ਕਹਿੰਦਿਆਂ ਪੰਦਰਵੇ ਅਧਯਾਯ ਦੇ ੩੧ ਦੋਹੇ ਵਿਚ ਸਾਧ ਤੇ ਸੰਤ ਦੇ ਲਛਨ ਦੱਸੇ ਹਨ ॥

Digitized by Panjab Digital Library | www.panjabdigilib.org

॥ ੬੧ ॥ ਪੜੈ ਸਿੰਘ ਜੋ ਪਾਰਸੀ ਜੈਨ ਗ੍ਰੇਹ ਚਿਤਕਾਯ । ਤੁਰਕਨ ਕੀ ਸੰਗਤ ਕਰੈ ਮਰ ਮਲੇਛ ਹ੍ਵੈ ਜਾਯ ॥ ੬੨ ॥ *ਸ਼੍ਰਿਸ ਖਾਤ ਸ੍ਰੀ ਗ੍ਰੰਥ ਜੀ ਔ ਸਤਿਗੁਰ ਕੀ ਜੌਨ ਸ੍ਰੀ ਅੰਮ੍ਰਿਤਸਰ ਜੀ ਸ਼੍ਰਿਸਕੌ ਕਰੈ ਨਰਕ ਪਰ ਤੌਨ ॥ ੬੩ ॥ ਅੰਮ੍ਰਿਤ ਵੇਲੇ ਪਾਠਕਰ ਕ੍ਰਿਤ ਸਨਾਨ †ਤਿਨ ਗਾਯ । ਲੋਕ ਵਿਖੇ ਪਰ ਲੋਕ ਮੈਂ ਸਤਿਗੁਰ ਹੋਯ ਸਹਾਯ॥ ੬੪॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਨਿਹੰਗ ਉਪਦੇਸ਼ ਸੁਧਰਮ ਪ੍ਰਤਪਾਦਨ
ਚਤੁਰਦਸੋ ਧਯਾਇ ॥ ੧੪ ॥

—:o:—

---

*ਸਹੁੰ

† ਮੁਖ ਧਰਮ ਸਿੱਖ ਦੇ ਤਿੰਨ ਕਹੇ ਹਨ:—ਅੰਮ੍ਰਿਤ ਵੇਲੇ ਦਾ ਉਠਨਾਂ, ਸਨਾਨ ਤੇ ਨਿਤ ਨੇਮ ਦਾ ਪਾਠ ਕਰਨਾ ॥

Digitized by Panjab Digital Library | www.panjabdigilib.org

ਦੁਯਾ ਸਿੱਘੋ ਵਾਚ । ਸ੍ਰੀ ਗੁਰੂ ਨਿਰਮਲੇ ਕੋ ਕੌਨ ਕਰਮ ਕਥੇ ਹੈ ॥

ਸ੍ਰੀ ਗੁਰੋ ਵਾਕ । ਦੋਹਰਾ । ਨਿਰਮਲ ਕਰਮ ਕਹੈ ਸਰਬ ਨਿਰਮਲ ਰਹਤ ਸਰੀਰ। ਨਿਰਮਲ ਮੈਂ ਜਿਸ*ਆਸਥਾ ਸੋਊ ਨਿਰਮਲਾ ਬੀਰ॥੧॥ † ਮਾਇਆ ਮਲ ਪਰਸੈ ਨਹੀ ਰਾਗ ਦੋਖ ਤੈ ਹੀਨ । ਅਤਿ ਵੈਰਾਗ ਚਿਤ ਮੈਂ ਧਰੈ ਗਯਾਨ ਮੋਖ ਮਨ ਲੀਨ ॥ ੨ ॥ ਤਜੈ ਵਿਖੈ ਮਨ ਬਚ ਕਰਮ ਸਾਧਨ ਗਹੈ ਸੁਰੀਤ ॥ ਤੋੜੈ ਬੰਧਨ ਮਾਯਕੈ ਵਿਚਰੈ ਮੁਕਤ ਜਿਤੀ ॥ ੩ ॥ ਰਹੈ ਜਗਤ ਤੇ ਉਪਰਤੀ ਮਾਇਆ

---

* ਭਾਵਨਾਂ ॥

† ਜੜ ਚੇਤਨ ਮਾਯਾ ਮਲ ਹਉਮੈ ਦਾ ਅਸਰ ਨਾਂ ਹੋਣ ਦੇਵੇ । ਅਥਵਾ ਪੈਸੇ ਇਸਤ੍ਰੀ ਨੂੰ ਨਾਂ ਸਪਰਸ਼ ਕਰੇ ॥

Digitized by Panjab Digital Library | www.panjabdigilib.org

ਸੰਗ ਤਿਆਗ। ਤ੍ਯਾਗੈ *ਤਰੁਨੀ ਦੇਖਕੈ ਧਨ ਕੈ ਹੇਤ ਨ ਲਾਗ ॥ ੪ ॥ ਅੰਮ੍ਰਿਤ ਪਿਵ ਅਮਰੀ ਹੋਵੈ ਸਦਾ ਸੁ ਗਜ ਕੀ ਕਾਛ। ਦੋ ਸਾਢੇ ਗਜ ਪਾਂਚ ਕੋ ਖਿੰਥਾ ਸੀਤ ਹਰਾਂਛ

---

* ਕੋਈ ਤੀਰਥ, ਧਰਮ ਅਸਥਾਨ ਸੰਤ ਦ੍ਵਾਰਾ ਯਾ ਗੁਰੂ ਦ੍ਵਾਰਾ ਆਦਿ ਐਸਾ ਨਹੀਂ ਜਿਥੇ ਮਾਈਆਂ ਬੀਬੀਆਂ ਭੁਜੰਗਣਾਂ ਦੀ ਪ੍ਰਪਾਟੀ ਨਹੀਂ ਹੋਵੇ। ਐਸਾ ਹੀ ਹਾਲ ਸਮੂਹ ਸਥਾਨਾ ਤੇ ਵਿਚਰਣ ਹਾਰ ਸਰਬਤ ਸੰਤਾਂ ਦਾ ਹੈ। ।ਇਸ ਸਮਯ ਕੋਈ ਵਿਰਲਾ ਹੀ ਐਸਾ ਮਹਾਤਮਾਂ ਬਲੀ ਚਾਹੇ ਨਿਕਲੇ ਜਿਸਦੀ ਸੰਗਤ ਵਿਚ ਏਹਨਾਂ ਦੀ ਪਹੁੰਚ ਨਹੀਂ। ਜਿਨ੍ਹਾਂ ਦੇ ਸਨਮੁਖ ਨਹੀਂ ਓਨਾਂ ਦੇ ਪਿਛੇ ਹੀ ਹੋ ਬੈਠਦੀਆਂ ਹਨ ਤੇ ਬਚਨ ਬਿਲਾਸ ਸੁਣ ਲੈਂਦੀਆਂ ਹਨ, ਦੂਜੇ ਮਤਾਂ ਵਾਲਿਆਂ ਦਾ ਹਾਲ ਅਸੀਂ ਕੀਹ ਦੱਸੀਏ ਅਪਣੇ ਘਰ ਦਿਆਂ ਨਿਰਮਲ ਮਹਾਪੁਰਖਾਂ ਵਿਚੋਂ ਇਸ ਵੇਲੇ ਐਡਾ ਤਿੱਖਾ ਵਿਰਕ੍ਤ ਗੁਰੂ ਸਾਹਿਬ ਦੀ ਕਸੌਟੀ ਉਪਰ ਕਸੀਨ ਵਾਲਾ ਸ਼ਾਯਦ ਕੋਈ ਹੋਵੇ ਪਰ ਐਡਾ ਉਘਾ ਨਹੀਂ। ਇਸ ਕਾਰਣ ਗੁਰਸਿੱਖਾਂ ਜੋ ਇਸੇ ਲੱਛਨ ਤੋਂ ਨਿਰਮਲਿਆਂ ਨੂੰ ਪਰਖਨ ਦੀ ਕੀਤੀ ਤਾਂ ਮਿਵਾਇ-

Digitized by Panjab Digital Library | www.panjabdigilib.org

॥ ੫ ॥ ਪਾਤਰ ਆਠ ਮੈਂ ਕੋ ਧਰੈ ਤੂੰਬਾ ਬਾਂਸ ਨਲੇਰ। ਪਾਥਰ ਮ੍ਰਿਤਕਾ ਕਾਸ਼੍ਟ ਕਾ, ਪਤਰ, ਸੁ ਕਰਕਾ ਹੋਰ॥ ੬ ॥ ਤੀਨ ਕਾਲ ਤ੍ਰੈ ਮੰਤ੍ਰ ਜਪ ਚਾਰਗੁਣਾਂ ਤਿਹ ਮਾਨ।

---

ਅਚਰਜਤਾ ਦੇ ਕੁਝ ਬਿਧ ਨਹੀਂ ਬਨਣੀ ਤਾਂਤੇ ਇਸ ਕਥਨ ਦਾ ਭਾਵ ਪ੍ਰਗਟ ਕਰਣਾ ਅਧਿਕ ਲਾਭਦਾਇਕ ਪ੍ਰਤੀਤ ਹੁੰਦਾ ਹੈ:—ਤਰੁਨੀ ਨਾਮ ਜ੍ਵਾਨ ਇਸਤ੍ਰੀ ਦਾ ਹੈ, ਜਿਥੇ ਜਵਾਨੀ ਹੋਵੇ ਉਥੇ ਚੰਚਲਤਾ, ਵਿਸ਼ੇਸ਼ ਕਰਕੇ ਇਸਤ੍ਰੀਆਂ ਵਿਚ, ਇਹ ਜਿਥੇ ਚਲੀਆਂ ਜਾਣ ਅਪਣੇ ਸੁਭਾਵ ਦਾ ਪ੍ਰਕਾਸ਼ ਜਰੂਰ ਕਰ ਮਾਰਦੀਆਂ ਹਨ ਇਸ ਲਈ ਡਰ ਰਹਿੰਦਾ ਹੈ ਕਿ ਮਤਾਂ ਕੋਈ ਕਮਜੋਰ ਦਿਲ ਹੋਵੇ ਤੇ ਚੰਚਲਤਾ ਦਾ ਧਪਾ ਖਾ ਜਾਵੇ ਇਸ ਲਈ ਸਮੂਹ ਸੰਤ ਮਾਤ੍ਰ ਨਿਰਮਲੇ ਲਈ ਇਸ ਬਚਨ ਦਾ ਵਿਧਾਨ ਕੀਤਾ। ਵਾਸਤਵ ਵਿਚ ਉਹ ਮਹਾਨੁਭਾਵ ਜਿਨਾਂਦੀ ਦ੍ਰਿਸ਼੍ਟੀ ਪੂਰੀ ੨ ਉਚੀ ਸੁਚੀ ਤੇ ਹਰ ਪ੍ਰਕਾਰ ਨਿਰਮਲ ਪਰਮਾਤਮਾਂ ਦੇ ਮੰਡਲ ਵਿਚ ਨਿਰਤ ਕਰਣ ਹਾਰੀ ਹੋਗਈ ਹੋਵੇ ਯਾ ਜਿਨਾਂ ਦੀ ਭਾਵਨਾਂ ਵਿਚ ਧੀ ਭੈਣ ਮਾਈ ਮਾਤ੍ਰ ਦੀ ਹੀ ਦ੍ਰਿੜ ਭਾਵਨਾਂ ਨਿਜਰੂਪ ਤੇ ਪਰਪੱਕ ਹੋਗਈ ਹੋਵੇ ਓਨਾਂ ਜੀਵਨ ਮੁਕਤ ਮਹਾਂ ਪੁਰਖਾਂ ਉਪਰ ਇਹ ਪ੍ਰਭਾਵ—

Digitized by Panjab Digital Library | www.panjabdigilib.org

ਦ੍ਵੈ ਚਾਦਰ ਆਸਨ ਏਕ ਰਾਖੈ ਸੀਤੁ ਹਰਾਨ ॥ ੭ ॥ ਅਤ ਪਵਿਤ੍ਰ ਰਾਖੈ ਸੁ ਤਨ ਸਮ ਦਮ ਤਪ ਰਿਦ ਸ਼ਾਂਤ । ਆਤਮ ਮੈਂ ਨਿਸਚਾ ਸੁ ਰਿਦ ਸਭ ਜਨ ਸੁਹਿਰਦ ਭਾਂਤ ॥ ੮ ॥ ਕਮਲ ਜੀਵ ਰੁਦ੍ਰਾਖ ਕੀ ਮਾਲਾ ਰਾਖੈ

---

—ਕਦਾਚਿਤ ਨਹੀਂ ਪੈਸਕਦਾ ਅੰਤਰਜਾਮੀ ਆਪ ਉਨਾਂਦੇ ਅੰਗ ਸੰਗ ਸਦੀਵ ਕਾਲ ਵਿਘਨਾਂ ਤੋਂ ਬਚਾਉਂਦਾ ਹੈ ਤੇ ਖਤਰੇ ਦਾ ਅਸਰ ਨਹੀਂ ਵਾਪਰਨ ਦਿੰਦਾ ਫਿਰ ਭੀ ਇਹ ਸੁਭਾਵ ਆਮ ਤੌਰ ਤੇ ਜੀਵਨ ਮੁਕਤਾਂ ਦਾ ਭੀ ਪਿਆ ਹੋਯਾ ਹੀ ਹੁੰਦਾ ਦ੍ਰਿਸ਼ਟ ਆਉਂਦਾ ਹੈ ਕਿ ਜੋ ਚੰਚਲਾ ਚੰਚਲ ਸੁਭਾਵ ਇਸਤ੍ਰੀਆਂ ਪਾਸ ਆਉਣ ਦਾ ਜਤਨ ਕਰਨ ਉਨ੍ਹਾਂ ਨੂੰ ਸੰਗਤ ਵਿਚ ਬੈਠਣਾ ਵਿਵਹਾਰ ਜਤ ਹੀ ਰਖਯਾ ਜਾਂਦਾ ਹੈ ਕਿੰਤੂ ਜਿਹੜੀਆਂ ਸੁਤੇ ਹੀ ਸੱਚੇ ਪ੍ਰੇਮ ਤੇ ਸਚਿਆਂ ਬੱਚੀਆਂ ਵਾਲੀ ਸੱਚੀ ਭਾਵਨਾਂ ਨਾਲ ਸਤ ਸ਼ੌਕ ਦੇ ਅਧੀਨ ਹੋਈਆਂ ਸੱਚੇ ਮਾਰਗ ਦੀ ਖੋਜ ਵਿਚ ਸਚੀ ਸੰਗਤ ਦੀਆਂ ਢੰਢਾਊ ਹੋਣ ਓਹਨਾਂ ਦੇ ਭੀ ਅੰਗ ਸੰਗ ਉਨਾਂ ਦੇ ਧਰਮ ਸ਼ਰਮ ਦਾ ਰਾਖਾ ਵਾਹਗੁਰੂ ਹੁੰਦਾ ਹੈ, ਇਸ ਭਾਂਤ ਦੁਵੱਲੀ ਹੀ ਜੇਕਰ ਵਾਹਗੁਰੂ ਅੰਗ ਸੰਗ ਸਹਾਈ ਹੋਵੇ—

Digitized by Panjab Digital Library | www.panjabdigilib.org

ਜੋਗਾ। ਪਟ ਗੈਰਕ ਹੁਰਮਚ ਰੰਗਾ ਰੰਗਾ ਮਜੀਠਾ ਜੋਗਾ ॥ ੯ ॥ ਸਿਰ ਸਾਫ਼ਾ ਦੋ ਗਜ਼ ਬੰਧੈ ਕੇਸ ਛਾਪ ਰਾਖੇਗਾ। *ਦਰਸ ਪਰਸ ਇਸਤ੍ਰੀ ਤਜੈ ਮਾਇਆ ਤ੍ਯਾਗੇ ਰੋਗਾ ॥੧੦ ॥ ਕਰਮ ਦੇਹ ਕਰ ਸੁਭ ਕਰੈ ਵਿਚਰੈ ਗੁਰੂ ਸਥਾਨ। ਨਿਸਚਾ ਮਨ ਮੈ ਬ੍ਰਹਮ ਕਾ ਪ੍ਰਾਪ ਸਰੂਪੈ ਮਾਨ ॥ ੧੧ ॥ ਏਕਾਕੀ ਵਿਚਰੈ ਸੁਖਦ ਚਰਨਾ ਗਯਾਨ ਪ੍ਰਕਾਸ਼। ਧਾਤੂ ਕਰੈ ਸਪਰਸ਼ ਨਹ ਕਰੈ ਤ ਜਾਮ ਪੁਰ

---

–ਤਾਂ ਭੱਜਨਾਂ ਗੁਰ ਸਿੱਖਾਂ ਦਾ ਧਰਮ ਨਹੀਂ ਅਲਬੱਤਾ ਕਾਯਰਾਂ ਦਾ। ਸੋ ਗੁਰੂ ਦਾ ਬਣਜਾ ਰਹੇ ਤੇ ਗੁਰੂ ਕਿਆਂ ਬਚਜਾਂ ਦੀ ਸੇਵਾ ਵਿਚ ਜੁਟਜਾ ਰਹੇ ਤਾਂ ਖਤਰਾ ਕੋਈ ਨਹੀਂ ॥

* ਜਿਤਨੀ ਧਾਰਨਾ ਹੋਰ ਗੁਰੂ ਸਾਹਿਬ ਨੇ ਆਗਯਾ ਕੀਤੀ ਹੋਈ ਹੈ ਓਸ ਮੂਜਬ ਤਾਂ ਸਾਂਗੋ ਪਾਂਗ ਤੁਰਨ ਵਾਲੇ ਕਈ ਨਿਰਮਲ ਸੰਤ ਮਿਲ ਸਕਦੇ ਹਨ, ਪਰਮ ਬੀਤਰਾਗ ਪਰ ਚੇਤਨ ਮਾਯਾ ਤੋਂ ਅਸਪਰਸ਼ ਰੂਪ ਮਾਤ੍ਰ ਹੀ ॥

ਭਾਈ ਮੋਹਨ [illegible] ਜੀ ਵੈਦ

Digitized by Panjab Digital Library / www.panjabdigilib.org

ਵਾਸ ॥ ੧੨ ॥ ਅਤਿ ਪਵਿਤ੍ਰ ਗੁਰ ਮੈਂ
ਪ੍ਰੀਤ ਔ ਪਰਤੀਤ ਹਰਿ ਮਾਹਿ। ਬਨ ਜਲ
ਧਰ ਪਰਬਤ ਤਟੇ ਕ੍ਰਿਤ ਨਿਵਾਸ
ਤਪ ਤਾਹ ॥ ੧੩ ॥ ਕਰ ਮਧੂਕਰੀ ਹਾਥ
ਸੈ ਭੋਜਨ ਪਾਵੈ ਨਾਹ। ਜੈਸਾ ਤੈਸਾ ਪ੍ਰਾਪ
ਹੈ ਪਾਇ ਅਨੰਦ ਸੁ ਆਹਿ ॥ ੧੪ ॥ਖਾਧ
ਮਧੂਕਰੀ ਮਾਂਗ ਕੈ ਦਿਵਸ ਰਾਤ ਨਹ ਰਾਖ
। ਸਦਾ ਉਦਾਸੀਨੀ ਰਹੈ ਡੰਡ ਏਕ ਕਰ
ਭਾਸ ॥ ੧੫ ॥ ਜੀਵਨ ਕੀ ਰਖਯਾ ਕਰੈ
ਕਰ ਪਗ ਤੁਰੈ ਸੰਭਾਰ । ਅਸ੍ਵਾਵਰੀ
ਆਦਕ ਨਹੀ ਚੜੈ ਯਾਹ ਵਿਵਹਾਰ ॥੧੬
ਦ੍ਰਿੜ੍ਹ ਆਸਨ ਪੈਨਾਂ ਮਿਲੈ ਤੌ ਮਧੂਕਰੀ ਮਾਂਗ।
ਸਤਿਨਾਮ ਉਚਾਰ ਕਰ ਭਿਖਿਆ ਭਾਵ
ਸੁਲਾਗ॥੧੭॥ਤੀਨ ਪਾਂਚ ਔ ਸਾਤ ਲੌ ਗ੍ਰਿਹ

Digitized by Panjab Digital Library | www.panjabdigilib.org

ਕੀ ਭਿਖਿਆ ਖਾਯ । *ਕ੍ਰਿਆ ਅਚਾਰਜ ਭਜਨ ਮੈਂ ਵਿਦ੍ਯਾ ਪੜ੍ਹੈ ਪੜ੍ਹਾਯ ॥ ੧੮ ॥ ਸ੍ਰੀ ਅੰਮ੍ਰਿਤਸਰ ਅਨੰਦਪੁਰ ਅਬਚਲ ਨਗਰ ਅਪਾਰ । ਅਵਰ ਗੁਰੂ ਦ੍ਵਾਰੇ ਰਟਨ ਪਾਵੈ ਮੋਖ ਦੁਆਰ ॥ ੧੯ ॥ ਬੇਦੀ ਭੱਲਾ ਸੋਢੀ ਬੰਸ ਉਦਾਸੀ ਲੌ ਸਭ ਆਹ। ਸਿੱਖਨ ਤੇ ਚਤੁਰਗੁਣ ਕਰਮ ਕਰੈ ਸੁਧ ਹ੍ਵੈ ਵਾਹ ॥ ੨੧ ॥ ਲਿਖੀ ਜੁਗਤ ਗ੍ਰੰਥੇ ਮੁਕਤ ਮਾਰਗ ਕੇ ਜੋ ਮਾਹਿ। ਸਾਧਨ ਤੇ ਗਤਿ ਮੁਕਤਿ ਹ੍ਵੈ ਧਰਮ ਸੁ ਹੋਤ ਸਹਾਯ ॥ ੨੨ ॥ ਸਾਧਨ ਤੇ ਸਿਧ ਹੋਤ ਹੈ ਸਿੱਖਨ ਕਰੈ ਸਹਾਯ ।

---

* ਸਤਸੰਗ ਵਾ ਸੰਪ੍ਰਦਾਇ ਦਾ ਮੁਖੀਆ ਆਚਾਰਯ ਜੋ ਹੋਵੇ ਓਸਦੀ ਸੇਵਾ ਤੇ ਭਜਨ ਵਿਚ ਰਹੇ ਤੇ ਪੜੇ ਪੜਾਵੇ ॥

Digitized by Panjab Digital Library | www.panjabdigilib.org

ਨਹ ਸਾਧੈ ਤੈ ਨਰਕ ਮੈਂ ਸਿੱਖ ਗੁਰੂ ਦ੍ਵੈ
ਜਾਇ ॥ ੨੩ ॥ ਰੁਦ੍ਰ ਨ ਤਪ ਤਾਪੈ ਜੈਨ
ਦੈਂਤ ਤਾਸ ਕੋ ਹੋਯ । ਇਨ ਕਿਰ ਸਿਖ ਕੋ
ਤਾਰਨਾ ਆਪ ਗੁਰੂ ਕੌ ਕੁਲ ਦੋਯ ॥ ੨੪ ॥
ਗ੍ਰਹੈ ਨ ਮਦਰਾ ਮਾਂਸ ਕੌ ਗ੍ਰਹੈ ਨ ਤੁਰਕ
ਸਰੀਰ । ਗ੍ਰਹੈ ਨ ਛਲਤਾ ਕੂਤ ਕੌ ਤ੍ਰਚ ਦ੍ਵੈ
ਸੁਧ ਸਰੀਰ ॥ ੨੬ ॥ ਗ੍ਰਹੈ ਨ ਧਾਤੂ ਸਰਬ ਕੋ
ਗ੍ਰਹੈ ਨ ਦ੍ਰਸੂ ਪ੍ਰਸਾਦਿ । ਗ੍ਰਹੈ ਨ ਰਤਨਾਦਿਕ
ਜਟਤ ਭੂਖਨ ਕਰੈ ਬਿਖਾਦ ॥ ਨਿਰਸੰਦੇਹ
ਵਿਚਰਤ ਰਹੈ ਇੱਛਾ ਸਰਬ ਤਜਾਗ ।
ਨਿਸਚੈ ਮੈਂ ਕ੍ਰਿਤ ਏਕਤਾ ਬਹੁਰ ਧਰਮ
ਮਿਰਜਾਦ ॥ ੨੭ ॥ ਗ੍ਰੰਥ ਗੁਰੂ ਏਕਾਦਸੋਂ
ਬਚਨ ਤਾਹਿ ਰਿਦ ਧਾਰ । ਪਾਵੈ ਮੁਕਤ
ਦੁਆਰ ਕੌ ਕਹੇ ਬਚਨ ਜਹ ਸਾਰ ॥ ੨੮ ॥

Digitized by Panjab Digital Library | www.panjabdigilib.org

ਸਦਾ ਕਰੈ ਅਭ੍ਯਾਸ ਕੌ ਜਪੈ ਜਪਾਵੈ ਨਾਮ । ਪਾਵੈ ਮੁਕਤਦੁਆਰ ਕੋ ਕਹਜੋ ਬਦਨ ਬਹ ਧਾਮ ॥ ੨੯ ॥ ਚਿੱਤ ਮਲਨ ਰਾਗਾਦਿ ਕਰ, ਕਰਿ ਵਿਰਾਗ ਤਿਹ ਸੁਧ । ਗ੍ਯਾਨ ਪ੍ਰਾਪਤੀ ਹੇਤ ਹੈ, ਸਤਿਗੁਰ ਕੀ ਯਹ ਬੁਧ ॥ ੩੦ ॥ ਸਾਧਨ ਤੇ ਸਾਧੂ ਹੋਵੈ ਸਾਂਤੀ ਚਿਤ ਤੈ ਸੰਤ । ਗੁਰ ਬਚ ਹਿਰਦੇ ਆਤਮਾ ਨਹੀਂ ਸੰਤ ਦਾ ਸੰਤ ॥ ੩੧ ॥ ਬਾਹਰ ਧਾਰੈ ਭੇਖਕੋ ਅੰਤਰ ਸਾਂਤ ਨ ਆਧ । ਮਹਾਂ ਨਰਕ ਮੈਂ ਸੋ ਪਰੈ ਮਰ ਮਰ ਜਨਮ ਬਿਹਾਧ ॥ ੩੨ ॥

ਟੀਕਾ—ਪ੍ਰਥਮੈ ਵੈਰਾਗ ਕਰੈ, ਖਾਣਾ ਪੀਣਾ ਹਸਣਾ ਬੋਲਣਾ ਬਿਰਸ ਹੋਇ ਜਾਇ ਤੌ ਜਾਣੈ ਜੋ ਭਾਗ ਜਾਗੇ । ਏਤੇ ਫੁਤ

ਪ੍ਰਾਪਤੀ ਮੈਂ ਹਰਖ ਸ਼ੋਕ ਨਾਹੀਂ ਸ੍ਵਾਦ ਅਸ੍ਵਾਦ ਦੂਧ ਸਾਗ ਆਦ ਭੁਗਤੈ । ਜੋਗ *ਪ੍ਰਾਣ ਅਪਾਨ ਕਾ ਸਾਧੇ ਜੋ ਬੈਠੇ ਉਦਰ ਪੂਰਣ ਨਾਂ ਹੋਯ ਤਉ ਉਠਕੈ ਨਗਰ ਮਾਂਝ ਮਾਂਗ ਖਾਇ । ਭੂਖ ਹੋਇ ਮਧੂਕਰੀ ਮਾਂਗ ਖਾਇ। ਉਪਰਲਾ ਭੇਖ ਯਹ ਧਾਰੇ:—

ਹਾਥ ਛਟੀ, ਕੰਥਾ, ਤੂੰਬਾ, ਕੁਸ਼ਾਸਨ, ਮਾਲਾ ਆਸਨ । ਜੋ ਗ੍ਰਿਸਤੀ ਹੈ ਸੋ ਸਾਧੂ ਕੋ ਬਾਣੇ ਬਿਨਾ ਜਾਨਤੇ ਨਾਹੀਂ ਤਾਂਤੇ ਭੇਖ ਕੀਓ ਚਹੀਏ ਪਰ ਗ੍ਰਿਹਸਤੀ ਕੋ ਨਿਰਾਦਰ ਕਾ ਦੋਖ ਨਾਹੀਂ, ਸਾਧ ਨਿਰਾਦਰ ਕਿਸੂ ਕਾ ਕਰੈ ਤੌ ਬੜਾ ਪਾਪ ਹੈ। ਦੋਯ ਵੇਲੇ ਭਿਖ੍ਯਾ

---

* ਸਫ਼ਾ ੯੬—੯੭ ਉਪਰ ਦੇਖੋ ॥

Digitized by Panjab Digital Library | www.panjabdigilib.org

ਨਾਂ ਕਰੈ ਬਾਨਾ ਨਾਂ ਬਦਲੈ, ਦੂਧ ਭਿਖ੍ਯਾ ਕਰੈ, ਠਹਰੇ ਨਾਹੀਂ। ਪੱਕੀ ਨਾਂ ਲਾਵੈ, *ਜੈਸੇ ਕੈਸੇ ਘਰ ਕੀ ਲੇਵੈ ਤੌ ਬੁਧ ਨਸ੍ਰ ਹੋਵੈ, ਸਰਾਪ ਕਿਸੂ ਕੋ ਨਾਂ ਦੇਵੈ, ਪ੍ਰਾਰਭਧ ਕਰਮ ਊਪਰ ਸਰੀਰ ਰਾਖੈ ਦੋ ਭੇਦ ਹੈ— ਜੋ †ਬ੍ਰਿਤ ਆਪਣੇ ਹਾਥ ਕਰ ਖਾਵੈ ਔਰ ਕੋ ਖਿਲਾਵੈ ਤਉ ਸ੍ਰੇਸ਼੍ਟ ਹੈ, ਨਹੀਂ ਤੌ ‡ਵਿਰਕ੍ਤ

---

*ਗ੍ਰੀਬ ਅਮੀਰ ਜੈਸਾ ਅਧਿਕਾਰੀ ਗ੍ਰਹਸਥੀ ਭਿਖ੍ਯਾ ਦਾਤਾ ਹੋਵੇ ਨਾਂਕਿ ਚੂੜ੍ਹਾ ਚਮਾਰ ਆਦਿ ਨਿੰਦਿਤ ਘਰਾਂ ਦੀ। ਅਥਵਾ ਜਾਨ ਬੁਝਕੇ ਅਮੀਰ ਘਰਾਂ ਦੀ ਹੀ ਰੋਜ ਰੋਜ ਨਾ ਜਾ ਮੰਗੇ ਕਿਤੇ। ਭਾਵ ਸਹਜੇ ਜੈਸੀ ਮਿਲ ਜਾਵੈ॥

†ਇਸ ਬਚਨ ਤੋਂ ਨਿਰਮਲਾ ਰੀਤ ਡੇਰਾ ਸਥਾਨ ਭੀ ਬੰਨ ਸਕੱਨ ਦਾ ਭਾਵ ਸੂਚਿਤ ਹੋ ਸਕਦਾ ਹੈ॥

‡ਵਿਰਕ੍ਤ ਬਿਰਤੀ ਧਾਰਨ ਵਾਲਿਆਂ ਉਪਰ ਤਥਾ ਭਗਵਾ ਬਸਤ੍ਰ ਪੌਣ ਵਾਲਿਆਂ ਤੇ ਫਜ਼ੂਲ ਨੁਕਤਾ-ਚੀਨੀ ਕਰਣ ਵਾਲੇ ਗਹੁ ਨਾਲ ਪੜ੍ਹ ਰਖਣ॥

Digitized by Panjab Digital Library | www.panjabdigilib.org

ਹੋਯ। ਮਧੂਕਰੀ ਮਾਂਗ ਖਾਯ ਲੇਵੈ।ਤੌ ਸਰੂਪ ਸਾਧੂ ਕੈਸਾ ਧਾਰੇ? ਸ੍ਵਾ ਗਜ ਕੀ ਕਾਛ। ਦ੍ਵੈ ਕਛਾਂ ਰਾਖੈ। ਦ੍ਵੈ ਸਾਫੇ ਪੰਜ ਗਜ ਕੇ ਏਕ ਸੀਸ ਬਾਂਧੇ ਏਕ ਕਾਂਧੇ ਧਾਰੈ। ਔਰ ਧਾਤੂ ਕਾ ਪੀਤਲ ਕਾ ਕਾਂਸੀ ਲੋਹ ਆਦਿ ਨ ਰਾਖੇ। ਪਾਤ੍ਰ ਤੂੰਬਾ ਵ ਨਲੇਰ ਕਾ ਰਾਖੈ। ਕਾਸ਼੍ਟ ਕਾ ਵ ਪਥਰ ਕਾ। ਜੌ ਉਸਤੇ ਵਿਰਕ੍ਤ ਹੋਇ ਤਉ ਕਰਪਾਤ੍ਰ ਰਾਖੈ। ਔਰ ਜੋ ਕਰਮ ਤੀਨ ਕਾਲ ਮੇਂ ਕਹੇ ਹੈਂ ਸੋ ਔਗੁਣੇ ਕਰੈ ਤੌ ਸੁਧ ਹੋਇ। ਔਰ ਦ੍ਵੈ ਚਾਦਰਾਂ ਰਾਖੈ। ਏਕ ਆਸਨ ਰਾਖੈ ਅਤਿ ਵਿਰਕ੍ਤੌ ਰਾਖੈ। ਸੀਤ ਹਰਖਿੰਥਾ ਅਰੁ ਖੁਧਯਾ ਨਿਵਾਰਣ ਭੋਜਨ। ਬਸਤ੍ਰ ਕੋ ਰੰਗ ਗੇਰੀ ਕਾ ਵਾ *ਹੁਰਮਚੀ ਕਾ

---

*ਹੁਰਮਚੀ ਵ ਮਜੀਠ ਰੰਗਾ ਬਸਤ੍ਰ ਉਦਾਸੀਆਂ–

Digitized by Panjab Digital Library | www.panjabdigilib.org

ਵਾ ਮੰਜੀਠ ਕਾ ਜੋ ਅਤਿ ਵਿਰਕਤ ਹੋਇ ਤੋ ਰੰਗ ਕਾ ਰੂਪ ਕੋਈ ਨਹੀਂ ਬਿਦੇਹ ਹੂਆ। *ਇਸਤ੍ਰੀ ਕਾ ਦਰਸ਼ਨ ਆਦਕ ਤਜੈ। ਜਿਤ ਓਹ ਰਕਤ ਬਸਤ੍ਰ ਹੋਯਾ ਭਿਤ ਓਰ ਨ ਜਾਵੈ। ਮਨਕੋ ਸਥਿਰ ਰਾਖੈ। †ਇਸਤ੍ਰੀ ਕੇ ਹਾਥ ਤੇ ਕਛ ਪਾਨ ਨਾ ਕਰੈ। ਬਚਨਾਦ

---

–ਲਈ ਹੈ ਨਾਂਕਿ ਨਿਰਮਲਿਆਂ ਨਿਮਿਤ। ਅਗਰ ਓਸ ਸਮੇਂ ਪ੍ਰਵਾਣ ਸੀ ਤਾਂ ਇਹ ਉਦਾਸਮਤ ਵਿਚ ਪ੍ਰਧਾਨ ਹੋਣ ਕਾਰਣ ਨਿਰਮਲ ਪੰਥ ਨੇ ਆਪਣੇ ਵਿਚ ਪ੍ਰਚਲਿਤ ਮੂਲੋਂ ਹੀ ਨਹੀਂ ਹੋਣ ਦਿਤਾ ਤਾਕਿ ਨਿਰਮਲਿਆਂ ਉਦਾਸੀਆਂ ਦੀ ਪਛਾਣ ਰਹੇ।

*ਨਿਰਸੰਦੇਹ ਇਸਤ੍ਰੀ ਨੂੰ ਇਸਤ੍ਰੀ ਰੂਪ ਕਰਕੇ ਦੇਖਣ ਵਾਲਾ ਅਸਲ ਸਾਧ ਨਹੀਂ ਹੋ ਸਕਦਾ। ਕਿੰਤੂ ਉਹ ਦ੍ਰਿਸ਼ਟੀ ਜੋ ਸਾਧੂ ਨੂੰ ਬ੍ਰਹਮੇ ਰੂਪਿਣੀ ਲੋੜੀਏ ਉਸ ਨਾਲ 'ਜੇਤੇ ਔਰਤ ਮਰਦਾ ਸਾਜੇ ਇਹ ਸਭ ਰੂਪ ਤੁਮਾਰੇ' ਬ੍ਰਹਮਰੂਪਣੀ ਦਰਸਨ ਕਰਤਾ ਹੋਯ ਤਾਂ ਦੋਖ ਨਹੀਂ॥

†ਤੀਵੀਂਆਂ ਹਥੋਂ ਹੀ ਖਾਣ ਵਾਲਾ ਅਵਧੂਤ ਨਾ ਬਨ ਜਾਵੇ॥

Digitized by Panjab Digital Library | www.panjabdigilib.org

ਭਾਖੈ ਨਾਹੀਂ । ਕਹੋਂ ਜੁ ਜਨਮ ਮਰਨ ਮੈਂ ਡਾਰੈ ਐਸੇ ਕਰੇ ਮੁਕਤ ਹੋਇ । ਬਿਦਿਆ ਵੇਦਾਂਤ ਸ਼ਾਸਤ੍ਰ ਪੜੈ ਪੜਾਵੈ ਹ੍ਰਿਦੈ ਮੈਂ ਧਾਰੈ। ਬ੍ਰਹਮ ਜੀਵ ਕਾ ਨਿਰਨਾ ਕਰੈ। ਗੁਰ ਸਥਾਨ ਤੀਰਥਾਦਿਕ ਸਰਬ ਕਾ ਰਟੰਨ ਕਰੈ । *ਮੰਚਾਦਿਕ ਪੈ ਸ੍ਵਪਨ ਨਾ ਕਰੈ, ਅਸ੍ਵਾਰੀ ਹਸਤੀ ਆਦਿ ਪੈ ਨ ਚੜੈ । ਮਧੂ-ਕਰੀ ਆਪਨ ਸਿਧ ਕਰ ਖਾਵੈ ਨਾਹੀਂ । ਔਰ ਭੀ ਜੋ ਸਾਧੂ ਉਦਾਸੀ ਆਦਿਕ ਇਤ

---

*ਅੱਜਕੱਲ ਦੀ ਸਾਇੰਸ ਤੇ ਡਾਕਟਰਾਂ ਨੇ ਭੂਮਾਸਨ ਕਰਨ ਜੋਗਾ ਕਿਸੇ ਨੂੰ ਨਹੀਂ ਛੱਡਜਾ। ਮੰਜੇ ਬਿਨਾਂ ਧਰਤੀ ਤੇ ਸੌਣਾ ਸਿਹਤ ਲਈ ਪੂਰਾ ਗੁਣਕਾਰ ਨਹੀਂ ਮੰਨਜ਼ਾ ਜਾਂਦਾ। ਬਲਕਿ ਕੀੜੇ ਪਤੰਗਿਆਂ ਵਲੋਂ ਭੀ ਨਿਸਚਿੰਤ ਹੋ ਰਾਤ ਨਹੀਂ ਬੀਤਨ ਦਿੰਦਾ ॥

Digitized by Panjab Digital Library | www.panjabdigilib.org

ਵਿਧ ਵਿਚਰੈ ਤੌ ਤਿਸਕੀ ਕਲਿਆਣ ਹੋਇ
ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ ਨਿਰਮ
ਉਪਦੇਸ ਕ੍ਰਮ ਪ੍ਰਤਪਾਦਨੋ ਨਾਮ
ਪੰਚਾਦਸਮੋ ਧਿਆਇ ॥ ੧੫ ॥

—:o:—

ਦਇਆ ਸਿੰਘੋ ਵਾਚ ॥ ਦੋਹਰਾ ॥

ਕੈਸੇ ਉਤਪਤਿ ਦੇਹ ਕੀ ਸਤਿਗੁ
ਕਹੋ ਵਿਚਾਰ। ਜਿਹ ਜਾਨੈ ਆਤਮ ਗਿਆ
ਉਪਜੈ ਮੁਕਤ ਦੁਆਰ ॥ ੧ ॥

ਸ੍ਰੀ ਗੁਰੋ ਵਾਚ॥ ਟੀਕਾ ॥ ਜਬ ਗੁਰ
ਕਾ ਉਪਦੇਸ਼ ਲਏ ਤੌ ਆਦਿ ਵਿ
ਮੁਕਤ ਪ੍ਰਕਾਸਨ ਕੇ ਸਬਦ ਪੰ
ਸਿੰਘ ਬੈਠਾਯ ਪਾਠ ਕਰੈ । ਵਿਧਵ
ਪ੍ਰਥਮ ਹੀ ਅੰਤਾਕਰਣ ਕੀ ਸੁਧੀ ਕੇ ਨਮਿ

Digitized by Panjab Digital Library | www.panjabdigilib.org

ਮੁਕਤ ਮਾਰਗ ਮੈਂ ਸਭ ਬਿਧਿ ਲਿਖੀ ਹੈ ਤਹਾਂ ਤੇ ਦੇਖ ਲਹੈ। ਤਾਂਤੇ ਪ੍ਰਥਮੈ ਸਰੀਰ ਅਗਯਾਨ ਕਾ ਨਿਰੂਪਣ ਕਰੋ। ਜਾਤੇ ਦੇਹ ਭ੍ਰਮ ਨਾਸ ਹੋਯ ਤੋ ਮੁਕਤ ਗਯਾਨ ਪਾਵੈ ਸੋ ਸੁਨੋ। ਦੋਹਰਾ। ਸਤਚਿਤ ਆਨੰਦ ਅਕ੍ਰਿਆ ਤ੍ਰਿਗੁਣ ਅਤੀਤ ਅਨਾਮ। ਇਛਾ ਰਹਤ ਅਰੂਪ ਹੈ ਤਤ ਤਤ ਛਾਯ ਪ੍ਰਧਾਨ ॥ ੧ ॥ ਮਾਯਾ ਤੈ ਮਹਤਤ੍ਵ ਹੈ ਸੋ ਹੈ ਤੀਨ ਪ੍ਰਕਾਰ। ਰਜ ਤਮ ਸਤ ਤ੍ਰੈ ਗੁਣ ਭਇ ਦਹ ਦਸ ਇੰਦ੍ਰੀ ਨਿਰਧਾਰ ॥ ੨ ॥ ਉਪਜੋ ਮਨ ਏਕਾਦਸੋ ਦਸ ਇੰਦ੍ਰੀ ਕਾ ਈਸ। ਗਯਾਨ ਇੰਦ੍ਰੇ ਸ੍ਰੋਤ, ਘ੍ਰਾਣ, ਨੇਤ੍ਰ, ਜਿਹ੍ਵਾ, ਤ੍ਵਚਾ ਕਹੀਸ ॥ ੩ ॥ ਗੁਦਾ ਲਿੰਗ ਕਰ ਪਦ ਵਾਕ ਕਰਮ ਇੰਦ੍ਰੇ ਏ ਜਾਨ। ਕਰਨ ਸਬਦ

Digitized by Panjab Digital Library | www.panjabdigilib.org

ਨੇਤ੍ਰ, ਰੂਪ, ਜਿਹਵਾ ਰਸ, ਗੰਧ ਘ੍ਰਾਣ ॥
॥ ੪ ॥ ਤ੍ਵਚ ਸਪਰਸ ਪਾਓਂ ਵਿਖੇ ਇੰਦ੍ਰੀ
ਗਯਾਨ ਵਿਭਾਗ । ਤਯਾਗੈ ਮਦਨ ਵਿਸ਼ਟਾ
ਮੂਤ੍ਰ ਵਚਨ ਗ੍ਰਹਣ ਸੁ ਵਿਭਾਗ ॥ ੫ ॥
ਵਿਖਯਾ ਏਹ ਪੰਚੋ ਕਰਮ ਇੰਦ੍ਰੀ ਨਭ ਸਦ-
ਦਾਯ । ਪਵਨ ਸਪਰਸ਼ ਅਗਨੀ ਰੂਪ, ਰਸ
ਜਲ, ਗੰਧ ਧਰਾਯ ॥ ੬ ॥ ਦਸ ਇੰਦ੍ਰੀ
ਮਨ ਯਾਰਵਾਂ ਪੰਚ ਤੱਤ ਏ ਜਾਨ । ਖੋੜਸ
ਕਰੈ ਵਿਚਾਰ ਇਮ ਤਤ ਚੌਬੀਸ ਪ੍ਰਧਾਨ
॥ ੭ ॥ ਇਸ ਗ੍ਰਹਿ ਮੈਂ ਜੀਵ ਆਤਮਾ
ਵਸਤ ਸਦਾ ਬਿਨ ਗਯਾਨ । ਪਾਪ ਪੁੰਨ
ਦੁਖ ਸੁਖ ਲਹੈ ਨਰਕ ਸੁਰਗ ਭੁਗਵਾਨ
॥ ੮ ॥ ਸੁਭ ਅਸੁਭ ਮਨ ਕਰ ਕਰੈ
ਬਨ ਕਰ ਜੀਵ ਅਭਯਾਸ । ਕਾਮ ਕ੍ਰੋਧ ਹੰਕਾਰ

Digitized by Panjab Digital Library | www.panjabdigilib.org

ਮੋਹ ਲੋਭ ਜੀਵ ਬੰਧਾਸ ॥ ੯ ॥ ਇੰਦ੍ਰਿਨ ਮੈਂ ਆਸਕ੍ਤ ਹ੍ਵੈ ਜਨਮ ਮਰੈ ਸੰਸਾਰ । ਅੰਤਰ ਜਾਮੀ ਆਤਮਾ ਜਾਨਤ ਛੁਟੈ ਸੰਸਾਰ ॥੧੦॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਸਰੀਰ ਸੂਖਮ ਕਰ ਪ੍ਰਤਪਾਦਨੋ
ਨਾਮ ਖੋੜਸੋਧਿਆਇ ॥੧੬॥

—:o:—

ਸਿਖਯੋ ਵਾਚ ॥ਦੋਹਰਾ॥ ਅਤਿ ਸੂਖਮ ਤੈ ਯਹ ਕਹੀ ਸਮਝ ਨ ਮੋ ਮਨ ਆਯ । ਕਰ ਵਿਸਤਾਰ ਸੁਨਾਈਏ ਤਾਂਤੇ ਮਨ ਭ੍ਰਮ ਜਾਯ ॥ ੧ ॥

ਸ੍ਰੀ ਗੁਰੋ ਵਾਚ ॥ ਦੋਹਰਾ ॥ ਸੋਹੰ ਸੁਤੈ ਪ੍ਰਕਾਸ ਤੈ ਮਾਇਆ ਲਈ ਉਪਾਇ

Digitized by Panjab Digital Library | www.panjabdigilib.org

ਜੈਸੇ ਅਗਨੀ ਤੈ ਧੂਮਰ ਉਪਜੈ ਸਹਜ ਸੁਭਾਯ ॥ ੨ ॥ ਜੈਸੇ ਪੁਰਖ ਕੇ ਸਾਥ ਪ੍ਰਛਾਯਾ ਹੋਤਾ ਹੈ ਤੈਸੇ ਸੁਤੇ ਸਿਧ ਮਾਯਾ ਅਨਿਰਵਚਨੀਯ ਹੈ ॥ ਮਾਯਾ ਤੈ ਮਹਤਤ੍ਵ ਹੈ ਤਾਤੈ ਅਹੰ ਪ੍ਰਕਾਸ। ਤਾਂਤੈ ਧੁਨ ਉਪਜਤ ਭਈ ਸੋ ਹੈ ਰੂਪ ਅਕਾਸ ॥ ੩ ॥ ਉਪਜਯੋ ਪਵਨ ਅਕਾਸ਼ ਤੈ ਪਵਨੈ ਤੇਜ ਉਪਾਯ। ਪਾਵਕ ਤੈ ਉਪਜਯੋ ਉਦਕ ਜਲ ਹੈ ਧਰਨਿ ਸੁਭਾਇ ॥ ੪ ॥ ਪੰਚਤਤ ਐਸੇ ਭੁਏ ਤੈ ਗੁਣ ਉਪਜੈ ਆਨ। ਤਮ ਸਤ ਰਜ ਤੈ ਉਪਜਯੋ ਮਨ ਬੁਧਿ ਚਿੱਤ ਹੈ ਜਾਨ ॥ ੫ ॥ ਚੌਪਈ ॥ ਯਹ ਕੋਊ ਪੁਰਖ ਦੂਰ ਜੋ ਆਹੀ। ਯਹ ਮਨ ਕੇ ਸਰੂਪ ਕਹ ਗਾਹੀ ॥ ਅਮਕਾ ਹੋਇ ਕਿ ਨਾਹੀਂ ਜਾਨ। ਯਹ ਚਿਤ ਕੇ ਸਰੂਪ

ਪਹਿਚਾਨ ॥ ਆਤਮਕਾ ਹੈ ਯਹ ਜਾਨੀ ਜਾਯ। ਯਹ ਸਰੂਪ ਬੁਧੀ ਕੋ ਗਾਯ ॥ ਆਤਮਕਾ ਦ੍ਰਿੜ ਨਿਸਚੈ ਕਰ ਜਾਨਜੋ। ਯਹ ਹੰਕਾਰ ਸਪਸ਼੍ਰ ਪਛਾਨਜੋ॥ ਮਨਨ ਕਰੈ ਨਿਸਚੈ ਮਨ ਜਾਨ। ਚਿਤਵਨਿ ਕਰੈ ਚਿਤ ਪਹਿਚਾਨ ॥ ਨਿਸਚੈ ਕਰੈ ਬੁਧ ਸੋ ਹੋਈ। ਦ੍ਰਿੜ ਕਰਹੈ ਹੰਕਾਰ ਜੁ ਲੋਈ ॥ ਦੋਹਰਾ ॥ ਜੈਸੇ ਦੀਪਕ ਗ੍ਰਹਿ ਵਿਖੈ ਚੇਸ਼੍ਰਾ ਕਰਤ ਪ੍ਰਕਾਸ। ਤੈਸੇ ਤਨ ਮਹਿ ਆਤਮਾ, ਸਰਬ ਇੰਦ੍ਰ ਗੁਣਭਾਸ ॥ ੧ ॥ ਲਿੰਗ ਸੂ ਤਨ ਯਹ ਬ੍ਰਹਮ ਕੋ ਪਰਯੋ ਬਿੰਬ ਪ੍ਰਤਿ ਬਿੰਬ। ਪ੍ਰਾਣ ਗ੍ਰਹਣ ਤੈ ਜੀਵ ਹੈ, ਜੀਵ ਦੇਹ ਕੋ ਇੰਦ ॥ ੨ ॥ ਅੰਤਹਕਰਣ ਜਲ ਮੈ ਅਦਿਤ ਜੀਵ ਬਿੰਬ ਸੋ ਜਾਨ। ਪ੍ਰਾਣ ਗਹੈ ਚਿਤ ਜੀਵ ਸੋ ਇੱਛਾ ਦੇਹ

Digitized by Panjab Digital Library | www.panjabdigilib.org

ਸੁਭਾਨ ॥ ੩ ॥ ਪ੍ਰਾਣ ਜੁ ਵਰਤੈ ਦੇਹ ਮੈਂ ਕਥੁ ਕੌਨੈ ਪ੍ਰਕਾਰ । ਪ੍ਰਾਣ ਗਹਤ ਖਟ ਊਰਮਾ ਲੇਤ ਅਪਾਣ ਉਤਾਰ ॥ ੪ ॥ ਉਦਾਨ ਸੁਵਾਸ ਜੁ ਲੇਤ ਹੈ ਸਮਾਨ ਜਠਰ ਮੈਂ ਜਾਨ । ਸਕਲ ਸੁ ਤਨ ਚੇਸ਼੍ਟਾ ਕਰੈ ਬ੍ਯਾਨ ਪਵਨ ਸੋ ਮਾਨ ॥ ੫ ॥ ਸੁਤ ਪੰਚ ਇੰਦ੍ਰੀ ਦਸੈ ਏਕ ਏਕ ਤੈ ਦੋਯ । ਐਸੇ ਉਪਜੈ ਜਾਨ ਲੈ ਸ੍ਰਵਨ ਵਾਕ ਨਭ ਹੋਯ ॥ ੬ ॥ ਕਰ ਤ੍ਵਚ ਵਾਯੂ ਚਛ ਪਦ ਪਾਵਕ ਤੈ ਉਪਜਾਯ । ਲਿੰਗਜਿਹ੍ਵ ਜਲ ਤੈ ਉਦੈ ਘ੍ਰਾਣ ਗੁਦਾ ਛਿਤ ਭਾਯ ॥ ੭ ॥ ਇਹ ਪ੍ਰਕਾਰ ਤਨ ਉਪਜਯੋ ਸੁਨੋ ਸਿਖ ਚਿਤ ਲਾਇ । ਅਬ ਸੁਣ ਪੰਚੀਕਰਣ ਕੋ ਦੇਹ ਪ੍ਰਮਾਨ ਸੁਭਾਯ ॥੮॥ ਧਰ ਕਠੋਰ, ਜਲ ਰੂਪ ਦ੍ਰਵ, ਪਾਵਕ

ਉਸਨ ਪ੍ਰਕਾਸ। ਪਵਨ ਸੁ ਚਰਣਾਂ ਹੇਤ ਹੈ, ਨਭ ਫੈਲਤੇ ਅਵਾਸ॥ ੯॥ ਭਰਮ ਅਸਥ ਪਲ, ਰੋਮ ਨਸ ਯਹ ਗੁਣ ਪ੍ਰਿਥ੍ਵੀ ਮਾਨ। ਪਿੱਤ, ਪ੍ਰਸੀਨਾਂ, ਬੀਜ, ਰਤ, ਲਾਲਾਂ, ਜਲ ਗੁਣ ਮਾਨ॥ ੧੦॥ ਆਲਸ ਨਿੰਦ੍ਰਾ ਭੂਖ ਤ੍ਰਿਖਾ ਕ੍ਰਾਂਤ ਅਗਨਿ ਗੁਣ ਪਾਂਚ। ਫੈਲਨ ਧਾਵਨ ਉਠ ਚਲਨ ਐਢਨ ਮਰੁ ਗੁਣ ਸਾਚ॥ ੧੧॥ ਸੀਸ ਕੰਠ ਹਿਰਦੇ ਉਦਰ ਅਰੁ ਨਾਭ ਤਲੈ ਸੋ ਜਾਨ। ਪੰਚ ਭੇਦ ਅਕਾਸ਼ ਯਹ ਔਰ ਨ ਤੱਤ ਪ੍ਰਮਾਨ॥ ੧੨॥ ਪੰਚ ਭੂਤ ਵਸ ਭ੍ਰਾਣ ਕਰ ਇਨਕੈ ਆਪੈ ਲੇਹ। ਚਾਰ ਚਾਰ ਇਨਕੈ ਜੁ ਕਰ ਇਨ ਪਾਂਚੋ ਮੈਂ ਦੇਹ॥ ੧੩॥ ਆਧੋ ਅਗਨਿ ਸਰੀਰ ਯਹ ਵਾਯੂ ਪੂਨਾ ਆਕਾਸ਼। ਆਧੀ

Digitized by Panjab Digital Library | www.panjabdigilib.org

ਧਰ ਮਹਿ ਦੀਜੀਐ ਇਹ ਬਿਧਿ ਕੀਓ ਨਿਵਾਸ ॥ ੧੪ ॥ ਤੇਜ ਵਾਯੂ ਔਰ ਬ੍ਯੋਮ ਕੀ ਪ੍ਰਿਥ੍ਵੀ ਅੰਸ ਸੁ ਚਾਰ। ਆਧੇ ਜਲ ਮਹ ਦੀਜੀਐ ਇਹ ਬਿਧਿ ਕਰ ਵ੍ਯਵਹਾਰ ।੧੫॥ ਬਾਯੂ ਬ੍ਯੋਮ ਔ ਜਲ ਧਰਾ ਇਨ ਚਾਰੋ ਕੀ ਅੰਸ । ਆਧੀ ਅਗਨਿ ਮਿਲਾਯ ਕੈ ਯਹ ਕੀਨੋ ਨਿਰਸੰਸ ॥੧੬॥ ਨਭ ਪ੍ਰਿਥ੍ਵੀ ਆਪ ਤੇਜ ਕੀ ਚਾਰੋਂ ਅੰਸ ਸਮਾਨ। ਆਧੀ ਪਵਨ ਮਿਲਾਯ ਕੈ ਯਹ ਕੀਨੀ ਪ੍ਰਮਾਨ ॥ ੧੭ ॥ ਵਾਯੂ ਤੇਜ ਔ ਜਲ ਧਰਾ ਚਾਰੋਂ ਅੰਸ ਕਹਾਇ। ਅਰਧ ਭਾਗ ਅਕਾਸ਼ ਮੈਂ ਏ ਨਿਜ ਦਏ ਬਤਾਯ ॥ ੧੮ ॥ ਪੰਚ ਤਤ ਬਿਸਤਾਰ ਕਰ ਸੋ ਤੁਮ ਦਯੋ ਬਤਾਯ। ਕੈਸੇ ਬਰਤਤ ਦੇਹ ਮੈਂ

Digitized by Panjab Digital Library | www.panjabdigilib.org

ਵਰਨਣ ਕਯੋ ਭੁਲਾਯ॥ ੧੯ ॥ ਪ੍ਰਗਟ
ਕਹੀ ਸਮਝੋ ਸਹੀ ਸੁਨੋ ਸਿਖ ਚਿਤ ਲਾਯ।
ਅਬ ਸੁਨ ਤਤ ਬਿਸਤਾਰ ਕੋ ਦੇਹ ਬੀਚ
ਵਰਤਾਯ ॥ ੨੦ ॥ ਮੁਖ ਹਾਡਿ ਹੈ ਧਰਾ
ਕੋ ਕੈਸੇ ਜਾਨੈ ਜਾਯ। ਪੀਤਕ ਬਰਣ ਕਠੋ-
ਰਤਾ ਗੰਧ ਸੁਗੰਧ ਕਹਾਯ ॥ ੨੧ ॥
ਮਾਸੁ ਸੁ ਯਹ ਜਲ ਜਾਨੀਐ ਕਿਸ ਗੁਣ
ਤੈ ਅਵਰੇਖ। ਦੂਵੈ ਸੂਵੈ ਸੂਕੈ ਯਹੀ ਯਾਹੀ
ਤੇ ਤੂੰ ਵੇਖ॥ ੨੨ ॥ਨਾੜੀ ਜਾਨੋ ਤੇਜ ਤੈ
ਕਾਹੇ ਤੇ ਸੁਨ ਤਾਤ। ਜ੍ਵਰ ਜੋ ਜਾਨੈ ਇਸੀ
ਤੈ ਤਾਂਹੀ ਤੇ ਸੁ ਕਹਾਤ ॥ ੨੩ ॥ ਤੁਚਾ ਜੁ
ਜਾਨੋ ਬਾਯੁ ਤੈ ਕਾਹੇ ਤੇ ਸੁ ਕਹਾਯ। ਉਸਨ
ਸੀਤ ਜਾਨੈ ਸਹੀ ਕੋਮਲ ਕਠਨ ਸੁਭਾਯ
॥ ੨੪ ॥ ਰੋਮ ਭੁਏ ਆਕਾਸ ਕੇ ਕੈਸੇ ਕਰ

Digitized by Panjab Digital Library | www.panjabdigilib.org

ਪਰਮਾਨ। ਛੇਦ ਖੇਦ ਨ ਹੋਤ ਹੈ ਯਾਹੀ ਤੇ ਤੂੰ ਜਾਨ ॥ ੨੫ ॥ ਜਲ ਬੀਰਜ ਏ ਮੁਖ ਹੈ ਕੈਸੇ ਜਾਨੈ ਜਾਯ । ਸ੍ਵੇਤ ਬਰਣ ਸੋ ਗਰਭ ਕਰ ਇਸ ਕਾ ਇਹੀ ਸੁਭਾਯ ॥੨੬॥ ਪਿਤ ਤੇਜ ਤੇ ਜਾਨੀਐ ਕੈਸੇ ਕਰ ਪ੍ਰਮਾਨ। ਉਸਨ ਰਹੈ ਦਿਨ ਰਾਤ ਹੀ ਸੁਖ ਪਾਵੈ ਤਬ ਮਾਨ ॥ ੨੭ ॥ ਹੋਤ ਪਸੀਨਾ ਪਵਨ ਤੇ ਪ੍ਰਗਟ ਬਤਾਯੋ ਤੋਹਿ। ਦਉੜੈ ਕੂਦੈ ਸ੍ਰਮ ਕਰੈ ਇਨ ਪਰਮਾਨੈ ਜੋਹਿ ॥ ੨੮ ॥ ਲਾਰ ਹੋਤ ਆਕਾਸ਼ ਤੇ ਯਹ ਤੁਮ ਲੇਹੁ ਬਿਚਾਰ। ਊਪਰ ਹੂੰ ਤੇ ਪਰਤ ਹੈ ਯਹ ਜਾਨੋ ਨਿਰਧਾਰ ॥ ੨੮ ॥ ਲੋਹੂ ਅੰਸ ਰੁਧਰ ਕੋ ਤਾਕੋ ਕਹੂੰ ਸਰੂਪ । ਜਾਮੈ ਸਰਾਮ ਸੁ ਹੋਤ ਹੈ ਪਾਂਚੋ ਜਲ ਮੈਂ ਭੂਪ ॥ ੨੯ ॥ ਛੁਧਾ

ਮੁਖ ਜੋ ਅਗਨ ਹੈ ਜਾਕੋ ਕਹਾ ਸੁਭਾਯ । ਅੰਨ ਪਚਾਵੈ ਸੁਖ ਕਰੈ ਦੇਹੀ ਪੁਸ਼੍ਟ ਕਰਾਯ ॥ ੩੦ ॥ ਤ੍ਰਿਖਾ ਬਾਯੁ ਤੈ ਹੈ ਸਹੀ ਆਪਹ ਲੇਹ ਪਛਾਨ । ਹੋਠ ਕੰਠ ਸੂਕਤ ਜੁ ਹੈ ਯਾਹੀ ਤੈ ਤੂੰ ਜਾਨ ॥ ੩੧ ॥ ਨਿੰਦ੍ਰਾ ਹ੍ਵੈ ਅਕਾਸ ਤੈ ਕੈਸੇ ਵਰਤੈ ਦੇਹ । ਸੋਈ ਸੁੰਨ ਜੋ ਹੋਯ ਹੈ ਯਹੀ ਜਾਨ ਤੁਮ ਲੇਹ॥ ੩੨ ॥ ਕ੍ਰਾਂਤ ਜੁ ਜਲਕਾ ਅੰਸ ਹੈ ਸੋ ਮੈਂ ਕਹੌ ਬਖਾਨ । ਸੀਤ ਉਸਨ ਜਬ ਲਾਗਾ ਹੈ ਲਾਲ ਸਰਾਮ ਹ੍ਵੈ ਜਾਨ॥ ੩੩ ॥ਆਲਸ ਪ੍ਰਿਥਮੀ ਸੋ ਭਯਾ ਇਸ ਬਿਧ ਜਾਨੋ ਸੋਯ। ਜੜ ਡੋਲਨ ਕੇ ਚਿਤ ਨਹੀਂ ਪਾਂਚ ਅਗਨ ਮੈਂ ਜੋਯ ॥ ੩੪ ॥ ਮੁਖ ਵਾਯ ਹੈ ਦੌੜਨਾ ਕਾਹੇ ਤੈ ਪ੍ਰਕਾਸ । ਬਲ ਹੋਵੈ ਤੈ ਜਾਨੀਐ ਯਾਕੇ

Digitized by Panjab Digital Library | www.panjabdigilib.org

ਯਹੀ ਬਿਲਾਸ ॥ ੩੫ ॥ ਪਸਰਨ ਹੈ ਆਕਾਸ ਤੇ ਕੈਸੇ ਜਾਨੋ ਏਹ। ਫੈਲ ਜਾਯ ਬ੍ਯਾਪਕ ਸਦਾ ਯਾਹੀ ਤੈ ਲਖ ਲੇਹ॥੩੬॥ ਊਠਨ ਤੇਜ ਬਖਾਨੀਐ ਕਿਹ ਬਿਧ ਲੇਹ ਸੁਜਾਨ। ਊਚੇ ਹੂੰ ਕੋ ਚਲਤ ਹੈ ਇਹ ਬਿਧਿ ਲੇਹ ਪਛਾਨ ॥ ੩੭ ॥ ਚਲਨੋਂ ਜਲ ਤੇ ਜਾਨ ਲੈ ਸੋ ਤੋ ਦੇਉ ਬਤਾਯ। ਸਿਥਲ ਚਲਤ ਸਮ ਹੈ ਨਹੀਂ ਚਲਤਾ ਆਪਨੈ ਭਾਯ॥ ੩੮॥ ਸੰਕੋਚਨ ਹੈ ਧਰਾ ਤੈ ਸਮਝੋ ਪਿਆਰੇ ਮਿਤ। ਜੜ ਹੋਵੈ ਡੋਲੈ ਨਹੀਂ ਇਸਥਿਰ ਹੋਵੈ ਚਿਤ॥ ੩੯ ॥ ਮੁਖ ਸੀਸ ਆਕਾਸ ਹੈ ਕਾਹੇ ਤੇ ਅਵਰੇਖ। ਸਬਦ ਅਨਾਹਤ ਹੋਤ ਹੈ ਯਾਹੀ ਤੈ ਤੂੰ ਦੇਖ॥੪੦॥ ਕੰਠ ਆਕਾਸ ਹੈ ਕਾਯ ਤੈ ਕੈਸੇ ਜਾਨਜੋ

Digitized by Panjab Digital Library | www.panjabdigilib.org

ਜਾਯ। ਪਵਨ ਜੁ ਧਾਵਤ ਜਾਤ ਹੈ ਵਰਤੈ ਐਸੇ ਭਾਯ ॥ ੪੧ ॥ ਹਿਰਦ ਅਕਾਸ ਹੈ ਤੇਜ ਤੈ ਕਾਹੇ ਤੇ ਸਮਝਾਯ। ਉਸਨ ਸਦਾ ਹੀ ਰਹਤ ਹੈ ਤੌਹੂੰ ਦੇਤ ਬਤਾਯ ॥ ੪੨ ॥ ਉਦਰ ਅਕਾਸ ਹੈ ਨੀਰ ਤੈ ਤੂੰ ਐਸੇ ਹੀ ਜਾਨ ਨੀਰ ਉਦਰ ਮੈਂ ਰਹਤ ਹੈ ਤਾਹੀ ਤੇ ਪਹਚਾਨ ॥ ੪੩ ॥ ਕਟ ਅਕਾਸ ਹੈ ਭੂਮ ਤੈ ਐਸੇ ਜਾਨੋ ਜਾਇ। ਰੋਧ ਆਦਿ ਅਰ ਮਲ ਰਹੈ ਐਸੇ ਹੀ ਯਹ ਭਾਇ ॥ ੪੪ ॥ ਦੇਹੋ ਕਾ ਬਿਸਥਾਰ ਸਭ ਸੋ ਤੈ ਦੀਯੋ ਬਤਾਯ। ਭਲੀ ਭਾਂਤ ਸਮਝੋ ਸਹੀ ਬਰਤੈ ਐਸੇ ਭਾਯ ॥ ੪੫ ॥ ਪੰਚਨ ਸੇ ਜੋ ਮਿਲ ਰਹੋ ਤੌ ਪਰਪੰਚੀ ਜੀਵ। ਪੰਚਾਂ ਤੇ ਜੋ ਛੁਟ ਪਰੋ ਤੌ ਯਹ ਬ੍ਰਹਮ ਸਦੀਵ

Digitized by Panjab Digital Library | www.panjabdigilib.org

।੪੬॥ਚੇਤਨ ਅਲਖ ਅਭੇਵ ਮਹ ਅਹੰਭਾਵ ਉਤਥਨ। ਸਕਲ ਜਗਤ ਦ੍ਰੁਮ ਬੀਜ ਵਹ ਸੋ ਮਾਯਾ ਅਗਯਾਨ॥ ੪੭ ॥

ਇਤਿਸ੍ਰੀ ਸੁਧਰਮ ਮਾਰਗ ਗ੍ਰੰਥੇ ਦੇਹ ਸਰੂਪ ਪ੍ਰਤਪਾਦਨੋ ਨਾਮ ਸਪਤਦਸਮੋ ਧਿਆਇ॥੧੭॥

ਅਬ ਦੇਹ ਆਤਮਾਂ ਨਿਰਨੈ ਚੌਪਈ॥

ਪੂਰਬ ਕਹਯੋ ਦੇਹ ਬਿਰਤਾਂਤ। ਯਥਾ ਮੈਂ ਬੁਧਿ ਅਸਕਤ ਸੁ ਭ੍ਰਾਂਤ॥ ਦੇਹ ਅਭਿਮਾਨ ਫਾਂਸ ਗਰ ਡਾਰੀ। ਬ੍ਰਹਮ ਜੀਵ ਹ੍ਵੈ ਭਇਓ ਦੁਖਾਰੀ॥ ੧ ॥ ਯਹ ਅਜ ਅਬਿਨਾਸੀ ਨਿਰਧਾਰ। ਬਨਯੋ ਜੀਵ ਕਰਮਨ ਕੀ ਮਾਰ ਅਪਨਾ ਆਪ ਆਪ ਬਿਸਰਾਯੋ। ਤਾਂਤੇ ਜੀਵ ਸੁ ਨਾਮ ਕਹਾਯੋ॥ ੨ ॥ ਇਛਾ ਜੀਵ

Digitized by Panjab Digital Library | www.panjabdigilib.org

ਪਰੀ ਤਿਹ ਮਾਇਆ। ਤ੍ਰੈ ਗੁਣ ਸਾਖੀ
ਰੂਪ ਭੁਲਾਯਾ ॥ ਬਿਨਾਂ ਗਯਾਨ ਕੇ ਮੁਕਤ
ਨ ਪਾਵੈ। ਜਨਮ ਮਰੈ ਮਰ ਆਵੈ ਜਾਵੈ ॥
੩ ॥ ਸੋ ਕਿਹ ਬਿਧ ਹ੍ਵੈ ਗਯਾਨ ਪ੍ਰਕਾਸ਼।
ਜਾਂਤੈ ਕਟੈ ਜਨਮ ਮ੍ਰਿਤ ਫਾਸ। ਦੇਹ ਅਭਿ-
ਮਾਨ ਫਾਸ ਗਰ ਡਾਰੀ। ਸਤ ਚਿਤ ਆਨੰਦ
ਪਿਖੈ ਬਿਕਾਰੀ ॥ ੪ ॥ ਦੇਹ ਅਭਿਮਾਨ ਸੁ
ਕਿਹ ਬਿਧ ਜਾਯ। ਸੋ ਸਤਿਗੁਰ ਮੁਹਿ
ਦੇਹੁ ਬਤਾਯ। ਗਯਾਨ ਸਪੰਨ ਸਤਿਗੁਰੂ
ਜੋਇ॥ਉਕਤ ਜੁਕਤ ਕਰ ਭ੍ਰਮਕੋ ਖੋਯ॥੫
॥ ਤੀਨ ਤਾਪ ਖਟ ਊਰਮੀ ਬਨੈ। ਪੰਚ ਕੋਸ
ਸਰ ਭੂਤ ਸੁ ਭਰੈ। ਮਨ ਚਿੱਤਾਦਿ ਕਲੇਸ
ਜੁ ਹੋਈ ॥ ਤ੍ਰੈ ਗੁਣ ਦੇਹ ਅਭਿਮਾਨ
ਸੰਜੋਈ ॥ ੬ ॥ ਇਨ ਕੋ ਜਾਨੈ ਆਪਨਾ

Digitized by Panjab Digital Library | www.panjabdigilib.org

ਰੂਪ। ਅਜ ਅਬਿਨਾਸੀ ਗਹੈ ਨ ਭੂਪ॥
ਹੇ ਗੁਰ ਕਿਹ ਬਿਧ ਟੂਟਤ ਜੀਵ। ਸੋ
ਵਿਧ ਭਾਖੋ ਮੋਹ ਸਦੀਵ ॥ ੭ ॥
ਬਧਤੋ ਜਾਸ ਮੈਂ ਜੀਵ ਅਗਿਆਨੀ।
ਚੀਨ ਆਪ ਹੈ ਦੇਹ ਸੁ ਮਾਨੀ ॥ ਭੂਲਤੋ
ਜੀਵ ਅਨਾਦੀ ਮਾਨ। ਪਰਤੋ ਭਰਮ ਕੇ
ਕੂਪ ਸੁ ਆਨ ॥ ਅੰਤ ਜੀਵਕਾ ਜਨਮ ਜੁ
ਪਾਯ। ਮੁਕਤ ਹੇਤ ਗੁਰ ਬਚਨ ਸੁਨਾਯ॥
੮॥ ਸ੍ਵ ਬਰਣਾਸ੍ਰਮ ਧਰਮ ਕਮਾਵੈ।
ਸੋ ਸਾਧੈ ਤਪ ਨਾਮ ਕਮਾਵੈ॥ ਤਪਕੈ ਸਾਧਤ
ਪ੍ਰਭੁ ਹੈ ਦਯਾਲ। ਚਿੱਤ ਸਾਧਨ ਉਪਜੈ
ਤਤਕਾਲ। ਬ੍ਰਹਮ ਲੋਕ ਅਵਨੀ ਸੁਖ ਭੂਪ
ਇਨ ਕੋ ਤਯਾਗਾ ਵੈਰਾਗ ਸਰੂਪ॥ ੯॥
ਨਿਤ ਆਤਮਾਂ ਦ੍ਰਿਸਟ ਅਨਿੱਤ। ਯਹ

Digitized by Panjab Digital Library | www.panjabdigilib.org

ਬਿਬੇਕ ਕੌ ਰੂਪ ਸੁ ਮਿਤ । ਅੰਤਹਕਰਣ ਵਾਸਨਾ ਜੌਨ। ਤਯਾਗ ਸਰਬਦਾ ਸਮ ਕਹ ਤੌਨ ॥ ੧੦ ॥ ਇੰਦ੍ਰੀ ਬਾਹਜ ਵਿਖੈ ਕੋ ਤਯਾਗੇ। ਰੋਕ ਰਾਖ ਦਮ ਰੂਪ ਸੁ ਲਾਗੇ। ਸਰਬ ਵਿਖੈ ਤੈਂ ਜੌ ਟਰ ਜਾਯ। ਉਪਰਤ ਜਗ ਤੈਂ ਉਪਰਤ ਗਾਯ॥ ੧੧ ॥ਸਰਬ ਦੂਖ ਸਹਨਤਾ ਜੋਯ। ਨਾਮ ਤਤਿਖਯਾ ਤਾਕਾ ਹੋਇ। ਵੇਦਾਂਤ ਸ਼ਾਸਤ੍ਰ ਗੁਰਬਚਨ ਪ੍ਰਤੀਤ। ਸਰਧਾ ਨਾਮ ਯਾਹ ਕੌ ਮੀਤ ॥ ੧੨ ॥ ਚਿਤ ਕੋ ਸਦਾ ਨਿਰੋਧੈ ਜੋਯ। ਸਮਾਧਾਨ ਤਾ ਕਹੀਅਤ ਸੋਇ। ਹੇ ਪਰਮੇਸ਼ਵਰ ਹੇ ਗੁਰਦੇਵ। ਜਗਤ ਬੰਧ ਕਾਟੋ ਕਿਹ ਮੇਵ ॥ ੧੩ ॥ ਇਹ ਇਛਾ ਹਿੱਤ ਉਪਜੈ ਜਾਸ। ਜਾਨੋ ਮੁਕਤ ਹੋਨ ਚਿਤ ਰਾਸ ।

Digitized by Panjab Digital Library | www.panjabdigilib.org

ਸਾਧਨ ਜੁਗਤ ਪੁਰਖ ਜੋ ਆਹ। ਕਰੈ ਬਿਚਾਰ ਗਜਾਨ ਉਪਜਾਹ ॥ ੧੪ ॥ ਬਿਨ ਬਿਚਾਰ ਗਜਾਨ ਨਹ ਮਾਨ। ਦੀਪਕ ਬਿਨਾਂ ਤਿਮਰ ਨਹ ਹਾਨ। ਅਹੈ ਕੌਨ ਜਗ ਕਿਉਂ ਉਪਜਾਹ। ਕੋ ਕਾਰਣ ਯਹ ਜਗਤ ਬੀਚਾਰ ॥ ੧੫ ॥ ਪੰਚ ਤਤ ਦਸ ਇੰਦ੍ਰੀ ਨਾਹੀਂ। ਇਨ ਮੈਂ ਸਾਛੀ ਸੋਹੈ ਮਾਹੀ। ਯਹ ਉਪਜੈ ਅਗਿਆਨ ਬਿਕਾਰ। ਗਜਾਨ ਬੀਚਾਰ ਸੁ ਸਾਛੀ ਧਾਰ ॥ ੧੬ ॥ ਸੰਕਲਪ ਰੂਪ ਜਗ ਅਨਕ ਪ੍ਰਕਾਰ। ਕਾਰਣ ਸੂਖਮ ਏਕ ਅਧਾਰ। ਸਤਿ ਅਬਿਨਾਸੀ ਸਾਛੀ ਸੋਯ। ਹੈ ਗਜਾਤਾ ਸੂਖਮ ਸਤਿ ਹੋਯ ॥ ੧੭ ॥ ਪੰਚ ਭੂਤ ਮਿਲਿ ਰਹਜੋ ਸਰੀਰ। ਆਤਮ ਨਿਰਵਿ-ਕਲਪ ਤਿਹ ਬੀਰ। ਦੋਨੋ ਜਾਨੈ ਏਕ ਜੁ

Digitized by Panjab Digital Library | www.panjabdigilib.org

ਕੋਧ। ਯਹ ਅਗਜਾਨ ਸਰੂਪ ਸੁਹੋਧ॥੧੮॥ ਦੇਹ ਦ੍ਰਿਸਜ ਆਤਮ ਭੈਭਿਨ। ਦੋਨੋ ਏਕ ਮੂੜ ਨਰ ਮੰਨ। ਜੜ ਤਾਮਸ ਗਦ ਅਲਪ ਸਰੀਰ। ਯਹ ਅਗਜਾਨ ਰੂਪ ਨਰ ਧੀਰ ॥ ੧੯ ॥ ਹੇ ਸਤਿਗੁਰ ਮੋਹ ਦਯਾ ਸੁਧਾਰੀ। ਮੋਹ ਅਭਮਾਨ ਫਾਸ ਕਟ ਡਾਰੀ। ਅਸਤ ਰੂਪ ਦੇਹ ਹੈ ਨਾਹੀਂ। ਨਿਰ ਅੰਜਨ ਹੈ ਗਜਾਨ ਸਦਾ ਹੀ ॥ ੨੦ ॥ ਅਚਲ ਅਖੰਡ ਏਕ ਹੈ ਸਾਖੀ। ਨਿਤ ਮੁਕਤ ਅਕ੍ਰੈ ਗਤ ਭਾਖੀ। ਸਤ ਚਿਤ ਆਨੰਦ ਬ੍ਰਹਮ ਸਰੂਪ। ਨਿਰਵਿਕਲਪ ਸਮ ਤਾਸ ਅਨੂਪ ॥ ੨੧ ॥ ਯਹ ਨਿਸਚੈ ਮੁਹਿ ਭਯੋ ਸੁ ਜਾਨ। ਗਜਾਨੀ ਗਜਾਨ ਰੂਪ ਪਹਿਚਾਨ। ਅਛੂਤ ਨਿਰਾਭਾਸ ਨਿਰ ਰੋਗ। ਨਿਰਮਲ ਨਿਸਚਲ ਅਹੰ

Digitized by Panjab Digital Library | www.panjabdigilib.org

ਪ੍ਰਯੋਗ ॥ ੨੨ ॥ ਦੇਹ ਅਤੀਤ ਦੇਹ ਪਰਕਾਸਕ। ਰਵਿ ਵਤ ਇੰਦ੍ਰੀ ਸਭ ਕੋ ਭਾਸਕ। ਜੈਸੇ ਬਨ ਤਰ ਭੇਦ ਅਨੇਕ। ਜਲ ਏਕੋ ਤਿਮ ਬ੍ਰਹਮ ਬਿਬੇਕ॥ ੨੩ ॥ ਦੀਪਕ ਗ੍ਰਹ ਵਤ ਚੇਸ੍ਟਾ ਕਾਰ। ਤਨ ਮੈਂ ਆਤਮ ਤਿਮ ਨਿਰਧਾਰ। ਸ੍ਰੂਨ ਦੇਹ ਕਾ ਸਾਖੀ ਸੋਯ। ਜੀਵ ਸ੍ਰੂਨ ਕਾ ਆਤਮ ਹੋਯ ॥੨੪॥ ਅਸੰਗ ਆਤਮਾ ਬੇਦ ਸੁ ਗਾਯੋ। ਕਰਮ ਕਾਂਡ ਭੀ ਇਹੀ ਜਨਾਯੋ। ਕਰ ਪੁਰਖਾ-ਰਥ ਗੁਰ ਸ੍ਰੁਤ ਜੁਗਤ। ਇਹ ਅਨਵਯ ਵਿਤ੍ਰੇਕ ਸੁ ਉਕਤ ॥ ੨੫ ॥ ਜਬ ਪ੍ਰਪੰਚ ਮਨ ਤੈ ਉਠ ਜਾਯ। ਦੇਹ ਆਤਮਾ ਏਕ ਦਿਖਾਯ। ਇਛਾ ਸੰਗ ਜੀਵ ਬਨ ਰਹਯੋ। ਨਰਕ ਸੁਰਗ ਦੁਖ ਸੁਖ ਤਿਹ ਲਹਯੋ

॥ ੨੬॥ ਰਜੁ ਮਾਹ ਜੌ ਸਰਪ ਪ੍ਰਕਾਸ਼ਯੋ। ਤੈਸੇ ਜਗਤ ਬ੍ਰਹਮ ਮੈਂ ਭਾਸਯੋ। ਜੀਵ ਬ੍ਰਹਮ ਐਸੇ ਕਰ ਜਾਨੈ। ਭੂਖਨ ਹੇਮ ਭਾਵ ਦ੍ਰਿਸ਼ਟਾਨੈ ॥ ੨੭॥ ਰਜੁ ਨ ਭਾਨੀ ਅਹ ਭ੍ਰਮ ਭਾਨੈ। ਬ੍ਰਹਮ ਵਿਖੇ ਜਗ ਯੌ ਲਹ ਜਾਨੈ। ਤਾਂਤੇ ਸਭ ਜਗ ਕਾਰਣ ਬ੍ਰਹਮ। ਬੋਧ ਹੇਤ ਗੁਰ ਭਾਖਯੋ ਕਰਮ ॥ ੨੮ ॥ ਸਰਬ ਬ੍ਰਹਮ ਕਛੁ ਔਰ ਨ ਜਾਨੈ। ਜੀਵ ਭੂਤ ਅਸਥਾਨ ਨ ਮਾਨੈ। ਭੂਖਨ ਹੇਮ ਹੇਮ ਸੇ ਭੂਖਨ। ਬ੍ਰਹਮ ਜਗਤ ਯਾਮੈ ਨਹ ਦੂਖਨ ॥ ੨੯ ॥ ਸਰਬ ਭੂਤ ਆਤਮ ਜਗ ਜਾਨੈ। ਨਿਸ਼ਚੈ ਯਹ ਮ੍ਰਿਤ ਜਨਮ ਨ ਮਾਨੈ। ਸੀਪੀ ਮੈਂ ਰੁਪੈ ਹ੍ਵੈ ਭ੍ਰਾਂਤ। ਬ੍ਰਹਮ ਮਾਹ ਜਗ ਐਸੀ ਭ੍ਰਾਂਤ ॥ ੩੦ ॥ ਮਾਟੀ ਮੈਂ ਘਟ ਤਿਉਂ ਸਿਵ

Digitized by Panjab Digital Library | www.panjabdigilib.org

ਜੀਵ । ਨੀਲ ਅਕਾਸ਼ ਜੀਵ ਤਿਵ ਜੀਵ।
ਬਾਰੂ ਕੇ ਨਰ ਤਰ ਜਿਮ ਜਾਨ । ਬ੍ਰਹਮ
ਮਾਹਿ ਤਿਮ ਜੀਵ ਪਛਾਨ ॥ ੩੧ ॥ ਫੇਨ
ਲਹਰ ਜਲ ਬੁਦ ਬੁਦ ਭਾਸ। ਜਗਤ ਜੀਵ
ਤਿਮ ਬ੍ਰਹਮਪ੍ਰਕਾਸ਼। ਪਟ ਮੈਂ ਤੈਂਤ ਤਿਮੈ ਜਗ
ਬ੍ਰਹਮ। ਸਸਤ੍ਰ ਅਨੇਕ ਲੋਹ ਕੇ ਕਰਮ॥੩੨॥
ਭੇਦ ਦ੍ਰਿਸ਼੍ਟ ਜਗ ਦੇਖੇ ਭਰਮ । ਹੈ ਤੋ ਵਹੀ
ਬ੍ਰਹਮ ਕਾ ਬ੍ਰਹਮ । ਭ੍ਰਮੀ ਵਾਸਨਾ ਸੋ
ਜੀਵ । ਭ੍ਰਮ ਗੁਰ ਹਰੈ ਤ ਬ੍ਰਹਮ ਸਦੀਵ
੩੩ ॥ ਭ੍ਰਮੀ ਦ੍ਰਿਸ਼੍ਟ ਹੈ ਚੰਦ ਪ੍ਰਕਾਸ਼ੇ।
ਬ੍ਰਹਮ ਮਾਹਿ ਜਗ ਇਹ ਬਿਧਿ ਭਾਸੇ।
ਜਿਹ ਪ੍ਰਾਰਬਧ ਕਰਮ ਜੋ ਪਾਵੈ। ਹਰਖ
ਸ਼ੋਕ ਚਿਤ ਨਾ ਉਪਜਾਵੈ ॥ ੩੪ ॥ ਗਯਾਨ
ਦ੍ਰਿਸ਼੍ਟ ਕਛੁ ਅਵਰੁ ਨ ਭਾਸੈ। ਪ੍ਰਾਰਬਧ

Digitized by Panjab Digital Library | www.panjabdigilib.org

ਕਰਮ ਬ੍ਰਹਮ ਸਭ ਵਾਸੈ। ਸ੍ਰਵਨ ਮਨਨ ਨਿਧ੍ਯਾਸਨ ਕਰੈ। ਸਾਖ੍ਯਾਤ ਬ੍ਰਹਮ ਰੂਪ ਹ੍ਵੈ ਪਰੈ॥ ੩੫॥ ਯਹ ਗੁਰ ਕਹੀ ਪਰਮ ਸਿਧਾਂਤ। ਸੁਨ ਧਾਰੈ ਜੀਵ ਭ੍ਰਾਂਤ ਹਰਾਤ। ਮਨ ਕੀ ਭਈ ਮਨਨਤਾ ਨਾਸ। ਆਪ ਆਪ ਮੈਂ ਭਯੋ ਪ੍ਰਕਾਸ॥ ੩੬॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ ਦੇਹ ਆਤਮ ਨਿਰਣੈ ਆਠਦਸਮੋ ਧਿਆਇ॥ ੧੮॥

—:o:—

ਅਬ ਮਨ ਕੇ ਜੀਤਬੇ ਕੀ ਵਿਧ॥

ਸਿਖ੍ਯੋ ਵਾਚ॥ ਦੋਹਰਾ॥ ਦੇਹ ਸਰੂਪ ਨਿਰਨੈ ਕੀਯੋ ਆਤਮ ਗ੍ਯਾਨ ਵਿਭਾਗ। ਕਹੋ ਸੁ ਮਨ ਪ੍ਰਬੋਧ ਹਿਤ ਬਹੁਰੋ ਚਿਤ ਨ

Digitized by Panjab Digital Library | www.panjabdigilib.org

ਲਾਗ ॥ ੧ ॥ ਗੁਰੋ ਵਾਕ ॥ ਦੋਹਰਾ ॥ ਮੋਹ ਬਿਬੇਕ ਕੋ ਯੁਧ ਸੁਨ ਸੈਨਾਂ ਸੰਗ ਪ੍ਰਕਾਸ। ਇਤ ਵਿਧ ਮਨ ਕੋ ਜੀਤ ਹੈ ਜਨਮ ਮਿਰਤ ਕਟ ਫਾਸ ॥ ੨ ॥ ਟੀਕਾ-ਵਾਰਤਕ ॥ ਸਰੀਰ ਰੂਪੀ ਗੜ੍ਹ ਮੈਂ ਮਨ ਮਵਾਸੀ ਰਾਜੇ ਵਾਸਾ ਲੀਯੋ ਹੈ, ਸੋ ਮਨ ਅਤਿ ਕਠਨ ਹੈ ਜੋ ਤਿਸਕੋ ਜੀਤੈ ਸੋ ਸੂਰਮਾ ਕਹੀਤਾ ਹੈ ਸੋ ਕਿਸ ਵਿਧ ਸੋ ਜੀਤੈ, ਸੋ ਸੁਨੋ ਇਸ ਵਿਧ ਸੋ ਜੀਤੈਃ—ਭੁਜਨ ਰੂਪੀ ਸਸਤ੍ਰ ਸਬਦ ਰੂਪੀ ਖੜਗ ਗਯਾਨ ਕਾ ਘੋੜਾ ਜਤ ਜੀਨ ਸ਼ਿੰਗਾਰਾ-ਅਸ੍ਵਾਰ ਹੋਯ ਕੈ ਚਲੈ, ਧੀਰਜ ਕੀ ਢਾਲ, ਧਨਖ ਬਾਨ ਪ੍ਰੇਮ ਕਾ ਤਰਕਸ ਬਾਂਧ ਰਣ ਮੈਂ ਧਾਵੈ ਪੰਚ ਪਚੀਸੈ ਕੈ ਦਲ ਸੰਗ ਸੁ ਜੁਧ ਕਰੈ,

Digitized by Panjab Digital Library | www.panjabdigilib.org

ਜੋਗ ਜੁਗਤਿ ਹੈ ਤੋਪਾਂ ਮਾਰੈ ਤੌ ਸਰੀਰ ਰੂਪੀ ਗੜ੍ਹ ਜੀਤੈ, ਪੰਚ ਪਚੀਸ ਕਾ ਦਲ ਭਾਗੈ ਮਨ ਕੌ ਕੈਦ ਕਰ ਡਾਰੈ, ਤੌ ਸਾਂਤ ਕੋ ਪ੍ਰਾਪਤ ਹੋਵੈ ਤ੍ਰਿਸਨਾਂ ਤਯਾਗੈ ਤੌ ਗਯਾਨ ਕੌ ਪ੍ਰਾਪਤ ਹੋਵੈ, ਮਨ ਕੌ ਜੀਤੈ ਤੌ ਮੁਕਤਿ ਪਾਵੈ। ਤ੍ਰੈਗੁਣ ਪੰਚ ਤਤ ਪ੍ਰਕਿਰਤ ਕਾ ਦੇਹ ਰਚੈ ਹੈ ਗਯਾਨ ਤੇ ਹੀਨ ਚੌਰਾਸੀ ਕੌ ਭੋਗੈ, ਜੋ ਪੁਰਖ ਪੰਚ ਦੂਤੋਂ ਆਗੈ ਦ੍ਰਿੜ ਰਹੈ ਸੋ ਸੰਤ ਕਦੇ ਨ ਹਾਰਹ। ਸੁਮਾਰਗ ਚਲੈ ਬੇਗਮ ਪੁਰ ਬਸੈ ਤਹਾਂ ਕੋਈ ਭੈ ਨ ਹੋਵੈ ਜਤ ਸਤ ਸੰਤੋਖ ਰਾਖੈ, ਮੁਕਤ ਕੀ ਧਜਾ ਬਾਂਧੈ ਤੌ ਰਣ ਮੈਂ ਜੀਤੈ। ਤਿਸ ਗੜ੍ਹ ਕਾ ਰਾਜਾ ਮਨ, ਖੋਟਾ ਵਜੀਰ, ਕੂੜਯਾਰੀ ਠਗ, ਵਸਤੀ ਉਜਾੜਨੇ ਵਾਲੇ ਗੜ੍ਹ ਮੈਂ

Digitized by Panjab Digital Library | www.panjabdigilib.org

ਬਸੈ । ਕੌੜਾ ਨਿੰਦਾ ਚੋਰੀ ਯਾਰੀ ਅਕ੍ਰਿਤਘਨੀ
ਜੂਆ ਲੋਭ ਧ੍ਰੋਹ ਬਿਸ੍ਵਾਸਘਾਤ ਅਗਜਾਨ
ਬਿਪਤੀ ਬਿਕਾਰੀ ਕੁਮੱਤਤਾ ਪਾਪ ਸਾਕਤੀ
ਨਿਡਰੀ ਬੁਰਜਾਈ ਨਰਕ ਰੂਪੀ ਧਜਾ
ਬਾਂਧਕੈ ਸਨਮੁਖ ਹੋਵੈ, ਜੋ ਪੁਰਖ ਭਲੇ
ਮਾਰਗ ਚਲੈ ਤਿਨ ਕੌ ਹਟਾਯ ਦੇਵੈ,
ਸਾਸਤ੍ਰੀ ਸਿੰਮ੍ਰਤੀ ਹਰਜਸੀ ਬੇਦ ਪਾਠੀ
ਕਥਾ ਕੀਰਤਨੀ ਸੁਕ੍ਰਿਤੀ ਦਾਨੀ ਪੁੰਨੀ
ਤੀਰਥ ਸਨਾਨੀ ਇਨ ਪੈ ਕ੍ਰੋਧ ਕਰੈ ਛੁੱਡੈ
ਅਗਤੀ ਕਰੈ ਕ੍ਰੋਧ ਕਰ ਦੂਤ ਜਗਤਕੌ ਸੁਭ
ਕਰਮਾਂ ਤੇ ਦੂਰ ਕਰਹ ਕਰਮ ਧਰਮਮੁਨੀਬੀ
ਹਟਾਵੈ ਤੌ ਐਸਾ ਮਤਾ ਸਿਤੋਂ ਕੀਆ ਜੋ ਐਸਾ
ਪੁਰਖ ਪ੍ਰਗਟੈ ਤਪ ਉਪਜਾਯ ਕੈ ਗਜਾਨ
ਬੀਚਾਰੈ ਤੌ ਕਾਮਾਦ ਜੀਤੈ ਜੋਗ ਕਰ ਪੰਜ

Digitized by Panjab Digital Library | www.panjabdigilib.org

ਕਾਮ ਕ੍ਰੋਧ ਲੋਭ ਮੋਹ ਹੰਕਾਰ ਸਾਧਕੈ ਮਾਰ ਹਟਾਵੈ ਤੋ ਗੁਰੋਂ ਪੈ ਜਾਯ ਕਹਾ ਇਨ ਕੋ ਕੈਸੇ ਜੀਤੀਏ ਜੁ ਦੂਤ ਹੈਂ ਇਨੋਂ ਨੈ ਸਾਰਾ ਜਗ ਜੀਤਿਆ ਹੈ ਐਸੀ ਜੁ ਜੁਗਤਿ ਹੋਯ ਜੋ ਇਨਕੋ ਜੀਤੀਐ ? ਤਾਂ ਗੁਰਾਂ ਕਹਾ ਤੁਸੀ ਜਾਯ ਕੈ ਜਗ ਮੈਂ ਉਪਦੇਸ਼ ਪਰਮੇਸ੍ਰ ਕਾ ਕਰੋ, ਨਾਮ ਦਾਨ ਇਸਨਾਨ ਦ੍ਰਿੜਾਵੋ, ਸਚ ਕਾ ਮਾਰਗ ਅੰਮ੍ਰਿਤ ਰੂਪੀ ਬਾਣੀ ਸੁਣਾਵੈ ਤਾਂਤੇ ਸੰਤ ਜਨੋਂ ਜੁਧ ਕਾ ਸਮਾਜ ਕੀਆ, ਇਹ ਸੁਣਕੈ ਕਾਮਾਦਕੋਂ ਨੈ ਕਹਾ, ਹਮਾਰੇ ਸਨਮੁਖ ਕੌਨ ਆਵੈ ਜੋ ਕੋਈ ਬਲ ਕਰੈ ਸੋ ਮਾਰ ਲਈਏ ਤੌ ਰਾਜਾ ਨੈ ਪੰਚੇ ਬੁਲਾਇ ਕਹਾ ਬੈਰੀਓਂ ਕੇ ਦਲ ਪੈ ਚੜ੍ਹੋ, ਸੰਤੋਖ ਆਦ ਕੌ ਜੀਤੋ, ਦਲ ਆਪਨਾ ਲੈ

Digitized by Panjab Digital Library | www.panjabdigilib.org

ਚੜ੍ਹੋ, ਨਗਾਰੇ ਰਸ ਰੂਪੀ ਵਜਾਯਕੈ। ਏਹ ਬਾਤ ਸੁਣ ਕਰ ਸੰਤਾਂ ਕੀ ਸੈਣਾਂ ਜੁੜੀ। ਕਹਾ ਕ੍ਰਿਆ ਉਪਾਵ ਕਰੀਏ, ਦੂਤੋਂ ਕੇ ਸਨਮੁਖ ਹੋਵਹੁ ਐਸੇ ਮਾਰੋ ਤੌ ਸਬਦ ਅਨਾਹਦ ਬਜਾਯਕੈ, ਧਰਮ ਨੀਸਾਨ ਲੈਕੈ। ਤੌ ਪਹਲੇ ਜਲ ਤਤ ਕਾ ਕਾਮ ਪੁਤ੍ਰ ਰਾਜਸੀ ਰਾੜ ਦਸਮੇਂ ਦੁਆਰ ਕਾ ਬਾਸੀ ਮੁਖ ਸੇ ਚਾਲੈ, ਜਗ ਕੌ ਮਾਰੈ ਹਿਤਫਲ ਖਾਵੈ ਹੰਕਾਰ ਸਬਦ ਕਰੈ ਪਾਪ ਰੂਪੀ ਬਸਤ੍ਰ ਪਹਿਰੈ ਜੋਬਨ ਰੂਪੀ ਸੰਜੋਯ, ਰਸ ਬਿਲਾਸ ਰੂਪੀ ਤਰਵਾਰ ਬਾਂਧੈ, ਨੇਤ੍ਰ ਬਾਣ, ਭੌਹਾਂ ਧਨਖ। ਬਰਛੀ ਸੁਗੰਧਕੀ। ਗਰਬ ਢਾਲ। ਰੂਪ ਘੋੜਾ ਅਜਤ ਜੀਨ ਸੀਗਾਰ, ਕਾਮ ਰਾਜਾ ਚੜ੍ਹ ਦੌੜਾਵੈ। ਸੈਨਾਂ ਸੰਗ ਆਲਸ॥

Digitized by Panjab Digital Library | www.panjabdigilib.org

ਨੇਤ੍ਰ ਲਾਲ ਸਾ। ਨਿੰਦ੍ਰਾ ਜੋਰ ਏਹ ਤੇਜ ਤਤ ਕਾ ਕ੍ਰੋਧ ਪੁਤ੍ਰ ਰਾਜਾ ਸਭਾ ਮੈਂ ਪ੍ਰਵੇਸੀ ਪਿੱਤੇ ਮੈਂ ਵਾਸਾ। ਤਪਣ ਜੋਰ ਜਿਮ ਜਨਾਇਏ ਫਿਕਾ ਬੋਲਣਾ ਜਿਸਕਾ ਵਜੀਰ ਕੁਭਾਉ ਵਸਤ੍ਰ ਕ੍ਰੋਧ ਰੂਪੀ ਅੰਗੇ। ਕੂੜ ਬੋਲੜਾ ਸੰਜੋਯ, ਕਲਪਣਾਂ ਹਥੀਆਰ ਤਲਵਾਰ ਉਸਤਾਦੀ ਭੌਹਾਂ ਕਮਾਨ ਛਿਦ੍ਰ ਕਾ ਤੀਰ ਜੋਰ ਸੋ ਚਲਾਇਏ ਰਿਸ਼ਕ ਦੀ ਬਰਛੀ ਫੇਰੇ ਔਗਣਆਈ ਓਟ। ਫਲ ਕ੍ਰੋਧ ਖਾਯ ਤ੍ਰਿਸਣਾ ਹੋਣੀ। ਖੁਆਰੀ ਘੋੜਾ। ਅਪਜਸ ਦੀ ਤੁਰੀ ਵਜਾਵੇ ਅਸਵਾਰ ਹੋ ਦੌੜੇ। ਪੰਜ ਪ੍ਰਕਿਰਤ ਨਾਲ; ਫੌਜਾਂ ਕਲਪਣਾਂ ਨਿੰਦ੍ਰਾ ਅਜਹਨਤਾ ਕ੍ਰੋਧ ਖੁਨਸ ਨਿਡਰਤਾ ਏ ਨਾਲੇ ਚੜ੍ਹੈ। ਬਲ ਸੇ ਗਾਰਜੈ॥੨॥ ਵਾਯ ਤਤ ਕਾ

Digitized by Panjab Digital Library | www.panjabdigilib.org

ਲੋਭ ਪੁਤ੍ਰ ਮਨ ਮਹ ਵਾਸਾ। ਫਲ ਖਾਇ
ਮਾਇਆ ਅਨੇਕ ਫਲ ਖਾਇ। ਭ੍ਰਮੈ ਬਹੁਤ।
ਸੁਭਾਉ ਰਾਜਸੀ। ਬਸਤ੍ਰ ਦੁਖ ਰੂਪੀ ਨ ਭਰੈ।
ਹਿਤ ਸੋ ਢਾਲੈ ਆਗੇ ਹੀ। ਲਾਲਸਾ ਸੰਜੋਯ
ਔਲਾਲਚ ਘੰਡਤਾਈ ਝੂਠਤਲਵਾਰ। ਰਸਨਾ
ਧਨਖ। ਬਾਣ ਬੋਲਾ। ਢੀਠਤਾ ਬਰਛੀ।
ਬਾਸਨਾ ਊਚੀ ਢਾਲ। ਅਪਤੀ ਸਮਝਨਾਂ
ਅਪਤੀਜਣਾਂ। ਲਹਰ ਘੋੜਾ ਜੀਨ ਚਿਤ
ਉਛਲਨਾ ਅਸ੍ਵਾਰ ਹੋਯ ਕੈ ਫੇਰੈ। ਦੁਵਾਗੀ
ਲਸ਼ਕਰ ਨਾਲ ਚੜ੍ਹਜਾ ਲੰਪਟ ਖਚਰਪਣ
ਭਰਮਣਾ ਲਜਾ ਰਹਤ ਏਦਲ ਸਾਜਕੈ॥੩॥
ਪ੍ਰਿਥ੍ਵੀ ਤਤ ਤੈ ਮੋਹਰੂਪੀਪੁਤ੍ਰ। ਦਿਲਮੈਂ ਵਾਸਾ
। ਸੁਭਾਉ ਰਾਜਸੀ ਬਚਨ ਚਿਤ ਮੈਂ ਧਾਰੈ।
ਰੰਗ ਕਸੁੰਭੈ ਬਸਤ੍ਰ ਪਹਰੈ। ਬੇੜਾ ਕਾਲ

Digitized by Panjab Digital Library | www.panjabdigilib.org

ਚਲਾਵਾ । ਕੁਟੰਬ ਸੰਗ ਹਿਤ । ਵਿਛੋੜਾ ਫਲ ਖਾਵੈ। ਤ੍ਰਿਪਤੇ ਰਚ ਰਹਣਾਂ। ਅੰਗੀ ਸੰਜੋਯ। ਪ੍ਰੀਤ ਸਿਆਣੀ। ਮਿਠਾ ਬੋਲਣਾਂ ਤਰਵਾਰ ਬਾਂਧੇ। ਬਰਛੀ ਮੇਲ। ਆਦਰ ਧਨਖ ਬਾਣ ਰੂਪ ਢਾਲ ਮਾਯਾ ਮੈਂ ਪਚਨਾ। ਪ੍ਰੀਤ ਸਭਸੋਂ ਕਟਾਰ ਸਭ ਪਸਾਰੇ ਕਾ ਘੋੜੇ ਪੈ ਅਸਵਾਰ ਹੋਵੈ ਰਚਣਾ ਮਿਚਣਾ ਜੀਨ ਬਾਬ ਦਾਸਤਾ ਸੀਗਾਰ, ਚੜ ਮੈਦਾਨ ਮੈਂ ਦੁੜਾਵੈ ਸਰਮ ਹਿਤ ਕੁਮਤ ਏਦਲ ਸਾਜੈ॥੪॥ ਅਕਾਸ਼ ਤੱਤ ਕਾ ਅਹੰਕਾਰ ਪੁਤ੍ਰ ਮੂੜਮਤੀ ਹੋਮੈਂ ਅਰ ਗਰਜਨਾਂ ਕਾ ਰਾਜਸੀ ਕਸੋਭਾ ਫਲ ਖਾਣਾ ਅਹਿਬਲੀ ਹਉਲਤਣ ਅੰਗ ਖਚਰਣ ਸੰਜੋਯ ਆਪਬਾਪਨਾ ਖੜਗ ਅਨਮੰਗਣਾ ਬਾਨ ਅਣਹੋਂਦੀ ਚਾਹਣੀ

Digitized by Panjab Digital Library | www.panjabdigilib.org

ਧਨਖ, ਅਨੀਤ ਬਰਛੀ, ਅਣ ਸਮਝਨਾ ਢਾਲ। ਅਹਿਬੁਧ ਕਾ ਘੋੜਾ। ਸਬਾਬ ਜੀਨ ਕੁੈਭ ਕਾ ਤਜਾਰ ਕਰ ਤਾਕੇ ਊਪਰ ਹੰਕਾਰ ਨਾਮ ਸੂਰਮਾਂ ਚੜ੍ਹ ਚਲੈ, ਫੌਜ ਨਾਲ ਲੈਕੈ ਮਮਤਾ ਅਭਿਮਾਨ ਅਕਾਸ ਚਾਰੀ ਨਿਰ ਦਇਆ ਗਰਬ ਪੰਜੇ ਰਣ ਮੈਂ ਆਣ ਗਰਜੈ ॥ ੫ ॥ ਉਤ ਤੈ ਭੀ ਪੰਜ ਚੜੈ:— ਜਲ ਤੱਤ ਕਾ ਪੁਤ੍ਰ ਜਤ ਮਹਾਂ ਬਲੀ, ਵਸੇ ਦਸਮੇਂ ਦੁਆਰ ਮੈਂ, ਚਲਾਵਾ ਸੰਜਮੀ, ਪਹਰੈ ਕੱਵਚ, ਤ੍ਰਾਮਸੀ ਸੁਭਾਵ ਜਰਾ ਨ ਬਜਾਪੈ ॥ ਇਹ ਫਲ ਖਾਯ ਤ੍ਰਿਪਤੇ—ਚਿਰ ਜੀਵੀ ਅੰਗ ਸੰਜੋਯ, ਭਉ ਕੀ ਤਲਵਾਰ, ਬੈਧੇਜ ਕਾ ਧਨਖ, ਬਾਣ ਨਿਸਚੈ ਕਾ। ਬਰਛੀ ਦ੍ਰਿੜਤਾ ਕੀ। ਮਨ ਕਾ ਠਹਰਾਵਣਾ

Digitized by Panjab Digital Library | www.panjabdigilib.org

ਢਾਲ ਇਸਥਿਤ ਤਾਕਾ ਨਿਸਚਲ ਘੋੜਾ। ਅਸਬਾਬ ਜੀਨ ਨਿਰਸੰਦੇਹ, ਤਾਕੇ ਊਪਰ ਜਤ ਅਸ੍ਵਾਰ ਹੋਯ ਰਣ ਕੌ ਚੜ੍ਹੈ ਸਾਥ ਫੌਜ ਲੈਕੈ ਹਠ ਤਪ ਸੀਲ ਨਿਗ੍ਰਹ ਉਦਾਸੀਨ ਸਾਥ ॥ ੧ ॥ ਪ੍ਰਿਥ੍ਵੀ ਤੱਤ ਕਾ ਪੁਤ੍ਰ ਖਿਮਾ। ਪਿੱਤੇ ਮੈਂ ਵਸੈ, ਰੂਪ ਚਲਾਵਾ ਫਲ ਖਾਣਾ ਸਾਂਤੀ ਤ੍ਰਿਪਤਿ ਕੈ, ਸੁਭਾਵ ਸਾਂਤਕੀ ਤਮਕ ਨਾਹੀਂ, ਬਸਤਰ ਧੀਰਜਤਾ ਰਿਦਾ ਨਿਰਮਲ। ਜਰਣਾ ਗਰੀਬੀ ਸੰਜੋਯ ਕੋ ਪਹਰੈ, ਧਰਮ ਕਾ ਖੜਗ, ਧਨਖ ਗੋਬਿੰਦ ਪੂਜਾ। ਬਾਣ ਸੰਤ ਚਰਣ ਧੂੜ ਨਿਮ੍ਰਤਾ ਕੀ ਬਰਛੀ, ਉਪਦੇਸ਼ ਗੁਰੂ ਕਾ ਸੀਸ ਪਰ ਢਾਲ, ਸੀਤਲਤਾਈ ਸੁਭਾਵ ਕਾ ਘੋੜਾ। ਖੁਣਸ ਬਿਨ ਸਦਾਬ ਜੀਨ

Digitized by Panjab Digital Library | www.panjabdigilib.org

ਤਾ ਪੈ ਖਿਮਾ ਚੜ੍ਹੈ—ਨਾਲ ਦਲ ਲੈਕੈ ਦਯਾ ਭਾਉ ਸਮਝਣਾਂ ਨੇਮ ਭਗਤ ਸਾਬ ਦੇਹ ਲੈਕੈ ॥ ੨ ॥ ਬਾਈ ਤੱਤ ਤੈ ਸੰਤੋਖ ਪੁਤ੍ਰ ਉਪਜਜਾ। ਵਸੈ ਰਿਦੇ ਮੈਂ। ਸੁਭਾਉ ਸਾਤਕੀ। ਸਚੁਰੂਪੀ ਬਸਤ੍ਰ ਫਲ ਖਾਏ। ਰਾਮ ਨਾਮ ਉਸਤਤ ਕਰਤ੍ਰਿਪਤੀ। ਸਹਜ ਚਲਾਵਾ ਵਜੀਰ ਨਿਰ ਸਹਸਾ, ਨਿੰਮ੍ਰਤਾ ਸੰਜੋਯ, ਸਚ ਰੂਪੀ ਖੰਡਾ, ਪਰ ਕਾਰਜ ਸਵਾਰਨਾ ਧਨਖ, ਮੰਨਣਾ ਗੁਰ ਵਾਕ ਬਾਨ, ਧੀਰਜ ਬਰਛੀ, ਕਰਮ ਢਾਲਾ, ਨਿਰਮਲ ਘੋੜਾ। ਪ੍ਰਤੀਤ ਅਸਬਾਬ ਜੀਨ ਤਾਕੇ ਉਪਰ ਸੰਤੋਖ ਅਸਵਾਰ ਹੋਵੈ ਵੈਰਾਗ ਵਾਗ ਤੈ ਭੁਜਾਵੈ ਨਾਲ ਦਲ ਮਸਤ ਦ੍ਰਿੜਤਾ। ਅਨਿੰਦਤਾ। ਆਗਯਾ ਮੰਨਣੀ

Digitized by Panjab Digital Library | www.panjabdigilib.org

ਮੇਹਰ। ਨੇਮ। ਏਸਾਬ ਲੇ ॥ ੩ ॥ ਬਿਬੇਕ ਅਕਾਸ਼ ਤੱਤ ਕਾ ਪੁਤ੍ਰ ਵਾਸਾ ਚਿਤ ਮੈਂ। ਸੁਭਾਵ ਸਾਤਕੀ। ਬਸਤ੍ਰ ਅਲਾਲਸਾ, ਪ੍ਰੇਮ ਚਲਾਵਾ। ਪਰਮੇਸ਼ਵਰ ਕੇ ਗੁਣ ਗਾਵਣੇ ਮਾਰਗ ਫਲ ਗੁਰ ਮੈਂ ਪ੍ਰਤੀਤ ਕਾ ਖਾਣਾ ਤ੍ਰਿਪਤਿ ਸੋ। ਸੰਜੋਯ ਮੁਕਤਿ ਕੀ। ਸਮ ਦ੍ਰਿਸ਼ਟੀ ਖੰਡਾ। ਪ੍ਰੇਮ ਧਨਖ। ਬਾਨ ਸ਼ੁਭ ਵਚਨ ਹਿਤਕੇ। ਦ੍ਰਿਸ਼੍ਰ ਦਇਆ ਬਰਛੀ ਸੇਵਾ ਕਰਣੀ ਢਾਲ। ਤਯਾਗ ਘੋੜਾ। ਅਸਬਾਬ ਜੀਨ ਨਿਰਮਲਤਾ। ਤਿਸਕਾ ਅਸਵਾਰ ਬਬੇਕ ਹੋਯਕੈ ਸਾਥ ਸੈਣਾ ਲਈ ਬ੍ਰਹਮ ਗਯਾਨ। ਧਯਾਨ ਧਾਰਣਾ ਸੁਕ੍ਰਿਤ ਕਮਾਵਣਾ। ਭਲੇ ਮਾਰਗ ਚਲਣਾ ਬੁਰੇ ਨ ਜਾਣਾ ॥ ੪ ॥

Digitized by Panjab Digital Library | www.panjabdigilib.org

ਸਿਵਤੈਪ੍ਰਿਥਵੀਤੱਤ(ਤਸ)ਤੈਉਪਜਾ ਪ੍ਰਤੁ ਵੀਚਾਰ। ਸੁਭਾਵ ਸਾਂਤਕੀ, ਨੇਤ੍ਰੋਂ ਮੈਂ ਵਾਸਾ। ਚਲਾਣਾ ਤ੍ਰਾਣਾ ਕੁਦਰਤ ਵੇਖਣ, ਵੀਚਾਰ ਕਰਕੇ ਫਲ ਖਾਇ ਕਰਮੋਂ ਕਾ ਨਿਹਕਰਮ ਤ੍ਰਿਪਤੀ, ਬਸਤ੍ਰ ਹੰਕਾਰ ਬਿਨਾਂ। ਗੁਰ ਬਚਨ ਮੈਂ ਪ੍ਰਤੀਤ ਸੰਜੋਗ। ਆਗਜਾ *ਸ਼ਾਸਤ੍ਰ ਸ਼ਕ੍ਰੀ। ਗੁਰ ਬਾਣੀ ਖੜਗ।ਧਨਖ ਗੁਰ ਬੰਦਨਾ ਪੂਜਾ। ਬਾਣ ਗੁਰਾਂ ਕੋ ਅਰਪਣ ਨਾਮ ਅਰਥਕ।ਅਡੋਲਤਾ ਬਰਛੀ।ਕ੍ਰਿਪਾਲ ਸਕਤੀ ਢਾਲ। ਪਉਣ ਘੋੜਾ। ਸਬਾਬ ਜੀਨ ਸਿਖਿਆ ਸੱਚ ਕੀ। ਤਿਸ ਪੈ ਵੀਚਾਰ ਅਸ੍ਵਾਰੀ ਕਰੈ। ਦਲ ਨਾਲ ਲੈ: ਦਇਆ

---

*ਗੁਰਮਤ ਅਨੁਸਾਰੀ ਸਾਸਤ੍ਰ ਮੂਜਬ ਵਰਤਨ॥

Digitized by Panjab Digital Library | www.panjabdigilib.org

ਭਾਉ । ਸਮਝਣਾ ਨਾਮ ਭਗਤ ਸਾਧ ॥ ੫ ॥

ਦੂਹਾਂ ਦਲਾਂ ਦਾ ਮੁਕਾਬਲਾ ਮਨ ਤੇ ਚੜ੍ਹਿਆ ਕਾਮ ਜਤ ਲੜੈ ਦੋਵੈਂ। ਊਂਘ ਆਲਸ ਲਾਲਸ ਦਣ ਢੈਤੈ ਮਸਤੀ ਦੇਖਕੈ । ਕਾਂਮ ਦ੍ਰਿਸ਼ਟ ਰਣ ਮੈਂ ਪ੍ਰੇਮ ਪਾਈ-ਸਨਮੁਖ ਹੈ ਦਲ ਜੱਤ ਕਾ: ਹਠ । ਅਲੋਕ ਜਪ। ਜਾਗਣਾ ਊਂਘ ਮਾਰਕੈ ਨਸਾਈ; ਤਪ ਨੈ ਸ਼ੈਤਾਨਗੀ ਮਾਰੀ; ਨਿਗ੍ਰਹ ਨੈ ਮਸਤੀ। ਦ੍ਰਿੜ ਬਰਛੀ ਤੈ ਮਾਰਿਆ ਜੱਤ ਨੈ ਕਾਮ ਵਡ ਵੈਰੀ ॥ ੧ ॥

ਕਾਮ ਮਾਰੈ ਕ੍ਰੋਧ ਤਮਕਿਆ ਸਿਰ ਤੇ ਮਾਰ ਲੀਆ ਹੈ ਤੈ ਖਿਮਾ ਸੰਤੋਂ ਨੈ ਭੇਜੀ ਇਤ ਤੈ ਕ੍ਰੋਧ ਚੜ੍ਹਜੋ-ਖਿਮਾ ਕ੍ਰੋਧ ਦੋਨੋਂ ਜੂਝਨ ਲਗੇ

Digitized by Panjab Digital Library | www.panjabdigilib.org

। ਦਲ ਕ੍ਰੋਧ ਦਾ: ਰੂਪ। ਨਿੰਦ੍ਯਾ, ਖੁਣਸ। ਕਲਪਣਾਂ। ਅਸਹਣਤਾ। ਆਗੈ ਖਿਮਾਂ ਦੇ ਦਲ ਰਣ ਮੈਂ ਨ ਭਾਗੈ। ਦਇਆ ਨੈ ਖੁਣਸ ਮਿਟਾਈ। ਕ੍ਰੋਧ ਭਾਉ ਤਿਆਗੈ। ਪ੍ਰਹਾਰੀ ਨਿੰਦਾ ਭਗਤਿ ਕਰ ਜਸ ਹੂਆ ਜਗਤ ਮੈਂ: ਕਲਪਨਾਂ ਸਮਾਧ ਨੈ ਮਾਰੀ, ਨੇਮ ਨੈ ਅਸਹਨਤਾ ਮੇਟੀ, ਕ੍ਰੋਧ ਕੀ ਸੈਨਾਂ ਭਾਗੀ ਖਿਮਾ ਜੀਤੀ ॥ ੨ ॥

ਕ੍ਰੋਧ ਕੈ ਪੀਛੈ ਲੋਭ ਉਛਰਿਆ ਇਤ ਤੈ ਸੰਤੋਖ ਚੜਿਆ ਲੋਭ ਨੂੰ ਮਾਰਣੇ ਵਾਲਾ- ਲੋਭ ਸੰਤੋਖ ਦੋਨੋ ਸਨਮੁਖ ਹੂਏ, ਦੋਨੋ ਕੀ ਫੌਜ ਚੜੀ: ਦੁਬਿਧਾ ਜਾਚਣਾ ਬੇਰਾਮਾ ਲੰਪਟਤਾ ਭ੍ਰਮਣਾ। ਸ੍ਨਮੁਖ ਹੋਯਾ ਸੰਤੋਖ ਕਾ ਦਲ ੬- ਦੁਬਿਧਾ ਦਯਾ ਨੈ ਮਾਰੀ, ਲੰਪਟਤਾ ਗਯਾਨ ਨੈ ਮਾਰੀ ਦੀਨਤਾ ਧਰਮ

Digitized by Panjab Digital Library | www.panjabdigilib.org

ਨੈ ਮਾਰੀ.' ਭਰਮਣਾਂ ਅਧਾਰ ਨੇ ਮਾਰੀ ਦ੍ਰਿੜਤਾ ਨੈ ਬਿਰਾਮਤਾ (ਭਟਕਨਾ) ਮਾਰੀ ।ਲੋਭ ਦੀ ਫੌਜ ਨਸ ਗਈ, ਸੰਤੋਖ ਨੇ ਖੰਡਾ ਮਾਰ ਕੈ ਲੋਭ ਕੋ ਗਿਰਾਯਾ ॥ ੩ ॥

ਲੋਭ ਮਰੇ ਤੇ ਮੋਹ ਗਾਰਜਯਾ ਬਲ ਕਰਕੈ ਇਤ ਤੈ ਬਿਬੇਕ ਚੜ੍ਹਯੋ ਮੋਹ ਬਬੇਕ ਦੋਨੋਂ ਲੜੈ ਰਣ ਮਹਿ ॥ ਮੋਹ ਦੇ ਦਲ ਚੜ੍ਹੇ ਸਰਮ ਕੁਮਤ ਨਿਡਰਤਾ ਤਿਨ ਕੈ ਸਨਮੁਖ ਬਿਬੇਕ ਕੈ ਦਲ ਚੜ੍ਹੇ: ਬ੍ਰਹਮ ਗਯਾਨ ਧਾਰਣਾ ਧਯਾਨ ਗਯਾਨ। ਸੁਕ੍ਰਿਤ ਸੁਭਤਾ ਬ੍ਰਹਮ ਗਯਾਨ ਨੈ ਕੁਪੱਤਤਾ ਮਾਰੀ, ਸਰਮ ਧਯਾਨ ਨੈ ਧਾਰਣਾਂ ਨੈ ਹਿਤ ਮਾਰਾ, ਸੁਮਾਰਗ ਨੈ ਭਉ ਹਨਯੋ ਨਿਡਰਤਾ ਅਬਸਾ ਨੈ ਸੈਹਗੀ ਦਯਾ ਦੀ ਨੈ- ਮੋਹ ਬਿਬੇਕ ਨੈ ਜੀਤਾ ॥ ੪ ॥

Digitized by Panjab Digital Library | www.panjabdigilib.org

ਹੰਕਾਰ ਜੋਰ ਕਰ ਕਿਸੂਕੌ ਨ ਜਾਨੈ ਬਲਦੈ ਚੜਿਆ। ਵੀਚਾਰ ਸਿਵਕਾ ਪੁਤ੍ਰ ਇਤ ਤੈ ਚੜਯੋ(ਸੋ ਵੀਚਾਰ) ਹੰਕਾਰ ਦੋਨੋ ਰਣਮੈ ਭਿੜੈ ਫੌਜਾਂ ਸਾਥ ਲੈਕੈ: ਅਗਾਸਚਾਰੀ ਨਿਰ ਦਇਆ ਮਮਤਾ: ਝੂਠਤਾਈ ਮਾਨ ਅਭਿਮਾਨ ਤਿਨਾਂ ਸਾਮਨੇ ਵੀਚਾਰ ਕਾ ਦਲ ਗੋਸ਼੍ਟ ਸ਼ਬਦ ਧਯਾਨ ਸੁਰਤ ਨਿਜਪਦ ਲੈਣਾਂ। ਆਕਾਸਚਾਰੀ ਪਿੜ ਰਖਣਾ। ਸੁਮਾਰਗ; ਗੋਸਟ ਕਰ ਝੂਠਤਾਈ ਸਬਦ ਨਿਰਦਇਆ ਮਾਰੀ। ਸੁਰਤ ਨੈ ਮਾਨ ਅਭਿਮਾਨ ਜੀਤਾ॥ ਨਿਜ ਪਦ ਆਤਮਾ ਨੈ ਸਭ ਮਾਰ ਦੀਏ- ਏਕ ਹਰਿ ਸਿਉ ਲਿਵ ਲਾਗੀ ਧਯਾਨ ਨੈ ਬਹੁ ਬਾਣ ਮਾਰਿਆ ਬਾਣੀ ਕਾ ਖੜਗ ਪਕੜਕੈ ਹੰਕਾਰ ਕਾ ਸਿਰ ਕਾਟਦੀਆ॥ ੫॥

Digitized by Panjab Digital Library | www.panjabdigilib.org

ਸਭ ਦੇਸ ਦੇਹ ਰੂਪੀ ਸੁਖ ਸੋ ਵਸਯਾ ਪੰਚੇ ਹਾਰ ਚਲੇ ॥ ਭਗਤਾਂ ਅਜੀਤ ਗੜ੍ਹ ਜੀਤਾ। ਵਡਾ ਮੰਗਲ ਭਇਆ। ਗਯਾਨ ਰਾਜਾ ਤਖਤ ਬੈਠਾ ਵਿਚਾਰ ਵਜੀਰ ਨੈ ਸੁਖ ਸੇ ਤਹਦ ਬਿਠਾਰਾ। ਦੇਹ ਰੂਪੀ ਪਰਜਾ ਮੈਂ ਸਾਂਤ ਵਰਤੀ ਮਾਰਗ ਆਵਣ ਜਾਣ ਜਨਮ ਮਰਣ ਮਿਟਾਇਆ। ਇਸ ਪ੍ਰਕਾਰ ਮਨ ਕੌ ਜੀਤੈ ਤੌ ਪਰਮ ਗਤੀ ਹੋਵੈ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ ਮਨ
ਪ੍ਰਬੋਧਨ ਕਾਮਾਦ ਸੰਤੋਖਾਦਿ ਜੁਧ
ਬਰਨਨੰ ਮਨ ਜੀਤਬੋ ਪ੍ਰਸੰਗ
ਪ੍ਰਤਿਪਾਦਨ ਨਾਮ ਉਨੀ
ਸਮੋ ਧਯਾਇ ॥ ੧੯ ॥

—:o:—

Digitized by Panjab Digital Library | www.panjabdigilib.org

## ਪ੍ਰਸ਼ਨੋਤਰ ਵਰਨਣੰ ॥ ਦੋਹਰਾ ॥

ਜੋ ਡੂਬੇ ਸੰਸਾਰ ਮੈਂ ਰਾਖੈ ਸਤਿਗੁਰ ਦੇਵ।
ਵਿਖੇ ਬੰਧ ਤਜ਼ਾਗੈ ਮਕਤ ਤ੍ਰਿਸਨਾ ਖੈ ਸੁਖ
ਸੇਵ ॥ ੧ ॥ *ਨਰਕ ਦ੍ਵਾਰ ਨਾਰੀ, ਸ੍ਵਰਗ

---

*ਇਸਤ੍ਰੀ ਵਿਚ ਸੁਭਾਵਕ ਹੀ ਆਕਰਖਣ ਸਕਤੀ ਹੁੰਦੀ ਹੈ, ਸੁਤੇ ਹੀ ਇਸਦਾ ਦਰਸ਼ਨ ਖਿਚਨ ਹਾਰਾ ਹੈ ਤੇ ਇਸ ਵੱਲ ਖਿਚੇ ਜਾਨ ਵਿਚ ਪ੍ਰਵਿਰਤੀ ਸੰਸਾਰ ਦੀ ਵਧਦੀ ਤੇ ਕਰਤਾਰ ਵਲੋਂ ਬੇਮੁਖ ਕਰਦੀ ਹੈ ਜਿਸ ਕਰਕੇ ਜਨਮ ਅਮੋ-ਲਕ ਬਿਗੜਦਾ ਹੈ ਇਸ ਕਾਰਣ ਐਸਾ ਬਚਨ ਕਿਹਾ ਹੈ ਕਿ ਜੇਕਰ ਇਸ ਪ੍ਰਕਾਰ ਸਮਝਦਾ ਰਹੇਗਾ ਤਾਂ ਇਸ ਕਦਰ ਜਗਤ ਨਾਲ ਗੰਢ ਨਹੀਂ ਦ੍ਰਿੜ ਹੋਊ ਤੇ ਵਾਹਗੁਰੂ ਦੀ ਯਾਦ 'ਵਿਚ ਵਸੂ'। ਅਸਲ ਵਿਚ ਗੁਰੂ ਨਾਲ ਜੋੜਨ ਅਰਥ ਐਸਾ ਆਖਣਾ ਹੈ ਉਂਞ ਤਾਂ ਜਿਹਾ ਨਰਕ ਦੁਾਰ ਇਸਤ੍ਰੀ ਤਿਹਾ ਹੀ ਮਰਦ ਹੈ ਇਕ ਦੂਏ ਦੀ ਜਿੰਦਗੀ ਵਿਖਯਾਂ ਵਿਚ ਬੰਧਾਯਮਾਨ ਕਰਕੇ ਇਕੋ ਜੇਹਾ ਹੀ ਖ੍ਵਾਰ ਕਰਣ ਹਾਰੀ ਹੈ ਧਰਮ ਦੀ ਹੱਦੋਂ ਜੇਕਰ ਗ੍ਰਹਸਥ ਨਾਂ ਟੱਪਨ ਤਾਂ ਕੋਈ ਭੀ ਦੁਖਦਾਈ ਨਹੀਂ। ਹਦੋਂ ਵਧ ਅਧਰਮ ਪਵਿਰਤੀ ਨਰਕ ਦ੍ਵਾਰ ਸੱਚ ਮੁਚ ਹੀ ਸਭ ਕਿਸੇ ਲਈ ਹੁੰਦੀ ਹੈ॥

Digitized by Panjab Digital Library | www.panjabdigilib.org

ਤਯਾਗ, ਮੁਕਤ ਪ੍ਰਦ ਗਯਾਨ। ਸ੍ਵਰਗ ਦੇਤ ਅਹਿੰਸਾ ਧਰਮ ਸੁਖ ਆਤਮ ਤ੍ਰਿਪਤਾਨ ॥ ੨ ॥ ਜਾਗੈ ਸੱਤ ਬਿਬੇਕ ਤੈ ਸਤਯ ਇੰਦ੍ਰ ਜਿਤ ਮੀਤ। ਅਭਿਲਾਖਾ ਦਾਰਿਦ੍ਰ, ਧਨ ਥਾਨ ਸੰਤੋਖ ਸੁ ਲੀਤ ॥ ੩ ॥ ਆਸਾ ਮਾਰ ਸੁਖ ਅਭਿਮਾਨ ਮਮਤਾ ਤਯਾਗ ਸੁਖ ਹੋਇ ਮੂਰਛਾ ਹਿਤ ਤ੍ਰਿਅ ਅੰਧ ਕੋ ਕਾਮਾਤੁਰ ਨਰ ਜੋਇ ॥ ੪ ॥ ਮਿਰਤਕ ਅਪਜਸ ਤੈ ਗੁਰੂ ਅੰਧਕਾਰ ਪ੍ਰਕਾਸ। ਸਿਖ ਸੇਵ ਗੁਰ ਰੋਗ ਜਗ ਔਖਧ ਸਤ ਬਿਸ਼੍ਵਾਸ॥ ੫ ॥ ਭੂਖਨ ਜਤ ਸਤ ਤੀਰਥ ਕੋ ਮਨ ਸੁਧ ਹੋਮ ਤ੍ਰਿਯ ਤਯਾਗ। ਸਤ ਸੰਗਤ ਸਮ ਦਮ ਭਾਵ ਪਾਵੈ ਬ੍ਰਹਮ ਵਿਭਾਗ ॥ ੬ ॥ ਸੇਤ ਵਾਸਨਾ ਸੋ ਰਹਤ ਤੱਤ ਵਿਖੇ ਥਿਰ ਜਾਨ। ਨਰ ਕੋ

Digitized by Panjab Digital Library | www.panjabdigilib.org

ਤਾਪ ਚਿੰਤਾ ਮੂਢ ਬਿਨਾਂ ਬਿਬੇਕ ਪਛਾਨ॥ ੭॥ ਹਿਤ ਹਰ ਜੀਵਤ ਦੇਖ ਬਿਨ ਬਿਦਿਆ ਬ੍ਰਹਮ ਬੀਚਾਰ। ਬੁਧਮਾਨ ਮੁਕਤੀ ਇਛ ਲਾਭ ਆਤਮਾ ਧਾਰ॥ ੮॥ ਮਨ ਜੀਤੇ ਜਗ ਜੀਤ ਹੈ, ਸੂਰਾ ਵਿਧੈ ਨ ਕਾਂਮ। ਧੀਰਯਵਾਨ ਤ੍ਰਿਯ ਤੇ ਬਚੇ, ਮੋਹ ਕਟਾਖਣ ਬਾਮ॥੯॥ ਵਿਖਹਿਤ ਬੰਧਜੇ ਪ੍ਰਕਾਰ ਕਾ ਧੰਨ *ਧਰਮ ਕਰ ਆਵ। ਚਿਤ ਮੂਲ ਸੰਸਾਰ ਕਾ ਵਿਖੇ ਤਯਾਗ ਸੁਧ ਭਾਵ॥ ੧੦॥ ਬੰਧਨ ਨਰ ਕੋ ਨਾਰ ਹੈ ਮਨ ਤ੍ਰਿਯਾ ਚਰਿਤ੍ਰ ਦੁਖ ਦਾਨ। ਪਸੂ ਕਵਨ ਬਿਦਿਆ ਹੀਨ ਸਤ ਸੰਗਤ ਮਿਤਵਾਨ॥ ੧੧॥

---

*ਧਰਮ ਵਾਲੀ ਉਮਰ (ਜ਼ਿੰਦਗੀ)।

Digitized by Panjab Digital Library | www.panjabdigilib.org

ਉਜਲ ਬੁਧ ਹੈ ਭਗਤਿ ਤੈ ਮਾਂਗਨ ਤੈ ਲਘੁਤਾਯ। ਗੁਰਤਾ ਹੈ ਨਹ ਮਾਂਗਣਾ ਜਨਮ ਮਰਨ ਹਰ ਭਾਯ॥ ੧੨ ॥ ਗੂੰਗ ਨਾਮ ਬਿਨ ਤਤ ਬਚਨ ਸੁਨੈ ਨ ਬਧਰਾ ਕਾਨ ॥ †ਬਿਸ੍ਵਾਸ ਨ ਤਰਨੀ ਮੈਂ ਕਰੈ ਪ੍ਰਤੀਤ ਬਚਨ ਗੁਰ ਗਯਾਨ ॥ ੧੩ ॥ ਸਿਵ ਅਦੁਤੀ ਨਿਜ ਭਗਤ ਬਸ ਕਰਮ ਸੁਧ ਹਰ ਪ੍ਰੀਤ ਪੰਚ ਸਤ੍ਰ ਪੰਚੇ ਮੀਤ ਦੁਖ ਮਮਤਾ ਅਹਿਮੀਤ ॥ ੧੪ ॥ ਸੁਖ ਸੁਭ ਬਾਨੀ ਸੋਭਤਾ ਹਰ ਹਿਤ ਸੁਖੈ ਤਿਆਗ॥ਦੇਣੇ ਮੈਂ ਨਿਰਭੈ ਸੁ ਤਾਂ ਮਨ ਨਿਬ੍ਰਿਤਿ ਗਤ ਪਾਗ॥ ੧੫ ॥ ਭੈ

---

†ਅਉਸਰ ਨੂੰ ਵਲਾ ਲੈਣਾ ਟਾਲ ਦੇਣਾਂ ਸੁਭਾਵਹੀ ਤਰੁਨੀਆਂ ਦਾ ਹੁੰਦਾ ਹੈ॥ ਤਰਨੀ ਤੋਂ ਭਾਵ ਮੁਟਯਾਰ ਤ੍ਰੀਮਤ ਦਾ ਹੈ॥

Digitized by Panjab Digital Library | www.panjabdigilib.org

ਨਾਹੀ ਹ੍ਵੈ ਮੁਕਤ ਮੈਂ ਮੂਰਖਤਾ ਖਜਤ ਜਾਨ ॥ ਕਰ ਉਪਾਸਨਾ ਗੁਰੂ ਕੀ ਨਿਕਟ ਮਿਰਤੁਹਰ ਮਾਨ ॥੧੬॥ ਚੌਰ ਕੁਬਾਸਨਾ ਧਾਰਣੀ ਸੋਭਾ ਵਿਦਜਾਸਾਥ॥ਵਿਦਜਾ ਸੁਖਦੈ ਮਾਤਸਮ ਧਰਮ ਦਾਨ ਬ੍ਰਿਧ ਗਾਥ ॥ ੧੭ ॥ ਭੈ ਲੋਕਨ ਅਪਵਾਦ ਤੈ ਭੈ ਸੰਸਾਰ ਤੈ ਜਾਨ । ਨਿਰ ਭੈ ਆਤਮ ਮੈਂ ਰਹੈ ਭ੍ਰਾਂਤ ਬਿਪਤ ਸੁਖ ਦਾਂਨ ॥ ੧੮ ॥ ਜਾਨੈ ਹਰਿ ਸਰਬਾਤਮਾ ਦੁਰਲਭ ਜਗ ਸਤਸੰਗ। । ਜੀਤੈ ਦੁਖ ਸੋਂ ਕਾਮਾਦੀ ਸਜੈ ਗਜਾਨ ਸੁਭ ਅੰਗ ॥ ੧੯ ॥ ਵਿਖ ਅੰਮ੍ਰਿਤ ਭਾਸੈ ਤ੍ਰਿਯਾ, ਸਤ੍ਰੂ ਪੁਤ੍ਰ ਸੁਤਾਯ । ਬਿਜਲੀ ਵਤ ਧਨ ਆਊ ਭਨੈਂ ਦਾਨ ਗਰਬ ਤਾਕਾਯ ॥ ੨੦ ॥ ਮਿਤ ਮੈਂ ਤਜਾਗੈ ਬਾਸਨਾ ਨਾਰਾਇਣ ਉਰ ਧਾਰ । ਕਰੈ ਕਰਮ

Digitized by Panjab Digital Library | www.panjabdigilib.org

ਨਿਹ ਕਰਮਤਾ ਮਿਥਯਾ ਜਾਨ ਸੰਸਾਰ॥੨੧॥
ਤਤ ਰੂਪ ਸਿਵ ਆਤਮਾਂ ਤ੍ਰਿਹਪਦ ਇਸਥਿ
ਤ ਹੋਯ। ਕਰਮ ਕਰੈ ਗੰਭੀ ਨਵ੍ਰਤ ਮੁਕਤ
ਨ ਸੰਸੈ ਕੋਇ॥ ੨੨ ॥

ਇਤਿਸ੍ਰੀ ਸੁਧਰਮ ਮਾਰਗ ਗ੍ਰੰਥੇ ਪ੍ਰਸਨੋਤ੍
ਪ੍ਰਸੰਗਾਤ ਪ੍ਰਤਿਪਾਦਨੋ ਨਾਮ ਬੀਸਮੋ
ਧ੍ਯਾਇ॥੨੦॥

—:o:—

ਯੋਗ ਮਾਰਗ॥ ਚੌਪਈ॥ਨਾਭ ਤਲੈ
ਇਕ ਚਕ੍ਰ ਅਧਾਰ। ਕੁੰਡਲਨੀ ਸ਼ਕਤੀ
ਤਿਹ ਧਾਰ। ਅਹ ਨਿਆਂਈ ਕੁੰਡਲ ਤਿਹ
ਜਾਨ। ਵਹੀ ਵਾਸਨਾਂ ਕੋ ਗ੍ਰਹ ਮਾਨ॥ ੧॥
ਵਹੀ ਸਰਬ ਨਸ ਮੂਲ ਸਪਸ਼੍ਰ। ਫੁਰੈ ਮਨਨ
ਤਿਹ ਮਨ ਹੈ ਸੁਸ਼੍ਰ। ਵਾ ਮੈਂ ਨਿਸਚੈ ਕ੍ਰਿਤ ਹੈ

Digitized by Panjab Digital Library | www.panjabdigilib.org

ਬੁਧ। ਬ੍ਰਿਤ ਹੰਕਾਰ ਹੰਕਾਰੀ ਸੁਧ ॥ ੨ ॥
ਸਿਮਰਨ ਬ੍ਰਿਤ ਚਿਤ ਪ੍ਰਗਟੈ ਲੇਯ। ਸਪਰਸ
ਆਦਿ ਸਰ ਤੈਸੇ ਹੋਯ। ਆਤਮ ਸੁਧ ਉਦੈ
ਤਿਹ ਠੌਰ। ਰਵਿ ਪ੍ਰਤਿਬਿੰਬ ਨੀਰ ਜਿਮ
ਦੌਰ ॥ ੩ ॥ ਸਭ ਇੰਦ੍ਰੀ ਕੀ ਉਤਪਤ
ਜਾਨਾ। ਵਸੈ ਸਕਤਿ ਕੁੰਡਲਨੀ ਮਾਨਾ।
ਜਬ ਚਿਤ ਠੌਰ ਕਰੈ ਥਿਰ ਪੌਨ। ਵਸ ਹ੍ਵੈ
ਇੰਦ੍ਰੀ ਸਭ ਜੋ ਗੌਨ ॥ ੪ ॥ ਜੈਸੇ ਰਾਜਾ
ਵਸ਼ ਹੈ ਸੈਨਾ। ਨਹ ਤੇ ਆਧਿ ਬਜਾਧਿ
ਬ੍ਰਿਤ ਐਨਾ। ਆਧ ਸੁ ਮਨ ਕੀ ਪੀੜਾ
ਜਾਨ। ਬਜਾਧ ਦੇਹ ਕੇ ਦੁਖ ਸਭ ਮਾਨ
॥ ੫ ॥ ਹ੍ਵੈ ਸੰਕਲਪ ਦ੍ਵੈਤ ਉਪਜਾਯ। ਇਛ
ਪ੍ਰਾਪ ਨਹ ਆਧ ਕਹਾਯ। ਵਾਯ ਪਿਤ ਕਫ
ਹੋਤ ਬਿਕਾਰ। ਦੇਹ ਦੁਖੀ ਹ੍ਵੈ ਬਜ਼ਾਧ ਬਿਚਾਰ

Digitized by Panjab Digital Library | www.panjabdigilib.org

॥ ੬ ॥ ਮਿਸ੍ਰਤ ਹ੍ਵੈ ਵਾ ਹੋਵੈ ਭਿੰਨ। ਆਧ
ਬਜਾਧ ਕੇ ਕਹੇ ਕਲਿੰਨ । ਤਾਂਤੇ ਮੂਲ
ਵਾਸਨਾਂ ਜਾਨ। ਪੰਚਤਤ ਭਨਮਾਤ੍ਰ ਉਪਾਨ
॥ ੭ ॥ ਜਗਤ ਬੀਜ ਬ੍ਰਿਛ ਦਸ ਦਿਸ ਪਤ੍ਰ
। ਕਰਮ ਫੁਲ ਸੁਭ ਫਲ ਹ੍ਵੈ ਤਤ੍ਰ। ਮਿਲ੍ਯੋ
ਪਰਸਪਰ ਵਾਸਨ ਜੀਵ। ਤਾਂਤੇ ਭੂਲ ਪਰ੍ਯੋ
ਹੈਸੀਵ॥੮॥ਕਟੈ ਵਾਸਨਾ ਜਰ ਤਰ ਜਾਯ ਵਿਸ੍ਵ
ਨ ਪਿਖੈ ਚਿਦਾ ਨੰਦ ਭਾਯ ॥ ਅਗਨਿ
ਪ੍ਰਪੱਕ ਭੋਜ ਜੋ ਖਾਯ। ਚਲੈ ਤਲੈ ਸੁਨ
ਤਾਂਹ ਸੁਭਾਯ ॥ ੯ ॥ ਕੁੰਡਲਨੀ ਪੁਰਸ੍ਰਕਾ
ਸਾਬ। ਕਲਾ ਜੀਵ ਤਿਹ ਮਿਲੀ ਸੁਰਾਬ
ਵਹ ਸੋਂ ਪੁਸ੍ਰ ਪ੍ਰਾਣ ਕੋ ਥਾਂਨ । ਉਦਾਨ
ਪਵਨ ਤਾਂਤੇ ਨਿਕਸਾਨ ॥ ੧੦ ॥ ਅਰਧ
ਉਰਧ ਹ੍ਵੈ ਉਦਾਨ ਅਪਾਨ। ਆਪਨ ਵਿਖੇ

Digitized by Panjab Digital Library | www.panjabdigilib.org

ਯੁਧ ਕ੍ਰਿਤਠਾਨ ॥ ਤਾਂਤੇ ਅਗਨਿ ਉਠਤ ਉਰ ਛੋਭ। ਰਿਦੇ ਆਨ ਇਸਥਿਤ ਹ੍ਵੈ ਖੋਭ ॥੧੧॥ਵਹ ਭੋਜਨ ਹ੍ਰਿਦ ਅਗਨਿ ਪਕਾਯ। ਸਰਬ ਨਾੜਿ ਰਸ ਲੇਤ ਬਨਾਯ। ਬੀਜ ਧਰਾ ਰਤਧਰ ਨਸ ਜੋਯ। ਲੇਤ ਉਸਾਸ ਆਪਨ ਰਸ ਸੋਯ ॥ ੧੨ ॥ ਇਸੀ ਪ੍ਰਕਾਰ ਸਰਬ ਰਸ ਲੇਤ। ਰੋਗ ਰਹਤ ਤਨ ਰਾਖੇ ਹੇਤ। ਹੋਤ ਬਿਕਾਰ ਜਾਸ ਮੈਂ ਮੀਤ। ਤਜੈ ਸੁ ਰਸ ਨਾੜੀ ਗਦ ਦੀਤ ॥ ੧੩ ॥ ਪਚੈ ਨ ਅੰਨ ਹੋਤ ਤਿਹ ਰੋਗ। ਰਾਜ ਸੈਨ ਦ੍ਰਿਸ੍ਟਾਂਤ ਸੰਜੋਗ। ਜਬ ਜੋਗੀ ਤਿਹ ਕਰੈ ਨਿਵਾਸ। ਤਬ ਆਧ ਬਯਾਧ ਸਕਲੇ ਹ੍ਵੈ ਨਾਸ ॥ ੧੪ ॥ ਜਬ ਜੋਗੀ ਚਿਤ ਤਿਹ ਠਾਂ ਧਰੈ। ਸਰਬ ਸਿਧਿ ਤਾਹੀ ਕੌ ਵਰੈ। ਨੇਤ੍ਰ

Digitized by Panjab Digital Library | www.panjabdigilib.org

ਮੂੰਦ ਕਰ ਕਰਹੈ ਧਿਆਨ । ਕੈਸੇ ਦੇਖੈ ਸਰਬ ਸਥਾਨ ॥ ੧੫ ॥ ਜਿਵ ਸੁਪਨੈ ਮੈਂ ਦੇਖੈ ਜੀਵ । ਤੈਸੇ ਇਹੰ ਬਿਧਿ ਜਾਨ ਸਦੀਵ । ਸੁਪਨੇ ਦੇਖੇ ਸਿਧ ਨ ਹੋਯ । ਸ਼ਿਧ ਜੋਗੇਸ੍ਵਰ ਕਿਹ ਬਿਧ ਸੋਯ ॥ ੧੬ ॥ ਅੰਤਹ ਕਰਣ ਮਲਨ ਹੈ ਜੀਵ । ਸੁਧ ਮੁਨੀਸ ਹੋਤ ਹੈ ਹੀਵ । ਪਦਮਾਸਨ ਕਰ ਕਰਹੈ ਧਜਾਨ । ਫੁਰੈ ਸਰਬਦਾ ਈਸ ਸਮਾਨ ॥ ੧੭ ॥ਸਿਧਾਂਤ ਕਥਨ ॥ ਨਹ ਕੋ ਜੀਵਤ ਨਹ ਕੋ ਈਸ਼ । ਏਕੈ ਆਦ ਸੁਧ ਜਗਦੀਸ । ਤਾਂਤੇ ਫੁਰਯੋ ਸੁਪਨ ਕੀ ਨਿਆਈ । ਦੇਹ ਪਦਾਰਥ ਅਨਕ ਅਭਾਈ ॥ ੧੮ ॥ ਭੂਮ ਜਿਮ ਸਿਸ ਤਨ ਪੇਖਯੋ ਸੰਗ । ਸ੍ਵਯੰ ਕਲ-ਪਨਾ ਜਛ ਪ੍ਰਸੰਗ ॥ ਅੰਧਕਾਰ ਭੂਮ ਭਇਓ

ਸੁ ਭਾਰੀ । ਬਿਨ ਰਵਿ ਉਦੈ ਨ ਹੋਤ ਉਜਾਰੀ ॥ ੧੯ ॥ ਸੂਰ ਪ੍ਰਕਾਸ਼ ਜਨਾਯੋ ਭੂਪ । ਸਤਿਗੁਰ ਕ੍ਰਿਪਾ ਲਹਯੋ ਨਿਜ ਰੂਪ । ਭਯੋ ਜਥ ਦੇਹੈ ਭ੍ਰਮ ਨਾਸ । ਪਾਯੋ ਸੁਤੈ ਸਰੂਪ ਪ੍ਰਕਾਸ਼ ॥ ੨੦ ॥ ਬਿਨਾਂ ਤੇਲ ਦੀਪਕ ਨਿਰਬਾਣ । ਦੇਹ ਅਭਿਮਾਨ ਬਿਨਾਂ ਤਿਮ ਜਾਨ । ਦੇਹ ਵਾਸਨਾ ਤਜੈ ਅਸ਼ਿਸ੍ਟ । ਤਬ ਦ੍ਰਿੜ ਹੋਵੈ ਗਯਾਨ ਸਪਸ੍ਟ ॥ ੨੧ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਯੋਗ ਮਾਰਗ ਵਾਸਨਾ ਰੋਕਨਾ
ਵਿਧ ਸਿਧਾਂਤ ਪ੍ਰਤਿਪਾਦਨੋ
ਨਾਮ ੨੧ ਮੋਂ ਧਯਾਇ ॥ ੨੧ ॥

—:o:—

Digitized by Panjab Digital Library | www.panjabdigilib.org

ਸਿਧਾਂਤ ਪ੍ਰਸਨੋਤ੍ਰ ਵਰਨਨੰ ॥ ਵਾਰਤਕ ॥ ਹੇ ਗੁਰੋ ਹਮਾਰੇ ਸੁਭ ਕਰਮੋਂ ਕਾ ਫਲ ਗਜ਼ਾਨ ਹੈ, ਕਰਮੋਂ ਕਰ ਅੰਤਹ ਕਰਣ ਸੁਧ ਹੋਤਾ ਹੈ ਤਬ ਗਜ਼ਾਨ ਹੋਤਾ ਹੈ? ਹੇ ਸਿਖ ! ਜੋ ਸੁਭ ਕਰਮ ਤੈਨੇ ਕੀਏ ਉਨ ਕਰਮੋਂ ਕਾ ਪੁਤਲਾ ਗੁਰੋਂ ਕਾ ਸਰੂਪ ਹੈ ॥

ਹਮ ਤੌ ਆਪ ਆਤਮਾਂ ਥੇ ਗੁਰੋਂ ਨੈ ਕਿਆ ਦੀਆ ਹੈ ? ਜੌਨਸੇ ਨਹੀਂ ਮਾਨਤੇ ਥੇ ਸੋ ਭੀ ਆਤਮਾ ਹੈਂ ਪ੍ਰੰਤੂ ਗੁਰਾਂ ਕੇ ਜਨਾ-ਵਨੇ ਕਰ ਆਤਮਾ ਹੋਤਾ ਹੈ, ਨਹੀਂ ਤੋ ਜੀਵ ਬਣ ਰਹਾ ਹੈ। ਗੁਰੋਂ ਨੈ ਤੋ ਨਿਸਚਾ ਨਿਰਭੈ ਪਦ ਦੀਆ ਹੈ, ਬੁਧੀ ਵਿਖੇ ਆਤਮਾ ਤੌ ਆਗੇ ਭੀ ਅਲੇਪ ਥਾ। ਅਗਜ਼ਾਨ ਕਰ ਭੈ ਕੇ, ਤਾਪਕੋ ਪ੍ਰਾਪਤ ਹੋ ਰਹਾ ਥਾ ਮਨ ਕਰਣ

Digitized by Panjab Digital Library | www.panjabdigilib.org

ਕਰ-ਸੋ ਮਨ ਗੁਰੋਂ ਨੇ ਨਿਸਚਲ ਕਰ ਦੀਆ ਹੈ, ਚਿਤ ਆਦਿਕ ਕਰ ਚਿੰਤਾ ਹੋਤੀ ਥੀ ਸੋ ਅਚਿੰਤ ਅਨੰਦ ਮੈ ਕਰ ਦੀਆ ਹੈ, ਆਤਮਾਂ ਸੋ ਸਪਸ਼੍ਰ ਰੂਪ ਥਾ। ਪਰ ਭ੍ਰਮ ਹੰਕਾਰ ਦੇਹ ਵਿਖੇ ਥਾ, ਸੋ ਆਤਮਾ ਵਿਖੇ ਅਹੰਕਾਰ ਕਰਾਈ ਹੈ, ਤਿਸ ਅੰਧਕਾਰ ਭ੍ਰਮ ਕਾ ਨਾਸ ਕਰਤਾ ਹੈ ਗੁਰੂ। ਜੈਸੇ ਬਾਦਰੋ ਕਰ ਰਵਿ ਛਾਦਿਆ ਜਾਤਾ ਹੈ ਤੈਸੇ ਮਾਇਆ ਕਰ ਆਤਮਾਂ ਛਾਦਿਆ ਥਾ। ਸੋ ਗੁਰਬਚਨ ਰੂਪੀ ਪਵਨ ਕਰ ਮਾਇਆ ਉਡ ਜਾਤੀ ਹੈ ਤੋ ਆਤਮਾ ਤੇ ਜਜੋਂ ਕਾ ਤਜੋਂ ਭਾਸ ਆਤਾ ਹੈ। ਗਿਆਨੀ ਕੋ ਸਤਿਸੰਗ ਕੀ ਅਪੇਖਨਾਂ ਨਹੀਂ ਹੋਤੀ ਜੈਸੇ *ਨਿਗ੍ਰੋਧ

*ਬੋਹੜ ਪਿਪਲ ਆਦ ਬਿਰਛ ॥

Digitized by Panjab Digital Library | www.panjabdigilib.org

ਆਦੀ ਬ੍ਰਿਖੋਂ ਕੋ ਜਲ ਕੀ ਅਪੇਖਜਾ ਨਹੀਂ ਹੋਤੀ ਪ੍ਰੰਤੂ ਮੇਘ ਜਲ ਕਰ ਊਪਰ ਪੰਚਾਂਗ ਕੀ ਮਲਾਦਿ ਧੋਈ ਜਾਤੀ ਹੈ। ਤੈਸੇ ਸਤਸੰਗ ਕਰ ਤਨ ਬੁਧਾਦਿਕ ਨਿਰਮਲ ਰਹਤੇ ਹੈਂ ਸਰਬ ਭੂਤੋਂ ਮੈਂ ਏਕ ਆਤਮਾ ਹੈ। ਜੈਸੇ ਸਰਬ ਬਨ ਬ੍ਰਿਛੋਂ ਕੇ ਵਿਖੇ ਏਕ ਜਲ ਜੀਵ ਆਤਮਾ ਹੈ। ਤੈਸੇ ਭੂਤੋਂ ਮੈਂ ਏਕ ਆਤਮਾ ਹੈ। ਫਲ ਬ੍ਰਿਛ ਸ੍ਵਭਾਵ ਭਿੰਨ ਹੈਂ ਕੈਸੇ ? ਜੈਸੇ ਏਕ ਆਤਮਾ ਤੈ ਸ੍ਰਿਸ਼ਟੀ ਉਪਜੇ। ਜੈਸੇ ਏਕ ਬਰਖਾ ਰਿਤੁ ਮੈਂ ਅਨੇਕ ਪ੍ਰਕਾਰਕੇ ਜੀਵ ਉਪਜ ਆਵਤੇ ਹੈਂ ਤੈਸੇ। ਅਹੋ ਆਤਮਾ ਤੈ ਅਨੰਤ ਸ੍ਰਿਸ਼ਟੀ ਉਪਜੈਹੈ। ਹੇ ਗੁਰੋ ਤੁਮਨੈ ਕਿਆ ਦਿਖਾਲਿਆ ਹੈ, ਸਰੂਪ ਕੀ ਲਖਤਾ ਕਰਾਈ ਹੈ ਜੈਸੇ

Digitized by Panjab Digital Library | www.panjabdigilib.org

*ਅਜਾ ਸੰਬੂਹ ਕੈ ਬੀਚ ਸਿੰਘ ਦਿਖਾਇ ਦੀਆ। ਇੰਦ੍ਰੀ ਆਦਿਕ ਸਿੰਘ ਰੂਪੀ ਆਤਮਾ ਜਨਮ ਮਰਨ ਤੇ ਰਹਤ ਕਰਦੀਆ ਹੈ। ਕਿਸੀ ਕਾਲ ਮੈਂ ਗਯਾਨੀ ਹੋਵੈ ਤਿਸੀ ਕਾਲ ਗਯਾਨੀ ਕੀ ਮ੍ਰਿਤੁ ਕਹੀ ਹੈ ਐਸਾ ਮਰਤਾ ਹੈ ਜੋ ਬਹੁੜੋ ਮਰਨਾਂ ਨਹੀ ਪੜ੍ਹਤਾ। ਚਿਤ ਚਿੰਤਾ ਕਰੇ, ਮਨ ਮਨਨ ਕਰਤ, ਬੁਧੀ ਨਿਸਚਾ ਕਰਤੀ

---

*ਇਕ ਉਦਾਹਰਣ ਵੱਲ ਇਸ਼ਾਰਾ ਕਰ ਦਿਆਂ ਦਸਜਾ ਹੈ ਕਿ ਕਿਸੀ ਆਜੜੀ ਨੇ ਕਿਤੇ ਸਿੰਘ ਦਾ ਬੱਚਾ ਲਭ ਪਾਲਿਆ ਤੇ ਆਪਣੀਆਂ ਬਕਰੀਆਂ ਦੇ ਇਜੜ ਦੀ ਸੰਭਾਲ ਕਰਣ ਦਾ ਕੰਮ ਓਸ ਤੋਂ ਲੈਣਾਂ ਓਸਨੂੰ ਸਿਖਾਜਾ ਜਦਕਿ ਸਮਾਂ ਪਾਕੇ ਹੋਰਸ ਸ਼ੇਰ ਨੇ ਤੱਕ ਹਰਾਨੀ ਖਾ ਓਸਨੂੰ ਪਕੜਿਆ ਤੇ ਨਦੀ ਕਿਨਾਰੇ ਲਜਾ ਪ੍ਰਤਿ ਬਿੰਬ ਦਿਖਾਲਿਆ ਕਿ ਸਿੰਘ ਵਰਗਾ ਸਿੰਘ ਹੈ,ਫਿਰ ਭਬਕਾਰ ਮਾਰ ਇਕ ਦੋ–

Digitized by Panjab Digital Library | www.panjabdigilib.org

# ਅਹੰਕਾਰ ਸਪਸ਼੍ਟ ਕਰਤਾ' ਆਤਮਾ ਸਦਾ ਮੁਕਤ ਰੂਪ ਹੈ, ਮਨ ਆਦਿਕ ਕਰ ਬੰਧਿਆ ਭਾਸਤਾ ਹੈ, ਦੇਹ ਹੰਕਾਰ ਕਰ ਬੇੜੀ ਪੜੀ

---

—ਬਕਰੀਆਂ ਪਾੜ ਖਾਧੀਆਂ ਜਿਸ ਪਰ ਓਸ ਰਖਵਾਲੇ ਸਿੰਘ ਭੀ ਵੈਸੀ ਹੀ ਭਬਕ ਮਾਰੀ ਤੇ ਦੋਹਾਂ ਨੇ ਸਾਰਾ ਇਜੜ ਚੀਰ ਮਾਰਿਆ। ਏਹੋ ਹਾਲ ਅਗਜਾਨ ਅਯਾਲੀ ਨੇ ਪਰਮਾਤਮਾਂ ਦੇ ਨਿਜਰੂਪ ਅੰਸ (ਪੁਤ੍ਰ) ਆਤਮਾ ਨੂੰ ਅਧੀਨ ਕਰਕੇ ਇੰਦ੍ਰੀਆਂ ਰੂਪੀ ਬਕਰੀਆਂ ਦੀ ਵਿਖਯ ਭੋਗ ਆਦੀ ਪ੍ਰਬਿਰਤੀ ਰੂਪ ਸੰਭਾਲ ਵਿਚ ਤੱਤ ਪਰ ਕੀਤੀ ਰੱਖਯਾ। ਜਦਕਿ ਪਾਰ-ਬ੍ਰਹਮ ਨਾਲ ਅਭੇਦਤਾ ਪ੍ਰਾਪਤ ਬ੍ਰਹਮ ਗਜਾਨੀ ਸਤਿਗੁਰਾਂ ਦਯਾਲੁਤਾ ਵੱਸ ਇਸ ਉਪਰ ਉਪਕਾਰ ਕੀਤਾ ਤੇ ਧਯਾਨ ਮੰਡਲੀ ਵਿਖੇ ਅੰਤਰ ਮੁਖੀ ਪ੍ਰਵਾਹ ਅੰਦਰ ਇਸਨੂੰ ਸ੍ਵੈ ਪਰਕਾਸ਼ ਜਯੋਤੀ ਦਾ ਦਰਸਨ ਕਰਾਯਾਤੇ ਸ਼ਬਦ ਰੂਪੀ ਲਲਕਾਰ ਮਾਰ ਇਸਦੀ ਅਵਿਦੱਯਾਦੇ ਅਧੀਨ ਹੋਈ ਸੁਰਤ ਨੂੰ ਜਗਾ ਦਿੱਤਾ ਜਦਕਿ ਜੀਵ ਪੁਣੇ ਦਾ ਭੁਲੇਖਾ ਇਸਦਾ ਦੂਰ ਹੋ ਗਿਆ ਤੇ ਇਹ ਆਪਣੇ ਆਪ ਨੂੰ ਓਸ ਮਹਾਰਾਜ (ਪ੍ਰਮਾਤਮਾਂ) ਦਾ ਸੱਚਾ ਪੁਤ੍ਰ ਆਤਮਾ ਸਮਝ ਗਿਆ ਤੇ ਅਗਜਾਨ ਬੰਧਨਾ ਤੋਂ ਛੁਟ ਨਿਤ ਮੁਕਤ ਬਣ ਗਿਆ॥

Digitized by Panjab Digital Library | www.panjabdigilib.org

ਹੂਈ ਹੈ। ਸੋ ਗੁਰ ਬਚਨ ਰੂਪੀ ਕੁਠਾਰ ਕਰ ਮੋਹ ਕੀ ਬੇੜੀ ਕੌ ਕਾਟ ਕਰ ਸਾਂਤ ਕੌ ਪ੍ਰਾਪਤ ਹੋਵੀਤਾ ਹੈ ਤੌ ਆਤਮਾ ਮੁਕਤ ਰੂਪ ਭਾਸਤਾ ਹੈ। *ਰਜਗੁਣ ਜੁਗਤ ਲੋਭੀ

---

*ਗੁਰੂ ਗੱਦੀ ਇਸ ਸਮਯ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਤੇ ਗੁਰੂ ਗੋਬਿੰਦ ਦੇਵ ਜੀ ਤੋਂ ਸਭ ਗੁਰੂਆਂ ਸਿਰ "ਗੁਰੂ ਨਾਨਕ" ਹੀ ਰਿਹਾ ਨਾਨਕ 'ਨਿਰੰਕਾਰ ਜੀ ਤੇ ਦਸਵਾਂ। 'ਗੋਬਿੰਦ' ਜਿਘ ਰੂਪ ਗੋਬਿੰਦ ਨੇ ਗੁਰੂਆਂ ਦੀ ਪਾਤਸ਼ਾਹੀ ਤੇ ਭੋਗ ਪਾਇਆ ਤੇ ਮਾਨੁਖੀ ਗੁਰਿਆਈ ਨੂੰ ਲੋਪਕਰ 'ਅਪਨਾ ਅਨਭਉ' ਜਿਸ ਨਾਲ ਲਖਾਂ ਉਧਾਰੇ ਪੰਥ ਨੂੰ ਪੰਥ ਪਾਵਨ ਤੇ ਪੰਥ ਤੇ ਤੁਰਾ ਪੰਥ ਨੂੰ ਤਾਰਨ ਹੇਤ ਅਸਾਡੇ ਤੇ ਅਸਾਡੀਆਂ ਨਸਲਾਂ ਲਈ ਜੁਗੋ ਜੁਗ ਗੁਰੂ ਥਾਪਯਾ। ਜਿਸਦੇ ਹੁੰਦਿਆਂ ਹੋਰਸ ਗੁਰੂ ਦੀ ਲੋੜ ਨਹੀਂ 'ਜਾਂਕਾ ਹਿਰਦਾ ਸੁਧ ਹੈ ਖੋਜ ਸਬਦ ਮੈਂ ਲੇਹੁ। ਇਹ ਗੱਲ ਸੋਲਾ ਆਨੇ ਸਚ ਹੈ॥ ਅੱਜ ਕਲ ਅੰਮ੍ਰਿਤ ਛਕਾ ਕੇ ਬਹੁਤ ਲੋਕ ਭੋਲਿਆਂ ਲੋਕਾਂ ਨੂੰ ਅੰਮ੍ਰਿਤ ਦੇ ਬਹਾਨੇ ਚੇਲੇ ਚੇਲੀਆਂ ਬਣਾ ਕੇ ਇਨਾਂ ਤੁਕਾਂ ਰਾਹੀ ਆਪਣਾ ਗੋਲੂ ਸਿਧ ਕਰਦੇ ਹਨ ਜੋ ਭਾਰਾ ਅਪ੍ਰਾਧ ਹੈ।—

Digitized by Panjab Digital Library | www.panjabdigilib.org

ਗੁਰ ਹੋਯ ਤੌ ਜਨਕ ਤੁਲ ਜਾਨੀਏ, ਸਤ ਗੁਣ ਜੁਗਤ ਨਿਰਲੋਭੀ ਹੋਯ ਤੌ ਸੁਕਦੇਵ ਤੁਲ ਮਾਨੀਐ, ਤਮਗੁਣ ਕ੍ਰੋਧ ਜੁਗਤ ਹੋਯ ਤੌ ਦੁਰਬਾਸਾ ਤੁਲ ਜਾਨੀਐ। ਕੰਮੀ ਰਾਜ

---

–ਉਪਦੇਸ਼ ਗੁਰੂਆਂ ਦਾ ਅੰਮ੍ਰਿਤ ਗੁਰੂ ਦਾ ਦੇਣ ਵਾਲੇ ਸਿਖ ਗੁਰੂ ਦੇ ਤੇ ਦਿੰਦੇ ਭੀ ਆਗਯਾ ਗੁਰੂ ਪੰਥ ਦੀ ਅਨੁਸਾਰ, ਫੇਰ ਕਿਡੇ ਅਲੋਕਾਰ ਦੀ ਗੱਲ ਹੈ। ਕਿ ਅੰਮ੍ਰਿਤ ਛਕੌਣ ਵਾਲਾ ਆਪਣਾ ਚੁਧਰੇਮਾ ਸਾੜੇ ਤੇ ਜਿਹੜੇ ਅੰਮ੍ਰਿਤ ਛਕਨ ਵਾਲੇ ਓਸ ਛਕੌਣ ਵਾਲੇ ਨੂੰ ਗੁਰੂ ਮੰਨ ਪੂਜ ਦੇ ਹਨ ਕਿਡੇ ਧੋਖੇ ਵਿਚ ਹਨ। ਗੁਮਾਸਤਾ ਸ਼ਾਹ ਦੇ ਰੁਪਯੇ ਉਤੇ ਵਣਜ ਕਰਦਾ ਹੈ, ਜੇ ਸ਼ਾਹ ਦੇ ਨਾਮ ਤੇ ਨਹੀਂ ਵਣਜਦਾ ਅਰੁ ਆਪ ਹੀ ਸ਼ਾਹ ਬਣਦਾ ਹੈ ਜਰੂਰ ਇਕ ਦਿਨ ਦੰਡ ਦਾ ਭਾਗੀ ਬਣੇਗਾ॥ ਤੇ ਪਿੱਛ ਲੱਗਾਂ ਨੂੰ ਭੀ ਦੰਡਿਤ ਕਰਾਊ ਇਹ ਬਚਨ ਓਸ ਸਮੇਂ ਉਚਾਰੇ ਗਏ ਸਨ ਜਦਕਿ ਆਪ ਲੋਕ ਪਹਿਲਿਆਂ ਸਤਿਗੁਰੂਆਂ ਦੀ ਧਾਰਨਾ ਛੇਵੇਂ ਪਾਤਸ਼ਾਹ ਜੀ ਦੀ ਗੁਰਗਾਦੀ ਤੋਂ ਦਸਵੇਂ ਪਾਤਸ਼ਾਹ ਪ੍ਰੀਤ ਦੀ ਧਾਰਨਾਂ ਵਿਚ ਧਰਤੀ ਅਸਮਾਨ ਦੇ ਫਰਕ ਨਾਲ ਬਾਹਰਾ ਪ੍ਰੀਵਰਤਨ ਦੇਖ–

Digitized by Panjab Digital Library | www.panjabdigilib.org

ਨੀਤੀ ਗੁਰ ਹੋਯ ਤੌ ਕ੍ਰਿਸਨ ਦੇਵ ਤੁਲ ਮਾਨੀਏ ਮੋਹ ਪਵਿਤ੍ਰ ਜੁਗਤ ਗੁਰ ਹੋਇ ਤੌ ਵਸਿਸ੍ਟ ਤੁਲ ਗੁਰ ਜਾਨੀਏ ਅਹਿੰਕਾਰ ਰਹਤ ਜਗਤ ਗੁਰ ਹੋਯ ਤੌ ਬਿਸ੍ਵਾ ਮਿੱਤ੍ਰ ਤੁਲ ਗੁਰ ਜਾਨੀਏ, ਅਰਾਧਨ ਗੁਰ ਹੋਇ ਤੌ ਬ੍ਯਾਸ ਦੇਵ ਤੁਲ ਗੁਰ ਜਾਨੀਏ। ਜੇ ਗੁਰੂ ਸਮਾਧੀ ਜੁਗਤਿ ਹੋਯ ਤੌ ਕਪਲ ਦੇਵ ਮੁਨਵਰ ਤੁਲ ਜਾਨੀਏ। ਗੁਰ ਭਿਖ੍ਯੂ ਹੋਇ ਤਉ ਯਾਗ੍ਯਵਲਕ ਸਮ ਜਾਨੀਏ। ਰਾਜਾ ਜਨਕ

---

–ਦੇਖ ਅਨੇਕ ਪ੍ਰਕਾਰ ਦੀਆਂ ਤੂਤੀਆਂ ਭੀੜੀਆਂ ਛੱਡ ਰਹੇ ਤੇ ਨਵੀਨ ਸਰਨਾਗਤਾਂ ਨੂੰ ਭੁਟਕਾਣ ਦਾ ਜਤਨ ਕਰਦੇ ਸਨ ॥ ਜਿਹੜੇ ਲੋਕ ਇਨਾਂ ਅੱਖਰਾਂ ਦਾ ਹਿੰਡ ਪਸਾਰਕੇ ਲੋਕਾਂ ਨੂੰ ਠੱਗ ਰਹੇ ਤੇ ਪਤਿਤ ਕਰ ਰਹੇ ਹਨ। ਸੰਭਲ ਜਾਣ ਤੇ ਸਤਿ-ਗੁਰਾਂ ਦੀ ਸਿੱਖ੍ਯਾ ਨੂੰ ਸਤਿਗੁਰਾਂ ਦੀ ਹੀ ਕਰਕੇ ਵਰਤਨ ਨਹੀਂ ਤਾਂ ਓੜਕ ਨੂੰ ਓਹ ਭਾਰਾ ਪਛੁਤਾਨਗੇ ॥

Digitized by Panjab Digital Library | www.panjabdigilib.org

ਨੇ ਕਹਾ ਸੁਕਦੇਵ ਕੌ: ਗੁਰ ਧਾਰੋ - ਆਗੈ ਜੌਨ ਗਵਨ ਕੀਏ ਮਿਲੈ। ਸੁਨ ਸੁਕ ਚਲਾ ਆਗੈ ਝੀਵਰ ਮਿਲਾ ਤਾਕੋ ਦੇਖ ਕਰੀ ਤੋ ਰਾਜੇ ਪੂਛਾ ਕੌਣ ਮਿਲਾ ਤਬ ਸੁਕ ਬ੍ਰਿਥਾ ਕਹ ਸੁਨਾਈ। ਰਾਜੇ ਕਹਾ ਚੌਰਾਸੀ ਭੋਗਹ। ਸੁਕ ਕਹਾ ਯਹ ਪ੍ਰਾਸਚਿਤ ਕਿਓਂ ਮਿਟੈ ਰਾਜੇ ਕਹਾ ਗੁਰ ਪੈ ਜਾਯ ਪੂਛ। ਗੁਰੋ ਕੇ ਕਹੇ - ਤਿਨੋ ਚੌਰਾਸੀ ਲਿਖ ਦਈ ਔਸੇ ਪਰ ਲੌਟੇ ਚੁਰਾਸੀ ਕਾਟੀ ਜਾਵੇਗੀ। ਤਿਸੀ ਪ੍ਰਕਾਰ ਕਈ ਗੁਰੋਂ ਕਾ ਅਪਮਾਨ ਆਗਯਾ ਭੰਗ ਕਰਣੀ ਨਹੀ ਲਿਖੀ, ਜੈਸੇ ਬ੍ਰਿਛਬੀਜ ਦੇ ਆਸਰੇ ਪੰਛਾਂਗ ਰਹਤੇ ਹੈ ਤੈਸੇ ਆਤਮਾ ਅੰਮ੍ਰਿਤ ਰਜ ਤਮ ਸਤ ਜਗਤ ਮਾਯਾ ਰਹਤੀ ਹੈ। ਜੋ ਗੁਰ ਤਰਕ ਮਾਰ

ਹੋਯ। ਤੌ ਗੋਤਮ ਤੁਲ ਮਾਨੀਏ, ਜੋ ਗੁਰ ਸਮਕਾਲ ਵਿਸ਼ੇਸ਼ਤਾ ਦੇਵੈ ਤੌ ਕਣਾਦਿਕ ਰਿਖੀ ਕਰ ਮਾਨੀਏ। ਜੋ ਗੁਰ ਪਤੰਜਲੀ (ਯੋਗੀ) ਹੋਯ ਤੌ ਸ਼ੇਸ਼ ਤੁਲ ਮਾਨੀਏ। ਜੈਸੇ ਏਕ ਬ੍ਰਿਛ ਤ੍ਯਾਗ ਕੇ ਪੰਛੀ ਦੂਜੇ ਬ੍ਰਿਖ ਮੈਂ ਜਾਯ ਬੈਠਤਾ ਹੈ ਤੈਸੇ ਏਕ ਦੇਹ ਤਿਆਗ ਕੈ ਜੀਵ ਔਰ ਸਰੀਰ ਕੋ ਧਾਰਤਾਹੈ। ਜੀਵਤਾ ਕਰ ਸਤੀ ਕੈਸੇ ਰਾਜਾਨੀ ਭਰਤਾ ਕੋ ਭੋਗਤੀ ਹੈ ਵਹੁ ਤੋ ਵਿਦੇਹ ਮੁਕਤੀ ਹੋਤਾ ਹੈ। ਸੰਕਲਪ ਕੇ ਵੱਸ ਭਰਤਾ ਕੋ ਭੋਗਤੀ ਹੈ। ਸ੍ਵਪਨ ਦ੍ਰਿਸ਼੍ਟਾਂਤ ਜੈਸੇ ਸ੍ਵਪਨ ਮੈਂ ਪਰ ਇਸਤ੍ਰੀ ਕਾ ਸਰੀਰ ਰਚ ਮਨ ਭੋਗਤਾ ਹੈ ਸੋ ਇਸਤ੍ਰੀ ਕਾ ਸਰੀਰ ਅਤਿਵਾਹਕ ਹੈ ਸੋ ਸਿਧ ਨਹੀਂ ਹੋਤਾ। ਸ੍ਵਪਨ ਮੈਂ ਜੋ ਪੁਰਖ

Digitized by Panjab Digital Library | www.panjabdigilib.org

ਕਾ ਬੀਰਜ ਗਿਰਤਾ ਹੈ ਸੋ ਜਾਗ੍ਰਤ ਹੋਤੀ ਕਾਹੇ ਤੇ ਸੋ ਸਰੀਰ ਪੰਚਾ ਭੂਤਾਂ ਕਾ ਹੈ ਤਿਸਕਰ ਸੋ ਸਭ ਭ੍ਰਾਂਸਤ੍ਰਾ ਹੈ। ਅਤਵਾਦਕ ਕਲਪਿਤ ਹੈ। ਪੰਚ ਭੂਤ ਪ੍ਰਤਖ ਹੈ, ਝੂਠੇ ਕਾ ਬਿਹਾਰ ਭੀ ਝੂਠਾ ਹੋਤਾ ਹੈ ਕੈਸੇ। ਜੈਸੇ ਸ੍ਵਪਨ ਮੈਂ ਸੀਸ ਭੂਲ ਚਲੈ ਤਿਸਕਾ ਜੋ ਛਾਰ ਪੜੀ ਤੋ ਕਿਆ ਸੁਭਾ ਸਭ ਕਾ ਤ੍ਯਾਗ ਕੀਆ ਹੈ, ਤ੍ਯਾਗ ਗ੍ਰਹਣ ਮਿਥ੍ਯਾ ਹੈ, ਸੋਨੇ ਔ ਲੋਹੇ ਕੀ ਬੇੜੀ ਤੁਲ ਹੈ। ਆਤਮਾ ਕੰਠ ਮਾਲਾ ਵਤ ਭੂਲ ਪਰਾ। ਜੋ ਕਿਸੇ ਨੇ ਕਹਾ ਕੰਠ ਮੈਂ ਹੈ *ਗੁਰ ਪਦ

---

*ਬਸ ਜਿਸਦਾ ਉਪਦੇਸ਼ ਓਹ ਗੁਰੂ। ਸੋ ਉਪਦੇਸ ਗੁਰੂ ਦਾ ਹੈ ਇਸ ਲਈ ਸਿਖ ਭੀ ਗੁਰੂ ਦਾ ਹੀ ਨਿਸ਼ਚੇ ਕਰਕੇ ਅਪਨੇ ਆਪਨੂੰ ਸਮਝੇ ॥

Digitized by Panjab Digital Library | www.panjabdigilib.org

ਉਸੀ ਕਾ ਹੀ ਹੈ। ਸਰਬ ਕਰਮ ਕਰਤਾ ਗਿਆਨੀ ਲਿਪੈ ਨਾਹੀਂ ਕਮਲ ਪਤ੍ਰ ਜਲ ਮਹ। ਸਤਿਗੁਰ ਇਨਮਃ ਸੋ ਫੇਰ ਪ੍ਰਾਤ ਕਾਂਲ ਨਾਮ ਲੇ। ਅਦਿਪ੍ਰਤ ਗੁਰੂ ਲਸੂਕਾ ਵਤ ਹੈ ਜਲ ਮੈਂ ਨ ਡੂਬੈ। ਜੋ ਆਸ੍ਰਿਤ ਹੂੈ ਪਾਰ ਜਾਹੈ ਸੋ ਨਾਂ ਪਹੁੰਚੈ। ਅਚਾਰਜ ਗੁਰੂ ਨਾਵ ਵਤ ਹੈ ਆਪ ਤਰੈ ਔਰੋਂ ਕੋ ਭੀ ਤਾਰੈ। ਜੈਸੇ ਸ੍ਵੇਤ ਬਸਤ੍ਰ ਕੋ ਰੰਗ ਚੜ੍ਹੈ ਤੈਸੇ ਸੁਧ ਜਗਿਆਸੂ ਕੋ ਬੋਧ ਹੋਵੈ, ਜੈਸੇ ਤੂੰਬੜੀ ਜਲ ਮੈਂ ਨ ਡੂਬੈ, ਮੈਲੇ ਬਸਤ੍ਰ ਕੋ ਰੰਗ ਨਾਹੀਂ ਚੜ੍ਹਤਾ ਤੈਸੇ ਅਸੁਧ ਅਗਿਆਨੀ ਕੋ ਬੋਧ ਹੋਤਾ ਗਿਆਨੀ ਸੰਸਾਰ ਤੇ ਅਸੰਗ ਰਹਤਾ ਹੈ ਕੈਸੇ ? ਜੈਸੇ ਮਾਖਨ ਛਾਛ ਤੇ ਨਿਕਾਸ ਪੁਨਾ ਛਾਛ ਮੈਂ

Digitized by Panjab Digital Library | www.panjabdigilib.org

ਰਾਖੈ ਤੌ ਮਿਲਤਾ ਨਹੀ ਆਸਿਗ ਹੈ ਮਿਥਿਆ ਹੈ ਜਾਨਕੈ- ਜੈਸੇ ਸ੍ਵਪਨ ਮੈ ਸ੍ਵਪਨਾਂਤਰ ਹੋਵੈ ਸੋ ਝੂਠਾ ਹੈ ਆਤਮਾ ਕੇ ਸਾਖਯਾਤ ਨਮਿਤ ਰੱਦ ਸਾਖਾ ਵਤ ਦ੍ਰਿਸ਼ਟਾਂਤ ਦੀਆ ਹੈ ਜੈਸੇ ਜੇਵੜੀ ਮੈ ਸਰਪ ਭਾਸਤਾ ਥਾ ਸੋ ਤੀਨ ਕਾਲ ਸਰਪ ਹੈ ਨਾਹੀ ਜੇਵੜੀ ਸਤ ਹੈ ਸੋ ਬ੍ਰਹਮ ਹੈ, ਭ੍ਰਮ ਕਰਕੈ ਸਰਪ ਜਗਤ ਭਾਸਤਾ। ਸੋ ਭ੍ਰਮ ਗੁਰੋ ਨੈ ਨਿਵਿਰਤ ਕੀਆ ਹੈ ਸੀਪ ਰੂਪੇ ਵਤ ਦ੍ਰਿਸ਼ਟਾਂਤ ਗੁਰੋ ਨੈ ਮਨ ਕੀ ਮਨਨਤਾ ਕਾਟ ਡਾਰੀ ਜੈਸੇ ਗਾਰੜ ਨੈ ਸਰਪ ਕੋ ਕਾਟ ਡਾਰਾ ਹੈ, ਉਪਦੇਸ਼ ਰੂਪੀ ਗਾਰੁੜ (ਮੰਤ੍ਰ) ਕਰ ਮਨ ਰੂਪੀ ਸਰਪ ਕੋ ਕਾਟ ਦੀਆ। ਮਨ ਮਹਾਂ ਦੁਸਤਰ ਹੈ, ਵੈਰਾਗ ਅਭਿਆਸ ਤੈ ਪ੍ਰਾਪਤ ਕਰੀਤਾ ਹੈ,

Digitized by Panjab Digital Library | www.panjabdigilib.org

ਆਪਨੀ ਕੰਠ ਕੀ ਮਾਲਾ ਭੂਲ ਗਈ ਥੀ ਗੁਰ ਦੇਖ ਕਹੈ ਤੇਰੇ ਕੰਠ ਵਿਖੇ ਹੀ ਹੈ। ਜਾਬ ਥੀ ਭ੍ਰਮ ਦੇਖ ਸੰਤਾਪ ਜਾਨਤਾ ਥਾ ਸੋ ਗੁਰੋਂ ਨੇ ਸਤਿ ਚਿਤ ਆਨੰਦ ਪਦ ਦੀਆ ਹੈ। ਜੈਸੇ ਬਿਭਚਾਰਨੀ ਇਸਤ੍ਰੀ ਚਿਤ ਮਿਤ੍ਰ ਵਿਖੇ ਰਾਖੈ ਹੈ ਔਰ ਸਭ ਵਿਵਹਾਰ ਭੀ ਸਾਧੈ ਤੈਸੇ ਗਿਆਨੀ ਹੂਆ ਜਾਨ, ਜੈਸੇ ਪਨਿਹਾਰੀ ਚਿਤ ਘਾਟ ਮੈਂ ਰਾਖੇ ਅਰੁ ਚੇਸ੍ਟਾ ਕਰੇ ਤੈਸੇ ਗਿਆਨੀ ਹੈ, ਜੈਸੇ ਰਾਜ ਪਦ ਪਾਏ ਤੈ ਪ੍ਰਸੰਨਤਾ ਹੋਤੀ ਹੈ ਫੇਰ ਤਦਾ ਰੂਪ ਬ੍ਰਿਤੀ ਹੋ ਜਾਤੀ ਹੈ ਤੈਸੇ ਗਿਆਨ ਆਦ ਪ੍ਰਸੰਨਤਾ ਹੋਤੀ ਹੈ। ਪੁਨਾ ਹਰਖ ਸੋਗ ਤੇ ਰਹਤ ਹੋਤੀ ਹੈ ਜੈਸੇ ਇਸਤ੍ਰੀ ਸੁਸਰ ਦੇਵਰ ਜੇਠਾਦਕ ਕੀ ਸਸਰੂਖਜਾ ਕਰਤੀ ਹੈ ਪ੍ਰੰਤੂ ਦੰਪਤ ਕਾ

Digitized by Panjab Digital Library | www.panjabdigilib.org

ਮੇਲ ਭਰਤਾ ਸੋ ਹੋੜਾ ਹੈ। ਤੈਸੇ ਦੇਵਰ ਜੇਠਾ ਆਦਿਕ ਸੰਤ ਹੈ, ਪ੍ਰੰਤੂ ਭਰਤਾ ਸਤਿਗੁਰੂ ਹੀ ਹੈ। ਜੌਨਸਾ *ਸਤਿਗੁਰੂ ਕੀ ਬੋਲੀਨ ਪਲਟੈ ਸੋ ਕਾਗ ਜਰਗਾਸੂ ਹੈ, ਜੋ ਸਤਿਗੁਰੂ ਕੀ ਬੋਲੀ ਪਲਟੈ ਸੋ ਸੁਧ ਸੁਕ ਜਰਗਾਸੂ ਹੈ। ਹੇ ਸ਼ਿਸ਼ ਸੂਏ ਮੁਖ ਗਿਆਨ ਅੰਗੀਕਾਰ ਨਹੀਂ ਕਰਨਾਂ ਜੌਨਸੀ ਅੰਤਰ ਲੇਸ਼ ਨ ਹੋਵੈ। ਜੈਸੇ ਬਿਲ ਕੇ ਢਾਹੇ ਸਰਪ ਜਹਰ ਨਹੀਂ ਟਰਤੀ ਤੈਸੇ ਦੇਹ ਕੇ ਤਜਾਗੇ ਮਨ

---

*ਗੁਰ ਸ਼ਬਦ ਨੂੰ ਜਗੋਂ ਕਾ ਤਗੋਂ ਜਿਹੜਾ ਅੰਦਰ ਨਹੀਂ ਧਾਰਦਾ ਓਹ ਆਪਣੀਆ ਹੀ ਮਾਰਨ ਵਾਲਾ ਕਾਗ ਸਮਾਨ ਮਨਮਤੀਆ ਜਗਜਾਸੂ ਹੈ ਤੇ ਸ਼ਬਦ ਨੂੰ ਸਾਂਗੋ ਪਾਂਗ ਹਿਰਦੇ ਵਿਚ ਧਾਰਣ ਕਰੇ ਸੋ ਸੁਧ ਜਗਜਾਸੂ ਗੁਰਮੁਖ ਗੁਰਮਤੀਆਂ ਹੈ ਇਹ ਭਾਵ ਹੈ (ਅਪਨੇ ਅੰਦਰ ਸ਼ਬਦ ਨੂੰ ਪਲਟ ਲੈਣ ਵਾਲਾ = ਧਾਰਣ ਵਾਲਾ)॥

Digitized by Panjab Digital Library | www.panjabdigilib.org

ਕੀ ਮਨਨਤਾ ਨਸ਼ਟ ਨਹੀਂ ਹੋਤੀ । ਜੈਸੇ
ਧੂੜ ਤੇ ਰਹਤ ਨਿਰਮਲ ਆਕਾਸ਼ ਹੋਤਾ ਹੈ
ਤੈਸੇ ਦੇਹ ਅਭਿਮਾਨ ਰਹਤ ਸ਼ੁਧ ਹੋਤਾ ਹੈ ।
ਜੈਸੇ ਪਾਤ ਕਾਟੈ ਮੂਲ ਕਾ ਨਸ਼ਟ ਨਹੀਂ ਹੋਤਾ
ਤੈਸੇ ਮਨ ਕਰਮੋ ਕਰ ਨਸ਼੍ਟ ਨਹੀਂ ਹੋਤਾ
ਮਨ ਨਸ਼੍ਟ ਹੂਏ ਦੇਹ ਨਸ਼੍ਟ ਹੋਤੀ ਹੈ । ਜੈਸੇ ਤੀਰ
ਚਲਾਯਾ ਹੋਯਾ ਬਿਨਾਂ ਨਹੀਂ ਨਸ਼੍ਟ ਹੋਤਾ ਤੈਸੇ
ਪ੍ਰਾਰਬਧ ਕਰਮ ਜਾਨ । ਗ੍ਯਾਨੀ ਪ੍ਰਾਰਬਧ
ਰੂਪੀ ਮਾਤਾ ਕੀ ਗੋਦ ਵਿਖੇ ਖੇਲਤਾ ਹੈ ।
ਜੈਸੇ ਮਾਤਾ ਰਾਖੇ ਤੈਸੇ ਰਹਤਾ ਹੈ । ਤਿਸਕੋ
ਹਰਖ ਸੋਕ ਕੋਊ ਨਹੀਂ । ਜੈਸੇ ਏਕ ਬੀਜ
ਤੇ ਪੰਚਾਂਗ ਬ੍ਰਿਛ ਹੋਤਾ ਹੈ ਤੈਸੇ ਪੰਚ ਤਤ
ਜਗਤ ਕਾ ਬੀਜ ਮਨ ਹੈ । ਗ੍ਯਾਨੀ ਕਾ
ਸਰੀਰ ਦਗਧ ਪਟ ਵਤ ਭਾਸੇ ਹੈ । ਕਹੈ

Digitized by Panjab Digital Library | www.panjabdigilib.org

ਮੇਰਾ, ਮੈਂ ਦੇਹ ਇੰਦ੍ਰੀ ਪ੍ਰਾਣ ਮਨ; ਜੀਵ ਮੇਰਾ ਦੁਖੀ ਹੈ ਤਾਂ ਜੀਵ ਕਾ ਸਾਖੀ ਜਾਨ ਮੈਂ ਜੀਵ ਨਹੀਂ। ਕਹੈ ਕਹਾਂ ਮੇਰਾ ਜੀਵ ਹੈ ਮੈਂ ਜੀਵ ਨਹੀਂ। ਆਤਮਾ ਸਾਖੀ ਜਾਨੈ ਸਦਾ ਸੰਸਾਰ ਤੇ ਉਪਰਤ ਰਹੈ। ਸਿਧਾਂਤ ਮੈਂ ਆਤਮਾ ਸ੍ਰੂਪ ਹੌਂ, ਅੰਤਾਕਰਣ ਰੂਪੀ ਜਲ ਹੈ। ਸੂਰਜ ਰੂਪੀ ਆਤਮਾ ਹੈ। ਤਿਸਕਾ ਭਾਸ ਜਲ ਮੇ ਪੜਾ ਸੋ ਜੀਵ ਹੈ ਮਾਇਆ ਰੂਪੀ ਪਵਨ ਹੁਲਾਵਤੀ ਹੈ। ਸਰਪ ਝੋਲੀ ਮਹਿ ਆਨ ਪੜਾ, ਤਿਸ ਕੋ ਤਯਾਗਨੇ ਕਾ ਜਤਨ ਕਰੈ ਤੈਸੇ ਮਾਯਾ ਕੋ ਤਯਾਗ ਕਰ ਇਸਕੀ ਉਤਪਤ ਨਹੀਂ ਖੋਜਨਾ। ਸਤਕੀ ਨਯਾਈ ਅਸਤ ਹੈ॥ ਜੇ ਸਤ ਕਹੌ ਤੋ ਅਸਤ ਕਾ ਭਾਵ ਕੈਸੇ ਹੋਵੈ। ਅਸਤ ਕਹੌ ਤੋ

Digitized by Panjab Digital Library | www.panjabdigilib.org

ਆਤਮਾ ਅਸਤ ਕਹੈ । ਤਊ ਆਤਮਾ ਜੀਵ ਕੈਸੇ ਹੋਵੈ ਜੀਵ ਤੋ ਸਤ ਬ੍ਰਹਮ ਹੈ ਜੀਵਤਾ ਮੇਟਕੈ । ਜੀਵਤਾ ਉਪਾਧ ਜਿਸ ਮੈਂ ਪਰੀ ਹੈ; ਜੋ ਸਿੰਘ ਰੂਪੀ ਮਨ ਨ੍ਰਿਬਾਸਨ ਭਯੋ ਤੋ ਬਿਖੈ ਕੇ ਰਾਜ ਦੇਖ ਚੁਪ ਰਹੈ । ਜੇਕਰ ਰੂਪੀ ਨ ਤਿਆਗੈ ਤਾ ਕਛੂ ਨਹੀਂ ਜਾਣ ਜੋ ਮਨ ਨ੍ਰਿਬਾਸਨ ਹੂਆ ਤੋ ਭੀ ਮਨ ਕਾ ਭੈ ਰਾਖੈ ਜੋ ਮਨ ਨ੍ਰਿਰਬਾਸ ਨਾ ਹੋਵ ਤੋ ਵਿਖੈ ਰੂਪੀ ਰਾਜ ਸੇਵਾ ਕਰੈ । ਜੈਸੇ ਪੁਰਖ ਕੋ ਸੁਪਨੇ ਫੁਰਨਾ ਹੂਆ ਰਾਗ ਸੁਣੀਐ ਸੋ ਆਪ ਰਾਗ ਗਾਵਣੇ ਲਾਗੇ ਆਪੇ ਸੁਣੇ ਤੈਸੇ ਸੂਤੇ ਆਪ ਉਪਜਾਇ ਕੈ ਆਪੇ ਲੀਲਾ ਸ੍ਰਵਨ ਕਰਨੇ ਲਾਗਾ ਜੈਸੇ ਬਸਤੂ ਕੀ ਇਛਾ ਹੋਵ ਤੋ ਆਪ ਹੀ ਉਡਾਇ ਲੇਤਾ ਹੈ

Digitized by Panjab Digital Library | www.panjabdigilib.org

ਤੈਸੇ ਤਨ ਕੋ ਉਤਪਾਇ ਲੀਆ ਪੰਚ ਤਤ
ਉਪਜੇ ਜੈਸੇ ਅਗਨੀ ਤੈ ਧੂਮ੍ਰ ਸੁਭਾਵਕ
ਜੈਸੇ ਰਸਨਾ ਜਲਕੀ ਇੰਦ੍ਰੀ ਅਰ ਰਸ
ਤਿਸਕਾ ਜੀਵ ਅਰ ਜਲਕੋ ਰਸ ਲੇਤਾ ਹੈ
ਔਰ ਹੈ ਐਸੇ ਹੀ ਜੈਸੇ ਸੁਧ ਅਕਾਸ ਆਤਮਾ
ਜਲ ਤੈ ਬੁਦਬੁਦਾ ਉਪਜਿਆ ਤੈਸੇ ਅਕਾ-
ਸ ਹੂਆ ਜੈਸੇ ਆਕਾਸ ਤੈ ਵਾਯੂ, ਵਾਯ ਤੈ
ਬਾਦਰ ਬਾਦਰ ਤੈ ਤੇਜ ਉਪਜਤਾ ਬਿਜਲੀ ਵਤ
ਤੈ ਬਰਖਾ ਭਈ ਤੈ ਜਲ ਜਲ ਤੈ ਪ੍ਰਿਥੀ
ਬਰਫ ਵਤ ਇਸ ਬਿਧ ਸੋ ਪੰਚਤਤ ਉਪਜੈ,
ਆਤਮਾ ਸ੍ਰੂਪ ਹੈ ਜਲ ਵਤਾਸਰਾ (ਸ਼ਰੀਅਤ)
ਬਰਣ ਆਸ੍ਰਮ ਧਰਮ ਸੇਵਨਾ ੧ ਤਰੀਕਤ
ਹੋਰ ਛੂਠ, ਪੰਰਮੇਸ੍ਰ ਗਿਆਨ ਆਸਮਾਨਾਂ ਊਪਰ
ਹੈ॥ ੨ ॥ ਤਰਕੀਕਤ ਸਰਬ ਪਰਮੇਸ੍ਰ ਹੈ

Digitized by Panjab Digital Library | www.panjabdigilib.org

ਵਸੋਂ ਓਰ, ਮੈਂ ਬੰਦਾ ਹੋਂ ॥ ੩ ॥ ਮਾਰਫ਼ਤ ਏਕ ਪ੍ਰਸਿੱਧ ਸਾਰੇ ਜਾਨਤਾ ਅਨਲਹੱਕ ਹੋਂ ਆਪ ਹੱਕ ਹੋਂ ॥ ੪ ॥

ਇਤਿਸ੍ਰੀ ਸੁਧਰਮ ਮਾਰਗ ਗ੍ਰੰਥੇ
ਸਿਧਾਂਤ ਪ੍ਰਸ਼ਨੋਤਰਨਾਮਧਾਈ
ਸਮੋਂ ਧਿਆਇ ॥ ੨੨ ॥

—:o:—

## ਪਰਮ ਸਿਧਾਂਤ ਦਾ ਉਪਦੇਸ਼ ਸ੍ਰੀ ਮੁਖ ਪਾਤਿਸ਼ਾਹੀ ੧੦ ।

ਸ੍ਰੀ ਜਾਪਜੀ ਦਾ ਪਰਮ ਸਿਧਾਂਤ ਉਪਦੇਸ਼ ਦੁਆਦਸ਼ ਸਿੱਖੋਂ ਪ੍ਰਤਿ ਕੀਆ ਹੈ, ਤਿਨੋ ਕੇ ਨਾਮ ਵਰਣਨ ਕਰੇ ਹੈ, ਪ੍ਰਥਮੈਂ ਸ੍ਰੀ ਗੁਰੂ ਮਹਾਰਾਜ ਜੀ ਗੁਰੂ ਗੋਬਿੰਦ ਸਿੰਘ ਜੀ ਤਿਨਕੇ ਮੁਖਾਰਬਿੰਦ ਤੇ ਸ੍ਰੀ ਜਾਪ ਜੀ

Digitized by Panjab Digital Library | www.panjabdigilib.org

ਪ੍ਰਕਾਸ ਭਈ । ਅਨਭਵ ਅਕਾਲ ਸਹਾਇ
ਨਾਮ । ਮੁਕਤ ਸਿਧਾਂਤ ਜਿਨਕੋ ਉਪਦੇਸ਼
ਹੂਆ ਤਿਨ ਕੇ ਨਾਮ ਦਯਾ ਸਿੰਘ ਮੁਹਕਮ
ਸਿੰਘ ਸਾਹਬ ਸਿੰਘ ਧਰਮ ਸਿੰਘ ਹਿੰਮਤ
ਸਿੰਘ ॥ ੫ ॥ ਪ੍ਰਿਥਮਾ ਸਿੰਘ ਸਾਹਬ
ਸਿੰਘ ਮਾਨ ਸਿੰਘ ਜੀਵਨ ਸਿੰਘ ਨਿਹਾਲ
ਸਿੰਘ ਬੁਧ ਸਿੰਘ ਮੋਹਰ ਸਿੰਘ ਇਨ
ਦੁਆਦਸ ਕੋ ਪ੍ਰਥਮੈ ਸ੍ਰੀ ਜਾਪਜੀ ਕਾ
ਉਪਦੇਸ਼ ਹੂਆ ਹੈ । ਆਗੈ ਪੰਗਤੀ
ਪਰ ਪੰਗਤੀ ਉਪਦੇਸ਼ ਹੂਆ ਹੈ ਸਰਬ ਕਾ
ਬੀਜ ਮੰਤ੍ਰ । ਪਰ ਸਿਧਾਂਤ ਵਾਕ ਸ੍ਰੀ ਮੁਖ
ਕਹੇ ਜੀਵ ਕੇ ਮੁਕਤ ਅਰਥ ਤਾਂਤੇ ਬਾਬਾ
ਬਿੰਦ੍ਰਾ ਬਨ ਨਾਮ ਕੀਆ ਖਤਾਬ ਸਾਹਬ
ਸਿੰਘ ਰਾਖਯੋ ਗੁਰ ਪਗ਼ ਸਿੰਘ ਖਤਾਬ

ਸਰਬਤਾ ਸਿੰਘ ਰਾਖਣੇ ਹਜੂਰ ਮੈ, ਜਲ
ਜਾਪ ਮੈਂ ਲਗਾਣੇ ਵਾਲਾ ਤਾਂਤੇ ਸੰਗਤ ਸਿੰਘ
ਕੋ ਉਪਦੇਸ਼ ਹੂਆ ਤਾਂਤੇ ਕੌਰ ਸਿੰਘ ਤੇ ਰਣ
ਸਿੰਘ ਤੇ ਸੰਤ ਸਿੰਘ ਤੇ ਜੈਤਾ ਸਿੰਘ ਤੇ
ਮੇਹਰ ਸਿੰਘ ਇਹ ਪੰਗਤ ਸੈਣਾ ਸਿੰਘ ਰਾਮ
ਸਿੰਘ ਭੂਪ ਸਿੰਘ ਤੇ ਕੌਰ ਸਿੰਘ ਤੇ ਮਹਾ ਸਿੰਘ
ਕੋ ਉਪਦੇਸ਼ ਹੂਆ ਤਾਤੇ ਫਤੇ ਸਿੰਘ ਕੋ
ਉਪਦੇਸ ਤੇ ਵੀਰੂ ਸਿੰਘ ਕੋ ਜੈਮਲ ਸਿੰਘ
ਤੇ ਮੋਹਰ ਸਿੰਘ ਕੋ ਹੂਆ । ਫਤੇ ਸਿੰਘ
ਗਰਜਾ ਸਿੰਘ ਸੁਖਾ ਸਿੰਘ ਤੇ ਭਾਨਣ ਸਿੰਘ
ਇਤ ਬਿਧਸੇ ਪੰਕਤੀ ਹੂਈ ਹੈ। ਗਰਜਾ ਸਿੰਘ
ਤੇ ਮਾਨ ਸਿੰਘ । ਮਾਨ ਸਿੰਘ ਤੇ ਗੁਲਾਬ
ਸਿੰਘ ਤਾਂਤੇ ਮਹਾਨ ਹੂਏ ਤੀਨ ਸੈ ਨਿਰਮਲਾ
ਗੁਰੂ ਕੇ ਬਾਗ ਸੇ ਅੰਮ੍ਰਿਤਸਰ ਜੀ ਮੈਂ ਰਹੈ,

Digitized by Panjab Digital Library | www.panjabdigilib.org

ਆਦ ਗੁਰ ਮੁਕਤ ਸਥਾਨ ਮਾਨਕੈ ਤਿਤ ਮੈਂ ਸਾਤ ਸਾਧੂ ਕਾਂਸੀ ਕੋ ਗਏ, ਸਿਮ੍ਰਿਤ ਵੇਦਾਂਤ ਪੜਨੇ ਕਾਰਨ, ਤਹਾਂ ਤੇ ਪੜ੍ਹ ਕੇ ਆਏ ਸ੍ਰੀ ਅੰਮ੍ਰਿਤਸਰ ਵਿਸਥਿਤ ਭਏ ॥

ਤਿਨਕੇ ਨਾਮ ॥

ਸੁਬਰਾ ਨਾਮ ਗੁਰਦਿਤ ਸਿੰਘ ੧ ਬਿਲ੍ਹੂ ਰਾਣਾ ਨਾਮ ਗੁਰਦਿਤ ਸਿੰਘ ੧ ਪੰਡਿਤ ਚਟਸਾਲਾ ਤਿਸੀ ਨੈ ਥਾਪੀ ਹੈ ੨ ਗੁਰਦਿਤ ਸਿੰਘ ਕਾਲੀਆ ਸ੍ਰਿਸ਼ੂ ਪੰਡਿਤ ੩ ਮਾਨ ਸਿੰਘ ੪ ਜਿਰਖੁੱਲਾ ਮਾਨ ਸਿੰਘ ੫ ਸਾਹੀ ਸਿੰਘ ੬ ਦਰਗਾਹ ਸਿੰਘ ੭ ਇਹ ਸਾਤ ਭਾਰੀ ਪੰਡਿਤ ਹੂਏ ਹੈਂ ॥

[illegible] ਸਿੰਘ ੧ ਬਾਂਕਾ ਸਿੰਘ ੨ ਦਿਆਲ ਸਿੰਘ ੩ ਭਾਈ ਨਿਹਾਲ ਸਿੰਘ ੪ ਬਾਵਾ

Digitized by Panjab Digital Library | www.panjabdigilib.org

ਰਾਮ ਦਿਆਲ ਬੇਦੀ ਸਾਧ ਨਿਰਮਲਾ ਪ
ਜੀਵਣ ਸਿੰਘ ਈ ਉਹਾਂ ਸਾਧੂਓ ਕੇ ਮਾਤਾ
ਪ੍ਰਧਾਨ ਭੂਆ ਸਾਹਬ ਸਿੰਘ ਕੀ ਪ੍ਰੇਰਣਾਂ
ਕਰਕੇ ਬਰਨਾਲੇ ਮੈਂ ਲੈਗਈ ਸਰਬ
ਸਾਧੂਓ ਕੋ, ਤਿਨ ਕੀ ਤਿਸਨੈ ਬਹੁਤ
ਪ੍ਰਕਾਰ ਟਹਲ ਕਰੀ ਵਹੁ ਰਾਜੇ ਪਟਿਆਲੇ
ਵਾਲੇ ਆਲਾ ਸਿੰਘ ਦੀ ਪੋਤ੍ਰੀ ਥੀ ਸਰਦੂਲ
ਸਿੰਘ ਦੀ ਬੇਟੀ, ਅਮਰ ਸਿੰਘ ਦੀ ਭੈਹਣ
ਸਾਹਿਬ ਸਿੰਘ ਕੀ ਭੂਆ ਨਾਮ ਬੀਬੀ
ਪ੍ਰਧਾਨ ਸਾਹਿਬ ਰਾਮ ਕੌਰ ਕੀ ਪੋਤ ਬਹੂ
ਨੂਹ ਸਾਹਬ ਦਿਵਾਨ ਸਿੰਘ ਦੀ ਬਹੂ ਨੂਹ
ਸਾਹਬ ਅਨੂਪ ਸਿੰਘ ਜੀਕਾ ਮਹਲ ਤਿਸਨੈ
ਉਹਾ ਲੈਜਾਯ ਕਰ ਆਸਨ ਕਰਵਾਏ।
ਵਹੁ ਜੇਤਾ ਕਾਲ ਜੀਵਤੀ ਰਹੀ ਤੇਤਾ ਕਾਲ

Digitized by Panjab Digital Library | www.panjabdigilib.org

ਵੈ ਸਾਧੂ ਤਹਾਂ ਰਹੇ।ਜਬ ਵੈ ਪ੍ਰਲੋਕ ਹੋਗਈ
ਤਬ ਸਾਧੂ ਤਹਾਂ ਤੇ ਖਿੰਡ ਗਏ। ਤੀਨ ਸੈ
ਸਾਧੂ ਕੇ ਨਾਮ ਨਹੀ ਲਿਖੇ। ਬਡੇ ਮਹੰਤੋ
ਕੇ ਨਾਮ ਈਹਾਂ ਲਿਖੇ ਹੈ ਚਲਤ ਸਿੰਘ ਕੇ
ਰਾਜ ਮੈਂ ਖਿੰਡ ਗਏ। ਬਹੁਤ ਮਾਮਲਾਨੈਂ
ਮੈਂ ਗਏ ਹਰਦੁਆਰ ਮੈਂ ਦਰਬਾਰ ਸਿੰਘ
ਜੀ ਜਾਇ ਬਸੇ ਕੁਰਖੇਤ੍ਰ ਮੈ ਦੋਨੋ ਮਾਨ
ਸਿੰਘ ਤੇ ਮਾਹੀ ਸਿੰਘ। ਅਨੰਦ ਪੁਰ ਮੈਂ
ਜੀਵਣ ਸਿੰਘ ਕਪਾਲ ਮੋਚਨ ਮੈਂ ਗਾਜਾ
ਸਿੰਘ ਜੀ। ਸ੍ਰੀ ਅੰਮ੍ਰਿਤਸਰ ਮੈ ਕੌਰ ਸਿੰਘ
ਮਹੈਤ ਸਿੰਘ ਰਹਜੋ ਬਾਂਕਾ ਸਿੰਘ ਵਿਰਕੂ
ਪਾਂਚ ਪੁਜਾਰੀ ਤਨ ਕੀ ਰਖੈ ਭੂਰਹੀਸੈ।
ਦਿਆਲ ਸਿੰਘ ਸ੍ਰੀ ਅੰਮ੍ਰਿਤ ਸਰ ਜੀ।
ਨਿਹਾਲ ਸਿੰਘ ਸੈਣਾ ਸਿੰਘ ਦਰਬਾਰਾ ਸਿੰਘ

Digitized by Panjab Digital Library | www.panjabdigilib.org

ਵਰਯਾਮ ਸਿੰਘ ਬਾਘ ਸਿੰਘ ਬਹਾਉਲ
ਸਿੰਘ ਦਿਵਾਨ ਸਿੰਘ ਇਤਯਾਦਕ
ਸਾਧੂ ਬਹੁਤ ਅਸਥਾਨੇ ਜੋ ਜਿਤ ਗਾਏ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਨਿਰਮਲੇ ਪੰਥਪ੍ਰਣਾਲੀ ਨਾਮ
ਗੁਰਪ੍ਰਣਾਲੀ ਭੇਦ ਅਸਥਾਨ
ਨਾਮ ਇਸ ਬਿਤ ਵਰਨਨੈ
ਨਾਮ ਤੇਈਸਵੋਂ ਧਿਆਇ
॥ ੨੩ ॥ ਇਤਿ

—:o:—

Digitized by Panjab Digital Library | www.panjabdigilib.org

ਅਥ ਪ੍ਰਕਾਸ਼ ਗ੍ਰੰਥ ਵਰਨਣੰ ॥

ਇਸ ਸੁਧਰਮ ਮਾਰਗ ਗ੍ਰੰਥ ਮੈ ਜਿਤਨੇ ਪ੍ਰਦਾਰਥ ਹੈਂ ਪ੍ਰਥਮੈਂ ਗੁਰਪ੍ਰਣਾਲੀ ੧ ਗਿਆਨੀ ਸਿਧਕਰਣ ੨ ਅੰਮ੍ਰਿਤਛਕਾਵਣ ਬਿਧ ੩ ਪੰਚ ਸਿੰਘ ਆਦ ਸੰਪ੍ਰਹ ਸਿੰਘ ਨਾਮ ੪ ਧਰਮ ਨਿਰੂਪਣ ੫ ਰਹਤ ਪ੍ਰਤਿਪਾਦਨ ੬ ਗੁਰਦ੍ਵਾਰੇ ਉਪਮਾ ਸਨਾਨ ਫਲ ਸ੍ਰੀ ਅੰਮ੍ਰਿਤਸਰ ਆਦਿ ੭ ਤਨਖਾਹ ੮ ਪ੍ਰਸ਼ਾਦ ਛਕਾਵਣ ੯ ਇਸਨਾਨ ਵਿਧ ਮ੍ਰਿਤਕ ਵਿਧ੧੦ ਗ੍ਰਿਹਸਤੀ ਸਿੰਘ ਉਪਦੇਸ਼ ੧੧ ਰਾਜ ਨੀਤੀ ਭੂਪ ਸਿੰਘ ੧੨ ਅਕਾਲੀ ਭੇਦ ਧਰਮ ੧੩ ਨਿਹੰਗ ਧਰਮ ੧੪ ਨਿਰਮਲੇ ਧਰਮ ਪ੍ਰਤਿਪਾਦਨ ੧੫ ਬੇਦਾਂਤ ਪ੍ਰਬਾਦ ੧੬ ਪੰਚੀ ਕਰਣ

Digitized by Panjab Digital Library | www.panjabdigilib.org

੧੭ ਦੇਹ ਆਤਮ ਨਿਰਣੈ ੧੮ ਮੋਹ ਬਿਬੇਕ ਕਾ ਜੁਧ ੧੯ ਪ੍ਰਸ਼ਨੋਤ੍ਰ ੨੦ ਜੋਗ ਮਾਰਗ ੨੧ ਸਿਧਾਂਤ ਪ੍ਰਸ਼ਨੋਤ੍ਰ ੨੨ ਨਿਰਮਲੇ ਗੁਰਪੰਗਤੀ ੨੩ ਪ੍ਰਕਾਸ਼ ਗ੍ਰੰਥ ੨੪ ॥

ਇਸ ਸੁਧਰਮ ਮਾਰਗ ਗ੍ਰੰਥ ਕੋ ਸੁਨੈ ਔ ਸੁਨਾਵੇ, ਸੁਣਕੇ ਧਾਰਨਾਂ ਕਰੇ। ਤਿਸਕੋ ਲੋਕ ਪ੍ਰਲੋਕ ਮੈਂ ਗਤਿ। ਭੈ ਕਦੇ ਨਾ ਹੋਵੇਗਾ। ਅਪਨੇ ਧਰਮ ਕੋ ਪਾਲਨਾ-ਐਸਾ ਧਰਮ ਕੋਊ ਨਹੀਂ ਸ੍ਰੀ ਗੁਰੂ ਜੀ ਨੇ ਅਪਨੇ ਮੁਖਾਰ ਬਿੰਦ ਤੇ ਕਹਾ ਹੈ ॥

ਇਤਿ ਸ੍ਰੀ ਸੁਧਰਮ ਮਾਰਗ ਗ੍ਰੰਥੇ
ਸਰਬ ਭੇਦ ਨਿਰੂਪਨ ਮੋਖ ਪ੍ਰਕਾਸ਼
ਧਰਮ ਨਿਰਣੈ ਚਵੀਸਮੋਂ
ਧਿਆਇ ॥ ੨੪ ॥

Digitized by Panjab Digital Library | www.panjabdigilib.org

# ਅੰਤਮ ਬਿਨੈ

ਇਸ ਗ੍ਰੰਥ ਦੇ ਉਤਾਰਾ ਸਮਾਪਤੀ ਅਤੇ ਪ੍ਰਸਤਾਵਨਾ ਲਿਖੀ ਜਾਨ ਉਪ੍ਰੰਤ ਦੀ ਅਸਾਡੀ ਖੋਜ ਦਾ ਇਹ ਸਿੱਟਾ ਨਿਕਲਿਆ ਕਿ ਇਹ ਉਹ ਗੋਸ੍ਟ ਹੈ ਜਿਸਦੇ ਵਿਚਲੀ ਛਾਂਟ ਸਾਰ ਮਾਤ੍ਰ ਤੇ ਭਾਈ ਦਯਾ ਸਿੰਘ ਜੀ ਦਾ ਰਹਤਨਾਮਾ ਨਾਮ ਤੇ ਆਮ ਪ੍ਰਚਲਤ ਹੈ! ਸਰਬਾਂਗ ਰੂਪ ਵਿਚ ਇਸਨੂੰ ਛਪਨ ਦਾ ਅਜੇ ਤੱਕ ਅਉਸਰ ਪ੍ਰਾਪਤ ਨਹੀਂ ਸੀ ਹੋਯਾ। ਤੇ ਇਹ ਪਹਿਲਾ ਹੀ ਸਮਾਂ ਹੈ ਜੋ ਸਿਖ ਪਬਲਿਕ ਦੇ ਹੱਥਾਂ ਵਿਚ ਇਸ ਦੇ ਪੁਚੌਣ ਦਾ ਸਾਨੂੰ ਸੁਭਾਗ ਹਾਸਲ ਹੋਯਾ॥ ਇਹ ਗੱਲ ਦਾਹਵੇ ਨਾਲ ਆਖਨੋਂ ਅਸੀਂ ਨਹੀਂ ਰੁਕ ਸਕਦੇ ਕਿ ਇਸਦਾ ਇਕੇਰਾਂ ਵਿਚਾਰਨਾਂ ਹੀ ਸਾਨੂੰ ਸਚੀ ਸਿੱਖੀ ਦੇ ਸੱਚੇ ਵਿਚ ਢਾਲਨ ਵਾਲਾ ਹੈ। ਤੇ ਜਿਤਨੇ ਹੋਰ ਰੈਹਤ ਨਾਮੇ ਹਨ ਸਭ ਓਸੇ ਤਰਾਂ ਹੀ ਇਸਦੇ ਪਸਚਾਤੀ ਹਨ ਜੀਕੂੰ ਸਾਖਯਾਤ ਭਾਈ ਦਯਾ ਸਿੰਘ ਜੀ ਦੇ ਪਸਚਾਤੀ ਉਨ੍ਹਾਂ ਦੇ ਦੂਸਰੇ ਸਾਥੀ ਪਯਾਰੇ॥

ਅਧਿਕ ਕੀਹ ਕਹੀਏ ਇਸਦੇ ਪਾਠ ਤੋਂ ਪਾਠਕਾਂ ਨੂੰ ਪਤਾ ਲਗ ਜਾਵੇਗਾ ਕਿ ਅਸਾਡੇ ਗੁਰਮਤ ਸਿਧਾਂਤ ਸਾਹਿ-ਤਯ ਭੰਡਾਰ ਵਿਖੇ ਇਹ ਕੇਸਾ ਅਮੋਲਕ ਰਤਨ ਰੂਪ ਗ੍ਰੰਥ ਹੈ॥

ਇਸਦਾ ਉਤਾਰਾ ਸੰਮਤ ੧੯੧੫ ਬਿ: ਮਾਘ ਦਿਨ ੧ ਵਾਰ ਮੰਗਲ ਨੂੰ ਲਿਖੇ ਗ੍ਰੰਥ ਦੇ ਉਤਾਰੇ ਤੋਂ ਅੱਜ ਸੰਮਤ

Digitized by Panjab Digital Library | www.panjabdigilib.org

੧੯੮੦ ਬਿ: ਚੇਤ੍ਰ ੨੫ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਭਾਗੇ ਅਵਤਾਰ ਦਿਨ ਨੂੰ ਸ੍ਰੀ ਤਰਨ ਤਾਰਨ ਵਿਖੇ ਸਮਾਪਤ ਹੋਇਆ ਜਦਕਿ ਵਦੀ ਭੀ ਸੱਤ ਤੇ ਸੱਤ ਹੀ ਅਪ੍ਰੈਲ (੧੯੨੩ ਈ) ਦਾ ਦਿਹਾੜਾ ਹੈ। ਇਸ ਕਾਰਣ 'ਸੱਤ ਗੁਰਾਂ ਕੀ ਮੱਤ' ਵਾਲੀ ਲੌਕਿਕ ਉਕਤੀ ਦ੍ਵਾਰੇ, ਅਸੀਂ ਨਿਸਚਾ ਕਰਦੇ ਹਾਂ ਕਿ 'ਸੱਤ ਹੀ ਗੁਰਾਂ ਦੀ ਮੱਤ ਰੂਪ ਇਹ ਗ੍ਰੰਥ ਹੈ ਤੇ ਸਾਨੂੰ ਸੱਚ ਹੀ ਮੱਤ ਪ੍ਰਦਾਤਾ ਹੋਕੇ ਇਹ ਸਾਡੇ ਸ੍ਵੈ ਧਰਮ (ਗੁਰਮਤ) ਦਾ ਮਾਰਗ ਅਸਾਂ ਨੂੰ ਦਿਖਾਵੇਗਾ'। ਆਸ ਹੈ ਜੋ ਸਮੂਹ ਗੁਰਸਿਖਾਂ ਦੇ ਅਵਸ਼ਯ ਪਿਆਰ ਦਾ ਪਾਤ੍ਰ ਇਹ ਜਰੂਰ ਹੋਵਗਾ ਤੇ ਹਰ ਤ੍ਰਰਾਂ ਨਾਲ ਅਸਾਡਾ ਲਾਭ ਦਾਤਾ॥

ਮੈਂ ਹਾਂ:—

ਗੁਰਸਿੱਖਾ ਦਾ ਸ਼ੁਭ ਅਭਿਲਾਖੀ
ਮਿਤ ਸੰਪੂਰਨ ਸਿੰਘ.

Digitized by Panjab Digital Library | www.panjabdigilib.org

# ਅੰਤਿਮ ਸਿਖ ਬਾਦਸ਼ਾਹ

ਅਥਵਾ

# ਮਹਾਰਾਜਾ ਦਲੀਪ ਸਿੰਘ

ਹਾਂ ਜੀ ! ਪੰਜਾਬ ਦੇ ਅੰਤਿਮ ਸਿਖ ਬਾਦਸ਼ਾਹ ਯਾਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਪੁਤ 'ਦਲੀਪ ਸਿੰਘ' ਦਾ ਹਾਲ ਪੜ੍ਹਕੇ ਤੁਸੀ ਜ਼ਰੂਰ ਹੀ ਰੋਵੋਗੇ । ਵਿਸਾਹ ਘਾਤੀ ਸਰਦਾਰਾਂ ਦੀਆਂ ਸੁਾਰਥੀ ਚਾਲਾਂ ਦੇ ਕਾਰਣ ਕਿਸਤਰਾਂ ਓਸ ਨਾਬਾਲਗ ਮਹਾਰਾਜੇ ਦਾ ਰਾਜ ਅੰਗਰੇਜ਼ਾਂ ਨੇ ਸਾਂਭਿਆ ਤੇ ਉਸ ਨੂ ਧਰਮ ਤੋਂ ਪਤਿਤ ਕਰਕੇ ਵਿਲਾਯਤ ਭੇਜਿਆ ਤੇ ਮੁੜਕੇ ਹਿੰਦੁਸਤਾਨ ਵਿਚ ਆਉਣ ਹੀ ਨਾਂ ਦਿਤਾ । ਓਹ ਵਿਚਾਰਾ ਆਪਣੇ ਰਾਜ ਤੇ ਦੇਸ ਨੂ ਤਰਸਦਾ ੨ ਛੇਕੜੇ ੧੮੯੩ [illegible] ਵਿਚ ਮਰ ਗਿਆ, ਆਦਿਕ ਹਾਲ ਪੜ੍ਹਕੇ ਤੁਸੀਂ ਜ਼ਰੂਰ ਰੋਵੋਗੇ । ਮਹਾਰਾਣੀਂ ਜਿੰਦਾਂ, ਮੁਲਤਾਨ ਦਾ ਗਦਰ ਤੇ ਸਿਖਾਂ ਦੀਆਂ ਲੜਾਈਆਂ ਦੇ ਪੂਰੇ ੨ ਤੇ ਸਚੇ ਸਚੇ ਹਾਲ ਇਸ ਕਿਤਾਬ ਵਿਚ ਨਿਰਭੈ ਲਿਖੇ ਗਏ ਹਨ । ਪੰਜਾਬੀ ਵਿਚ ਆਪਣੇ ਨਮੂਨੇ ਦੀ ਇਹ ਪੈਹਲੀ ਪੋਥੀ ਹੈ, ਜਿਸ ਨੇ ਇਹ ਪੋਥੀ ਨਹੀਂ ਪੜ੍ਹੀ ਉਸਨੇ ਜਾਣੋ ਕੁਝ ਪੜ੍ਹਿਆ ਹੀ ਨਹੀਂ ਸਫੇ ੨੮੮ ਹੋਣ ਤੇ ਵੀ ਮੁਲ ਜਿਲਦ ਬਿਨਾ ੧॥) ਤੇ ਕਪੜੇ ਦੀ ਜਿਲਦ ਵਾਲੀ ਦਾ ੨) ਹੈ। ਡਾਕ ਖਰਚ ।=) ਆਨੇ ਵਖਰਾ ਹੈ।

## ਭਾਈ ਰਲਾ ਸਿੰਘ ਐਂਡ ਸਨਜ਼

ਪੁਸਤਕਾਂ ਛਾਪਣ ਤੇ ਵੇਚਣ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-8315

Digitized by Panjab Digital Library | www.panjabdigilib.org



Digitized by Panjab Digital Library | www.panjabdigilib.org